# ਵਰਿਆਮ

੩੧ਵਾਂ ਸਾਲ ਦਸੰਬਰ, ੨੦੦੫

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ॥
ਬਿਖੁ ਫੁਲ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ॥
ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ॥
ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ॥
ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ॥
ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ॥

ਆਸਾ ਮਹਲਾ ੧ ਛੰਤ ਘਰੁ ੩

Namdhari Elibrary NamdhariElibrary@gmail.com



ਓਲੰਪੀਅਨ ਹਰਪਾਲ ਸਿੰਘ ਹਾਕੀ ਵਾਲਾ : ਲੇਖ ਪੰਨਾ ੯ ਤੇ ਪੜੋ



ਹਰਪਾਲ ਸਿੰਘ ਆਪਣੇ ਪਿਤਾ ਸੂਬਾ ਬਲਕਾਰ ਸਿੰਘ ਨਾਲ

Namdhari Elibrary NamdhariElibrary@gmail.com

੧ੴ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀ

# ਲੱਖ-ਲੱਖ ਵਧਾਈ



# CONGRATULATIONS

**ON BLISSFUL AUSPICIOUS PARKASH DIWAS OF :**

## *H. H. SHRI SATGURU JAGJIT SINGH JEE*

**From :**

***SURJEET SINGH JEET***

**H.H. Shri Satguru Jagjit Singh Ji Library**

***36 Margery Park Road, Forest Gate, London E7 9JY***

ਵੱਲੋਂ :

*ਸੁਰਜੀਤ ਸਿੰਘ ਜੀਤ*

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਲਾਇਬ੍ਰੇਰੀ ਤੇ ਸੱਚ ਸੈਂਟਰ *(ਯੂ.ਕੇ.)*



Namdhari Elibrary NamdhariElibrary@gmail.com

Oster®

REGD. TRADE MARK No. 491851

***SHIRTS***

**CARDIGANS • PULLOVERS**

**TITLIS**

**(U.K.)**

**LUXURY SHAWLS • BLANKETS**

**BED SHEETS • BED LINEN**

TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com


Namdhari Elibrary NamdhariElibrary@gmail.com

# ਵਰਿਆਮ

**ਦਸੰਬਰ -੨੦੦੫**

**ਜਿਲਦ-੩੧**

**ਅੰਕ- ੨**


**ਸੰਪਾਦਕ**
**ਜਗਦੀਸ਼ ਸਿੰਘ 'ਵਰਿਆਮ'**

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

ਫੋਨ-ਦਫਤਰ : ੨੨੨੨੫੪੩
ਘਰ : ੨੪੫੬੨੮੯

Office Address :
Monthly WARIAM
Ladowali Road.
Opp. Central Town,
Jalandhar-144001
Ph. : 2222543 (O)
2456289 (R)


**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੬੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ ਅਮਰੀਕੀ |

ਹਵਾਈ ਡਾਕ ਰਾਹੀਂ
ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ ---------------------------------- ੪
ਗੁਰੂ ਨਾਨਕ —*ਗੁਰਬਚਨ ਸਿੰਘ ਨਾਮਧਾਰੀ* ----- ੬
ਓਲੰਪੀਅਨ ਹਰਪਾਲ ਸਿੰਘ
— *ਜਗਦੀਸ਼ ਸਿੰਘ ਵਰਿਆਮ* ------ ੯
"ਸਤਿਗੁਰੂ ਬਿਲਾਸ" ਭਾਗ ਦੂਜਾ—ਇਕ ਸਮੀਖਿਆ
—*ਸੁਵਰਨ ਸਿੰਘ ਵਿਰਕ* ---------------- ੧੩
ਰਿਸ਼ਤੇ-ਨਾਤੇ ਅਤੇ ਸਬੰਧ
—*ਮਹਿਮਾ ਸਿੰਘ ਹਲਵਾਰਵੀ* ------ ੨੬
ਗ਼ਜ਼ਲ —*ਅਮਰਜੀਤ ਸਿੰਘ ਸੰਧੂ* ------------ ੨੭
੬੦ਵੇਂ ਸਾਲ ਦਾ ਹਾਲ —*ਸਾਧੂ ਦੈਯਾ ਸਿੰਘ ਆਰਫ਼* ੨੭
ਮਹਾਨ ਬਾਲ ਸ਼ਹੀਦ— ਕਾਕਾ ਬਿਸ਼ਨ ਸਿੰਘ
—*ਪ੍ਰਿੰ. ਕਰਤਾਰ ਸਿਘ ਕਾਲੜਾ* ------ ੨੮
ਗ਼ਜ਼ਲ —*ਪ੍ਰਿੰ. ਕਰਤਾਰ ਸਿਘ ਕਾਲੜਾ* ------ ੨੮
ਗ਼ਜ਼ਲ —*ਗੁਰਦਿਆਲ ਸਿੰਘ ਢਿਲੋਂ ਪ੍ਰੀਤ* ---- ੨੮
ਦੋ ਵੇਰ ਭੁਚਾਲ —*ਗੁਰਦਿਆਲ ਸਿੰਘ ਢਿੱਲੋਂ ਪ੍ਰੀਤ* - ੨੯
ਰੁਬਾਈਆਂ —*ਨਵਰਾਹੀ ਘੁਗਿਆਣਵੀ* ------- ੨੯
ਯਾਦਾਂ— ਕੁਝ ਮਿੱਠੀਆਂ, ਕੁਝ ਖੱਟੀਆਂ
—*ਸੁਰਿੰਦਰ ਸਿੰਘ ਜੌਹਰ* ------------ ੩੦
ਨਿਸ਼ਕਾਮ ਸੇਵਕ ਦਾ ਅਵਸਾਨ
—*ਗੁਰਬਚਨ ਸਿੰਘ ਨਾਮਧਾਰੀ* --------- ੩੩
ਖ਼ਬਰਨਾਮਾ ---------------------------------- ੩੫
ਪ੍ਰਤੀਕਿਰਿਆ -------------------------------- ੩੯


ਪੜਿਆ ਹੋਵੈ ਗੁਨਹਗਾਰ ਤਾ ਓਮੀ ਸਾਧੁ ਨ ਮਾਰੀਐ॥
ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥
ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥
ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥
ਮੁਹਿ ਚਲੈ ਸੁ ਅਗੈ ਮਾਰੀਐ॥

—ਗੁਰੂ ਨਾਨਕ




Namdhari Elibrary NamdhariElibrary@gmail.com

ਸੰਪਾਦਕੀ ਨੋਟ —

## ਅਮ੍ਰਿਤਾ ਪ੍ਰੀਤਮ

ਪੰਜਾਬੀ ਦੀ ਜਗਤ ਪ੍ਰਸਿਧ ਸਾਹਿਤਕਾਰ ਅਮ੍ਰਿਤਾ ਪ੍ਰੀਤਮ ਸਦੀਵੀ ਵਿਛੋੜਾ ਦੇ ਗਏ ਹਨ। ਅਮ੍ਰਿਤਾ ਪ੍ਰੀਤਮ ਕਵਿਤਰੀ ਦੇ ਤੌਰ ਤੇ ਪ੍ਰਸਿੱਧ ਹੋਏ। ਖਾਸ ਕਰ ਕੇ ਹੀਰ ਦੇ ਲੇਖਕ ਵਾਰਸ ਸ਼ਾਹ ਨੂੰ ਸੰਬੋਧਿਤ ਉਹਨਾਂ ਦੀ ਕਵਿਤਾ "ਅਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ" ਨੇ ਤਾਂ ਪੂਰਬੀ ਤੇ ਪਛਮੀ ਪੰਜਾਬ ਦੇ ਲੋਕਾਂ ਨੂੰ ਕੀਲ ਲਿਆ। ਸਾਰੀ ਦੁਨੀਆਂ ਵਿਚ ਵਸਦੇ ਸਾਹਿਤ ਪ੍ਰੇਮੀ ਪੰਜਾਬੀਆਂ ਦੇ ਮਨਾਂ ਵਿਚ ਅਮ੍ਰਿਤਾ ਪ੍ਰੀਤਮ ਦਾ ਸਤਿਕਾਰਤ ਥਾਂ ਸੀ। ਉਹਨਾਂ ਨੇ ਨਾਵਲ ਕਹਾਣੀਆਂ ਵੀ ਲਿਖੀਆਂ ਪਰ ਪਰਸਿਧੀ ਕਵਿਤਰੀ ਵਜੋਂ ਹੀ ਮਿਲੀ। ਉਹਨਾਂ ਵਲੋਂ ਚਲਾਇਆ ਜਾਂਦਾ ਮਾਸਕ ਪਰਚਾ ਨਾਗਮਣੀ ਵੀ ਸਾਹਿਤਕ ਹਲਕਿਆਂ ਵਿਚ ਬਹੁਤ ਪਰਸਿਧ ਹੋਇਆ ਅਤੇ ਬਹੁਤ ਸਾਰੇ ਨਵੇਂ ਤੇ ਉਭਰਦੇ ਲੇਖਕ ਇਸ ਪਰਚੇ ਰਾਹੀਂ ਸਫਲਤਾ ਦੀਆਂ ਪੌੜੀਆਂ ਚੜ੍ਹੇ। ਜੱਸ, ਮਾਨ ਸਨਮਾਨ ਅਤੇ ਵਡੇ ਵਡੇ ਰਾਸ਼ਟਰੀ ਅਤੇ ਅੰਤਰਾਸ਼ਟਰੀ ਇਨਾਮ ਅੰਮ੍ਰਿਤਾ ਪ੍ਰੀਤਮ ਦੀ ਝੋਲੀ ਵਿਚ ਡਿੱਗੇ।

ਜ਼ਾਤੀ ਜ਼ਿੰਦਗੀ ਵਿਚ ਉਹ ਕਿਸੇ ਰਾਮਕਾਰ ਨੂੰ ਪਸੰਦ ਨਹੀਂ ਸੀ ਕਰਦੇ। ਇਸੇ ਕਰਕੇ ਉਹ ਆਪਣੇ ਪਤੀ ਪ੍ਰੀਤਮ ਸਿੰਘ ਕਵਾਤੜਾਂ ਤੋਂ ਵਖ ਹੋ ਗਏ ਭਾਵੇਂ ਆਪਣੇ ਨਾਮ ਨਾਲ ਪ੍ਰੀਤਮ ਸ਼ਬਦ ਤਖਲਸ ਵਜੋਂ ਵਰਤਿਆ। ਧਾਰਮਕ, ਸਮਾਜਕ ਮਾਣ ਮਰਿਯਾਦਾਵਾਂ ਨੂੰ ਤੋੜਣ ਵਿਚ ਉਹਨਾਂ ਜਸ-ਅਪਜੱਸ ਖਟਿਆ। ਆਪਣੇ ਪ੍ਰੇਮ ਸੰਬੰਧਾਂ ਨੂੰ ਵੀ ਉਹਨਾਂ ਆਪਣੀ ਸਵੈ ਜੀਵਨੀ ਵਿਚ ਦਲੇਰੀ ਨਾਲ ਸਵੀਕਾਰਿਆ। ਇਥੋਂ ਤਕ ਕੇ ਸ਼ਾਇਰ ਸਾਹਿਰ ਲੁਧਿਆਣਵੀ ਪ੍ਰਤੀ ਪ੍ਰੇਮ ਭਾਵਨਾ ਅਤੇ ਉਸ ਦੀਆਂ ਜੂਠੀਆਂ ਸਿਗਰਟਾਂ ਪੀਣ ਦਾ ਇਹਤਰਾਫ ਵੀ ਕੀਤਾ। ਧਾਰਮਕ ਗੁਰੂ ਰੀਤਾਂ ਅਤੇ ਸ਼ਖਸੀਅਤਾਂ ਉਤੇ ਹਮਲੇ ਕਰਣ ਤੇ ਵੀ ਅਮ੍ਰਿਤਾ ਪ੍ਰੀਤਮ ਨੇ ਫਖ਼ਰ ਮਹਿਸੂਸ ਕੀਤਾ। ਇਸ ਕਰ ਕੇ ਵਿਵਾਦਾਂ ਵਿਚ ਵੀ ਉਹ ਘਿਰੇ ਰਹੇ ਪਰ ਕਰੋਪੀ ਤੋਂ ਅਣਗੋਲੇ ਰਹੇ। ਪਰ ਪੰਜਾਬੀ ਬੋਲੀ ਅਤੇ ਸਾਹਿਤ ਵਾਸਤੇ ਦੁਨੀਆਂ ਦੀ ਦਿਲਚਸਪੀ ਪੈਦਾ ਕਰਨ ਲਈ ਉਹ ਯਾਦ ਰਹਿਣਗੇ।

## ਵਾਲਕਰ ਰਿਪੋਰਟ

ਅੱਜ ਕਲ ਵਾਲਕਰ ਰਿਪੋਰਟ ਦਾ ਬਹੁਤ ਚਰਚਾ ਚਲ ਰਿਹਾ ਹੈ ਅਖਬਾਰਾਂ ਵਿਚ ਤੇ ਪਾਰਲੀਮੈਂਟ ਵਿਚ ਵੀ। ਸਰਕਾਰ ਅਤੇ ਕਾਂਗਰਸ ਪਾਰਟੀ ਵੀ ਭਾਰੀ ਨੁਕਤਾਚੀਨਾ ਅਤੇ ਦੋਸ਼ਾਂ ਦੀ ਗੋਲਾਬਾਰੀ ਹੇਠ ਹੈ। ਅਸੀਂ ਸਮਝਦੇ ਹਾਂ ਕਿ ਸਰਕਾਰ, ਪਾਰਟੀਆਂ ਅਤੇ ਇਸ ਦੇ ਲੀਡਰਾਂ ਦਾ ਅਕਸ ਬਹੁਤ ਸਾਫ ਹੋਣਾ ਚਾਹੀਦਾ ਹੈ। ਸਰਕਾਰ ਨੇ ਕਮੇਟੀਆਂ ਨਿਯੁਕਤ ਕੀਤੀਆਂ ਹਨ ਆਸ ਕਰਨੀ ਚਾਹੀਦੀ ਹੈ ਕਿ ਸੱਚ ਝੂਠ ਸ਼ਾਇਦ ਨਿਤਰ ਹੀ ਆਵੇ।

ਇਕ ਸੰਦੇਹ ਸਾਡੇ ਮਨ ਵਿਚ ਹੈ। ਇਹ ਮਾਮਲਾ ਈਰਾਕ ਅਤੇ ਉਸ ਦੇ ਗਦੀਓਂ ਲਾਹੇ ਸਦਰ ਸੁਦਾਮ ਹੁਸੈਨ ਨਾਲ ਜੁੜਿਆ ਹੈ। ਅਮਰੀਕਾ ਨੇ ਜ਼ੋਰ ਜਬਰ ਕਰ ਕੇ, ਹਮਲਾ ਕਰ ਕੇ ਸੁਦਾਮ ਨੂੰ ਗਦੀਓਂ ਲਾਹਿਆ ਹੈ ਅਤੇ ਬਹੁਤ ਦੇਰ ਤੋਂ ਸਦਾਮ ਅਮਰੀਕੀ ਹਾਕਮਾਂ ਦੀ ਹਿੱਕ ਦਾ ਫੋੜਾ ਬਣਿਆ ਹੋਇਆ ਹੈ। ਹਰ ਆਨੇ ਬਹਾਨੇ ਅਮਰੀਕਾ ਦਾ ਜ਼ੋਰ ਸਦਾਮ ਨੂੰ ਬਦਨਾਮ ਤੇ ਨੇਸਤੋ ਨਾਬੂਦ ਕਰਨ ਤੇ ਲਗਾ ਹੋਇਆ ਹੈ। ਅਜਿਹੀ ਹਾਲਤ ਵਿਚ ਕਿਸੇ ਅਮਰੀਕੀ ਅਧਿਕਾਰੀ ਵਲੋਂ ਸਦਾਮ ਵਿਰੁਧ ਰਿਪੋਰਟ ਅਤੇ ਉਸ ਵਿਚ ਹੋਰਨਾਂ ਨੂੰ ਲਪੇਟਨਾ, ਸੰਦੇਹ ਜ਼ਰੂਰ ਪੈਦਾ ਕਰਦਾ ਹੈ।

# ਪਾਪੇ ਦਾ ਵਰਤਿਆ ਵਰਤਾਰਾ

ਸਮਾਜ ਵਿਚ ਕੁਝ ਕਿੱਤੇ (ਵਿਵਸਾਏ, ਪਰੋਫੈਸ਼ਨ) ਅਜਿਹੇ ਹਨ ਜਿਹੜੇ ਬਹੁਤ ਸੱਚੇ, ਸੁੱਚੇ ਅਤੇ ਉਚੇ ਸਮਝੇ ਜਾਂਦੇ ਹਨ। ਇਹ ਹੈਨ ਵੀ ਬਹੁਤ ਮਹੱਤਵ ਪੂਰਨ ਸਤਿਕਾਰ ਯੋਗ ਅਤੇ ਕਮਾਈ ਵਾਲੇ।

ਡਾਕਟਰੀ ਦੇ ਪੇਸ਼ੇ ਵਾਸਤੇ ਨੌਜਵਾਨਾਂ ਵਿਚ ਬਹੁਤ ਕਰੇਜ਼ ਰਹੀ ਹੈ। ਜੁਗਾਂ ਤੋਂ ਇਸ ਪੇਸ਼ੇ ਵਾਸਤੇ ਲੋਕ ਮਨਾਂ ਵਿਚ ਬਹੁਤ ਇਜ਼ਤ ਹੈ। ਡਾਕਟਰ ਹਕੀਮ, ਵੈਦ ਆਦਿਕ ਨੂੰ ਰੱਬ ਤੋਂ ਉਰੇ ਮੰਨਿਆ ਗਿਆ ਹੈ, ਲਗ ਪਗ ਅਵਤਾਰਾਂ ਦੀ ਸ਼੍ਰੇਣੀ ਵਿਚ। ਹਕੀਮ ਲੁਕਮਾਨ ਇਕ ਵਿਆਪਕ ਨਾਮ ਹੈ। ਵੈਦ ਧਨਵੰਤਰੀ ਦਾ ਨਾਮ ਤਾਂ ਦਸਮ ਗ੍ਰੰਥ ਵਿਚ ਚੌਬੀਸ ਅਵਤਾਰਾਂ ਵਿਚ ਵੀ ਦਰਜ ਹੈ। ਹੁਣ ਵੀ ਡਾਕਟਰ ਪੱਦ ਇਜ਼ਤ ਸਤਿਕਾਰ ਦਾ ਲਖਾਇਕ ਹੈ। ਲੋਕਾਂ ਨੂੰ ਨਵੀਂ ਜ਼ਿੰਦਗੀ, ਜੀਵਨ ਦਾਨ ਦੇਣ ਵਾਲਾ। ਜੀਵਾਂ ਦੀ ਸੇਵਾ ਵਾਸਤੇ ਇਹ ਵਰਗ ਸਦਾ ਸਮਰਪਿਤ ਰਿਹਾ ਹੈ। ਲੋਕਾਂ ਨੂੰ ਮੌਤ ਦੇ ਮੂੰਹ ਚੋਂ ਬਚਾਉਣ ਵਾਲਾ ਅਤੇ ਜੀਅ ਦਾਨ ਦੇਣ ਵਾਲਾ। ਡਾਕਟਰ ਹਕੀਮ ਵੈਦ ਬੰਦੇ ਦੀ ਜ਼ਿੰਦਗੀ ਬਚਾਉਣ ਵਾਸਤੇ ਹਨ। ਅਤੇ ਜੇ ਕਿਤੇ ਉਪਚਾਰ ਕਰਦਿਆਂ ਰੋਗੀ ਬਚ ਨਾ ਸਕੇ ਤਾਂ ਡਾਕਟਰ ਵੈਦ ਉਤੇ ਕਤਲ ਦਾ ਦੋਸ਼ ਨਹੀਂ ਆਉਂਦਾ।


Namdhari Elibrary NamdhariElibrary@gmail.com

ਜੱਜ ਹੋਣਾ ਵੀ ਕਿਸੇ ਵਿਅਕਤੀ ਵਾਸਤੇ ਬਹੁਤ ਸਨਮਾਨ ਵਾਲੀ ਗੱਲ ਹੈ। ਲੋਕਾਂ ਨੂੰ ਨਿਆਂ ਦੇਣਾ, ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰ ਦੇਣ ਵਾਲੀ ਸਮਰਥਾ ਕਰਕੇ ਜੱਜ ਦੀ ਪਦਵੀ ਉਚੀ ਮੰਨੀ ਜਾਂਦੀ ਹੈ। ਜੱਜ ਦੀ ਗੱਲ ਵੱਡੇ ਤੋਂ ਵੱਡੇ ਨੇਤਾ, ਅਫਸਰ ਵੀ ਨਹੀਂ ਟਾਲ ਸਕਦੇ। ਭਾਵੇਂ ਮਨ ਨਾ ਵੀ ਮੰਨੇ ਪਰ ਉਹ ਜੱਜ ਦੇ ਵਿਚਾਰ ਅਧੀਨ ਕੇਸ ਜਾਂ ਦਿੱਤੇ ਫੈਸਲੇ ਨੂੰ ਨਕਾਰ ਨਹੀਂ ਸਕਦੇ। ਕਿਸੇ ਫੈਸਲੇ ਵਿਰੁੱਧ ਵਿਚ ਉਪਰਲੀ ਅਦਾਲਤ ਵਿਚ ਤਾਂ ਬੇਨਤੀ ਕਰ ਸਕਦੇ ਹਨ ਪਰ ਜੱਜ ਦੀ ਨੀਯਤ ਬਾਰੇ ਟੀਕਾ ਟਿਪਣੀ ਨਹੀਂ ਕਰ ਸਕਦੇ। ਬੰਦਾ ਕਾਤਲ ਹੈ ਜਾਂ ਨਿਰਦੋਸ਼, ਚੋਰ ਹੈ ਜਾਂ ਸਾਧ, ਸਜ਼ਾ ਦਿਤੀ ਜਾਵੇ ਜਾਂ ਬਾਇਜ਼ਤ ਬਰੀ ਕੀਤਾ ਜਾਵੇ, ਜੱਜ ਦੀ ਕਲਮ ਤੋਂ ਨਿਕਲਿਆ ਇਕ ਸ਼ਬਦ ਨਿਰਣਾ ਕਰ ਦਿੰਦਾ ਹੈ। ਜੱਜ ਦਾ ਕਿੱਤਾ ਉਸ ਪਾਸੋਂ ਈਮਾਨਦਾਰ ਨਿਰਪੱਖ, ਇਨਸਾਫ ਪਸੰਧ ਅਤੇ ਸੰਵੇਦਨਸ਼ੀਲ ਹੋਣ ਦੀ ਮੰਗ ਕਰਦਾ ਹੈ। ਜੱਜ ਦਾ ਸੱਚਾ ਸੁੱਚਾ ਕਿਰਦਾਰ ਉਸਦਾ ਅਮਲੀ ਜੀਵਨ, ਸਮਾਜ ਨੂੰ ਹਨੇਰੇ ਅਤੇ ਧੁੰਦ ਵਿਚ ਚਾਨਣ ਬਖਸ਼ਦਾ ਹੈ। ਅੱਜ ਸੰਸਾਰ ਵਿਚ ਜੁਡੀਸ਼ਰੀ, ਨਿਆਂ ਪ੍ਰਣਾਲੀ ਨੂੰ ਰਾਜ ਪ੍ਰਬੰਧਕਾਂ ਤੋਂ ਵੀ ਉਪਰ ਸਮਝਿਆ ਜਾਂਦਾ ਹੈ। ਇਹ ਇਸ ਕਰਕੇ ਹੈ ਕਿ ਇਸ ਪ੍ਰਣਾਲੀ ਨਾਲ ਸਬੰਧਤ ਲੋਕ ਜੱਜ ਆਦਿਕ ਸੱਚ ਤੇ ਕਾਇਮ ਸਮਝੇ ਜਾਂਦੇ ਹਨ। ਗੱਲ ਨੂੰ ਮੁਕਾਉਣਾ ਹੋਵੇ ਤਾਂ ਜੱਜ ਲੋਕ ਵੀ ਰੱਬ ਤੋਂ ਥਲੇ ਐਸੇ ਲੋਕ ਹਨ ਜਿਨ੍ਹਾਂ ਦੇ ਹੱਥ ਵਿਚ ਲੋਕਾਂ ਦਾ ਜੀਵਨ ਮਰਨ ਹੈ। ਇਸ ਵਾਸਤੇ ਉਹਨਾਂ ਤੋਂ ਮਿਸਾਲੀ ਕਿਰਦਾਰ ਦੀ ਆਸ ਕੀਤੀ ਜਾਂਦੀ ਹੈ।

ਧਰਮ ਅਸਥਾਨਾਂ ਦੇ ਮੁਖੀ ਕਰਿੰਦੇ, ਗੁਰਦੁਆਰਿਆਂ ਦੇ ਗ੍ਰੰਥੀ ਸਾਹਿਬ, ਮੰਦਰਾਂ ਦੇ ਪੁਜਾਰੀ, ਮਸੀਤਾਂ ਦੇ ਮੌਲਾਨੇ ਅਤੇ ਗਿਰਜਾਘਰਾਂ ਦੇ ਪਾਦਰੀ 'ਫਾਦਰ' ਸਮਾਜ ਵਿਚ ਬਹੁਤ ਸਤਿਕਾਰ ਯੋਗ ਥਾਂ ਰੱਖਦੇ ਹਨ। ਧਰਮ ਕਰਮ ਦੇ ਕੰਮਾਂ, ਮਰਨ ਜਮਨ ਵਿਆਹ ਸ਼ਾਦੀਆ ਦੇ ਸੰਸਕਾਰਾਂ, ਸਮਾਗਮਾਂ ਵੇਲੇ ਇਹਨਾਂ ਦੀ ਮੋਹਰੀ ਭੂਮਿਕਾ ਹੁੰਦੀ। ਘਰ ਦੇ ਮੈਂਬਰ ਬਜ਼ੁਰਗ ਜੁਆਨ ਬਚੇ ਬਚੀਆਂ ਨੂਹਾਂ ਧੀਆਂ ਧਿਆਣੀਆਂ ਨਾਲ ਇਹਨਾਂ ਦਾ ਸਿੱਧਾ ਸੰਪਰਕ ਹੋਣ ਕਰਕੇ ਇਹ ਸਤਿਕਾਰਤ ਮੰਨੇ ਜਾਂਦੇ ਹਨ । ਸਿੱਖ ਸਮਾਜ ਵਿਚ ਗੁਰਦੁਆਰੇ ਦੇ ਗੰਥੀ ਨੂੰ ਆਮ ਤੌਰ ਤੇ ਭਾਈ ਸਾਹਿਬ, ਭਾਈ ਜੀ ਜਾਂ ਬਾਬਾ ਜੀ ਆਖਿਆ ਜਾਂਦਾ ਹੈ। ਇਹਨਾਂ ਦਾ ਚਲਣ ਵਰਤ ਵਿਹਾਰ ਅਤੇ ਤੌਰ ਤਰੀਕੇ ਦਾ ਲੋਕ ਮਨਾਂ, ਤੇ ਜ਼ਬਰਦਸਤ ਅਸਰ ਪੈਂਦਾ ਹੈ। ਸਮਾਜ ਨੂੰ ਸਹੀ ਦਿਸ਼ਾ ਵੱਲ ਸੇਧ ਦੇਣ ਵਿਚ ਇਹਨਾਂ ਦਾ ਜ਼ਾਤੀ ਚਰਿਤਰ ਉਚਾ ਸੁੱਚਾ ਹੋਣਾ ਜ਼ਰੂਰੀ ਹੈ ਅਤੇ ਬਹੁਤ ਸਾਰੇ ਇਸ ਮਿਆਰ ਤੇ ਪੂਰਾ ਵੀ ਉਭਰਦੇ ਹਨ।

.... ਪਰ ਉਪਰ ਲਿਖੇ ਤਿੰਨ ਸਤਿਕਾਰਤ ਕਿੱਤਿਆ ਨਾਲ ਹੀ ਸਬੰਧਤ ਵਿਅਕਤੀ ਇਕ ਐਸੇ ਪਰਸੰਗ ਵਿਚ ਇਕਠੇ ਹੋਏ ਹਨ ਜਿਸ ਨੇ ਸਭ ਨੂੰ ਡੂੰਘੀ ਸੋਚ ਵਿਚ ਪਾਇਆ ਹੈ। ਪਟਿਆਲੇ ਸ਼ਹਿਰ ਦੀ ਇਕ ਖ਼ਬਰ ਦਾ ਚਰਚਾ ਸਭ ਪਰਚਾਰ ਸਾਧਨਾਂ ਵਿਚ ਸ਼ਿੱਦਤ ਨਾਲ ਹੋਇਆ ਹੈ। ਇਕ ਜੱਜ, ਇਕ ਡਾਕਟਰ ਉਹ ਵੀ ਇਸਤਰੀ ਅਤੇ ਇਕ ਗ੍ਰੰਥੀ ਕਹਾਣੀ ਦੇ ਪਾਤਰ ਹਨ। ਜੱਜ ਦਾ ਤਾਂ ਕਤਲ ਹੋਇਆ ਹੈ। ਪੈਸੇ ਦੇ ਕੇ ਕਤਲ ਕਰਾਉਣ ਵਾਲੀ ਲੇਡੀ ਡਾਕਟਰ ਹੈ ਅਤੇ ਪੈਸੇ ਲੈ ਕੇ ਕਤਲ ਕੇਰਨ ਵਾਲਾ ਗ੍ਰੰਥੀ ਸਿੰਘ ਹੈ। ਸਾਰੇ ਹੀ ਸਮਾਜ ਵਿਚ ਸਥਾਪਤ, ਚੰਗੀ ਪ੍ਰਸਿਧੀ ਅਤੇ ਸ਼ੁਹਰਤ ਰੱਖਣ ਵਾਲੇ ਹਨ। ਸਾਰਾ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ ਇਸ ਵਾਸਤੇ ਕੀਹ ਠੀਕ ਹੈ ਜਾਂ ਗਲਤ ਹ ਇਸ ਤੇ ਟਿਪਣੀ ਉਚਿਤ ਨਹੀਂ ਪਰ ਸਾਰਾ ਮਾਮਲਾ ਪੁਲਿਸ ਅਤੇ ਅਦਾਲਤ ਦੇ ਚੱਕਰ ਵਿਚ ਆਉਣਾ ਡੂੰਘੀ ਚਿੰਤਾ ਦਾ ਵਿਸ਼ਾ ਹੈ। ਸਾਡੇ ਸਮਾਜ ਦੀ ਹਾਲਤ, ਨੈਤਿਕਤਾ, ਧਾਰਮਿਕਤਾ ਉਤੇ ਜ਼ਬਰਦਸਤ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਅਜਿਹਾ ਪ੍ਰਸ਼ਨ ਚਿੰਨ੍ਹ,ਜੋ ਭਾਈ ਗੁਰਦਾਸ ਜੀ ਨੇ ਵੀ ਲਾਇਆ ਸੀ।

ਬਾਹਰ ਦੀ ਅਗਨੀ ਨਦੀ ਦੇ ਜਲ ਨਾਲ ਬੁਝਦੀ ਹੈ। ਜੇ ਬੇੜੀ ਨੂੰ ਅਗ ਲਗ ਜਾਵੇ ਕਿਵੇਂ ਬੁਝਾਈਏ ? ਬਾਹਰੋ ਦੌੜ ਕੇ ਕਿਲ੍ਹੇ ਅੰਦਰ ਰੱਖਿਆ ਵਾਸਤੇ ਆਸਰਾ ਲਈਦਾ ਹੈ ਪਰ ਜੇ ਕਿਲੇ ਅੰਦਰ ਹੀ ਲੁਟੇ ਜਾਈਏ ਤਾਂ ਕਿਥੇ ਜਾਈਏ ? ਚੋਰਾਂ ਦੇ ਡਰ ਤੋਂ ਰਾਜੇ ਦੀ ਸ਼ਰਣ ਵਿਚ ਜਾਈਦਾ ਹੈ। ਜੇ ਰਾਜਾ ਹੀ ਮਾਰ ਦੇਵੇ ਤਾਂ ਕਿਵੇਂ ਬਚਾ ਹੋਵੇ ? ਮਾਇਆ ਦੇ ਡਰ ਤੋਂ ਗੁਰਦੁਆਰੇ ਜਾਈਦਾ ਹੈ ਜੇ ਉਥੇ ਹੀ ਮਾਇਆ ਵਿਆਂਪੇ ਤਾਂ ਕਿਥੇ ਜਾਈਏ ?

ਬਾਹਰ ਕੀ ਅਗਨਿ ਜਯੋਂ ਬੁਝੈ ਜਲ ਸਰਿਤਾ ਕੈ, ਨਾਉ ਮੈ ਜੌ ਆਗ ਲਾਗੈ ਕੈਸੇ ਕੈ ਬੁਝਾਈਐ
ਬਾਹਰ ਸੈਂ ਭਾਗ ਓਟ ਲੀਜੀਅਤ ਕੋਟ ਗੜ ਗੜ ਮੈਂ ਜੌ ਲੂਟ ਲੀਜੈ ਕਹੁ ਕਤ ਜਾਈਐ
ਚੋਰਨ ਕੈ ਤ੍ਰਾਸ ਜਾਏ ਸਰਨ ਨਰਿੰਦ ਗਹੈ ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ,
ਮਾਯਾ ਡਰ ਡਰਪਤ ਹਾਰ ਗੁਰਦਵਾਰੇ ਜਾਵੈ ਤਹਾਂ ਜੌ ਬਿਆਪੈ ਮਾਯਾ ਕਹਾਂ ਠਹਿਰਾਈਐ

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

*ਕਰਮ ਅਤੇ ਕਿਰਪਾ ਦਾ ਗਾਇਕ*

# ਗੁਰੂ ਨਾਨਕ

*—ਗੁਰੂਬਚਨ ਸਿੰਘ ਨਾਮਧਾਰੀ*

ਗੁਰੂ ਦਾ ਅਵਤਰਨ, ਕਾਲ ਦੀ ਕ੍ਰਾਂਤੀਕਾਰੀ ਘਟਨਾ ਹੁੰਦੀ ਹੈ। ਜਦੋਂ ਅਗਿਆਨਤਾ ਦਾ ਹਨੇਰ ਵਿਆਪੇ, ਨਿਹੱਥੇ, ਬਦੋਸ਼ੇ ਪ੍ਰਾਣੀਆਂ ਤੇ ਜਾਬਰ ਦਾ ਜ਼ੁਲਮ ਸੰਤਾਪੇ, ਧਰਮ ਦੇ ਨਾਂ ਤੇ ਅਧਰਮ ਦਾ ਵਿਸਥਾਰ ਹੋਵੇ,... ਤਾਂ ਬੇਵੱਸ, ਲਾਚਾਰ, ਜੀਆ ਦੀਆਂ ਅੱਖਾਂ 'ਚੋਂ ਵਹਿੰਦੇ ਮੋਨ ਹੰਝੂਆਂ ਦਾ ਜ਼ਲਜ਼ਲਾ ਸਮੇਂ ਦੀ ਚਾਲ ਵਿਚ ਭੂਚਾਲ ਲੈ ਆਉਂਦਾ ਹੈ ਔਰ ਧਰਤੀ ਦੀ ਇਸੇ ਕਸਮਸਾਹਟ 'ਚੋਂ ਸਮੇਂ ਦੀ ਸੰਵੇਦਨਾ ਚੋਂ, ਜਿਸ ਮਹਾਸ਼ਕਤੀ ਦਾ ਸ੍ਰਿਜਨ ਹੁੰਦੈ, ਉਹ ਗੁਰੂ ਹੁੰਦੈ।

ਗੁਰੂ ਸ਼ਬਦ ਦਾ ਅਰਥ, 'ਹਨੇਰੇ ਵਿਚ ਪ੍ਰਕਾਸ਼ ਦੀ ਆਸ! ਧਰਮ ਦੀ ਥਾਂ ਆਈਆਂ ਕੁਰੀਤੀਆਂ, ਕਰਮਕਾਂਡ ਬਣ ਜਾਣ ਤਾਂ ਮਾਇਕ ਸੰਸਾਰ ਨੂੰ ਸੇਧ ਦੇਣ ਦਾ ਕੋਈ ਹੋਰ ਸ੍ਰੋਤ ਨਹੀਂ ਰਹਿੰਦਾ। ਕਹਿੰਦੇ ਹਨ, ਚਾਰ ਪੁਰਸ਼ਾਰਥ; ਧਰਮ, ਅਰਥ, ਕਾਮ ਅਤੇ ਮੋਖ— ਦਾ ਸੰਤੁਲਨ ਲਾਜ਼ਮੀ ਚਾਹੀਦੈ। ਜਿਸ ਅਨੁਪਾਤ ਵਿਚ ਧਨ ਵਧੇ ਉਸੇ ਅਨੁਪਾਤ ਵਿਚ ਧਰਮ ਵੀ ਵਧਣਾ ਚਾਹੀਦੈ। ਜਿਸ ਮਾਤਰਾ ਵਿਚ ਸੰਸਾਰਕ ਸੁਖ-ਭੋਗ ਦੀ ਕਾਮਨਾ ਵਧੇ ਉਸੇ ਮਾਤਰਾ ਵਿਚ ਮਾਇਆ ਤੋਂ ਮੁਕਤੀ ਦੀ ਭਾਵਨਾ ਵੀ ਵਧੇ। ਪਰ ਜਨ ਸਾਧਾਰਨ ਲਈ ਇਸ ਗਣਿਤ ਨੂੰ ਸਮਝਣਾ ਸੰਭਵ ਨਹੀਂ। ਇਹ ਜ਼ਿੰਮੇਵਾਰੀ "ਧਰਮ" ਨਿਭਾਉਂਦੈ। ਧਰਮ ਅਰਥਾਤ ਸੱਤ। ਸੱਤ ਪਰਮਾਤਮਾ ਦਾ ਪ੍ਰਬੋਧਕ ਸ਼ਬਦ ਹੈ। ਪਰ ਜਦੋਂ ਧਰਮ (ਸੱਤ) ਦੀ ਸੱਤਾ ਤੇ ਅਸੱਤ  ਕਾਬਜ ਹੋ ਜਾਇ... ਤਾਂ ਸੰਸਾਰ ਦਾ, ਸਮਾਜ ਦਾ ਸੰਤੁਲਨ ਵਿਗੜ ਜਾਂਦਾ ਹੈ। ਮਾਇਆ ਔਰ ਕਾਮ ਦਾ ਵਧਿਆ ਹੋਇਆ ਅਨੁਪਾਤ ਹਰ ਪਖੋਂ ਵਿਕਾਰ ਵਧਾ ਦਿੰਦੈ। ਇਹ ਸਾਰੇ ਵਿਕਾਰ,... ਭਾਰਤੀ ਸਮਾਜ ਵਿਚ ਵਿਆਪ ਗਏ। ਜਿਸ ਧਰਮ ਧਰੂ ਤੋਂ ਰਾਜ ਸੱਤਾ ਵੀ ਨਿਰਦੇਸ਼ਤ ਹੁੰਦੀ ਸੀ, ਉਸ ਧਰਮ ਸੱਤਾ ਤੇ ਬਿਰਾਜਮਾਨ ਪੰਡਿਆਂ-ਪੁਰੋਹਿਤਾਂ ਮਹੰਤਾਂ ਮਠਾਧੀਸ਼ਾਂ ਦਾ ਰਾਜਿਆਂ ਰਿਆਸਤਦਾਰਾਂ ਨਾਲ ਅਨੈਤਕ ਗਠਜੋੜ ਹੋ ਗਿਆ ਜਿਸਨੇ ਹਰ ਪਾਸੇ ਅਮਾਵਸ ਦੀ ਰਾਤ ਵਾਂਗ ਹਨੇਰਾ, ਅਗਿਆਨਤਾ, ਆਪਸੀ ਅਵਿਸ਼ਵਾਸ, ਦੇਸ਼ ਧ੍ਰੋਹ ਅਤੇ ਕੁਲ ਧ੍ਰੋਹ ਨੂੰ ਜਨਮ ਦੇ ਦਿੱਤਾ। ਅਰਜਨ ਦੇ ਗਾਂਡੀਵ ਅਤੇ ਭੀਮ ਦੀ ਗਦਾ ਨਾਲ ਸੰਸਾਰ ਦਾ ਗਗਨ-ਮੰਡਲ ਗੁੰਜਾਇਮਾਨ ਕਰਨ ਵਾਲਾ ਭਾਰਤ ਗੁਲਾਮੀ ਦੀ ਐਸੀ ਗਰਤ ਵਿਚ ਪਿਆ ਕਿ ਤੈਮੂਰ ਜਿਹਾ ਲੰਗੜਾ ਵੀ ਛੋਟੀ ਜਿਹੀ ਫੌਜੀ ਟੁਕੜੀ ਨਾਲ ਜਿੱਧਰ ਜੀ ਕੀਤਾ ਉਧਰ ਹੀ ਲੁੱਟਦਾ-ਖਸੁੱਟਦਾ ਚਲਾ ਗਿਆ। ਮੰਦਰਾਂ ਦੀਆਂ ਘੰਟੀਆਂ ਤਾਂ ਉਦੋਂ ਵੀ ਵੱਜਦੀਆਂ ਰਹੀਆਂ, ਸ਼ਵਾਲੇ ਵਿਚ ਸੰਖ ਵੀ ਵਜਦੇ ਰਹੇ... ਪਰ ਸਮਾਜ ਨੂੰ ਸੇਧ ਦੇਣ ਲਈ ਕੋਈ ਸੰਤ ਨਾ ਰਿਹਾ... ਸੁੱਤੀ ਹੋਈ ਜਨਸ਼ਕਤੀ ਨੂੰ ਜਗਾਉਣ ਲਈ ਦੇਵ-ਵਾਣੀ ਵਿਚ ਵੰਗਾਰ ਨਾ ਰਹੀ...। ਤਿਲਕ-ਤ੍ਰਿਪੁੰਡ , ਜਪ ਜਨੇਊ, ਅਰਧ-ਤਰਪਨ ਜਿਹੇ ਕਰਮਕਾਂਡੀ ਪ੍ਰੰਪਰਾਵਾਂ ਵਿਚ ਉਲਝਿਆ, ਮੜ੍ਹੀਆਂ-ਮਸਾਨਾਂ-ਕਬਰਾਂ ਪੱਥਰਾਂ ਵਿਚ ਸਿਰ ਮਾਰਦਾ ਮਨੁੱਖ ਧਰਮ ਦੇ ਅਰਥ ਤੋਂ ਵਾਂਝਿਆਂ ਹੋ ਆਰਥਕ ਮੰਦਹਾਲੀ ਅਤੇ ਸਮਾਜਕ ਦੁਰਦਸ਼ਾ ਦਾ ਪਾਤਰ ਬਣ ਗਿਆ। ਇਹੀ ਕਾਰਨ ਸੀ ਕਿ "ਸੋਨੇ ਦੀ ਚਿੜੀਆ" ਕਹਿਲੌਣ ਵਾਲੇ ਇਸ ਮੁਲਕ ਦੀ ਸਰਬਪੱਖੀ ਬਦਹਾਲੀ ਲਈ, ਗੁਰੂ ਨਾਨਕ ਨੇ ਧਾਰਮਕ ਅਦਾਰਿਆਂ, ਮੰਦਰਾਂ, ਮੱਠਾਂ ਤੇ ਕਾਬਜ਼, ਮਹੰਤਾਂ, ਪੁਜਾਰੀਆਂ ਦੁਆਰਾ ਪੈਦਾ ਕੀਤੇ ਗਏ ਭਰਮਾਂ, ਭੁਲੇਖਿਆਂ ਅਤੇ ਆਏ ਦਿਨ ਬਿਦੇਸ਼ੀ ਹਮਲਿਆਂ ਲੁੱਟ-ਖਸੁੱਟ ਤੋਂ ਉਪਜੀ ਨਿਰਾਸ਼ ਕਰਮਹੀਣਤਾ ਨੂੰ ਜ਼ਿੰਮੇਵਾਰ ਦੱਸਿਆ। ਉੱਤਰੀ ਪੱਛਮੀ ਸੀਮਾ ਪ੍ਰਾਂਤ, ਪੰਜਾਬ ਬਦੇਸ਼ੀ ਹਮਲਾਵਾਰਾਂ, ਦਾ ਲਾਂਘਾ ਹੋਣ ਕਰਕੇ ਲੁਟੇਰਿਆਂ, ਹਮਲਾਵਾਰਾਂ ਦਾ ਪਹਿਲਾ ਯੁੱਧ ਖੇਤਰ ਬਣਦਾ। ਸਾਰੇ ਪਾਸੇ ਲੁੱਟ ਮਾਰ ਹੁੰਦੀ,... ਤਬਾਹੀ ਔਰ ਕਤਲ-ਏ ਆਮ ਨਾਲ ਤ੍ਰਾਹੀ-ਤ੍ਰਾਹੀ ਮਚਦੀ... ਪੰਜਾਬ ਖਿੰਡ-ਪੁੰਡ ਜਾਂਦਾ। ਬਾਦ ਵਿਚ ਜੀਆਂ ਦਾ ਹਿਸਾਬ ਲਾਇਆ ਜਾਂਦਾ ਪਿੰਡ ਦੇ ਅੱਧੇ ਮਰਦ ਸ਼ਹੀਦ ਹੋ ਗਏ, .... ਬਾਕੀਆਂ 'ਚੋਂ ਕੁਝ ਅਪਾਹਿਜ ਹੋ ਗਏ ਅਤੇ ਕੁਝ ਜੰਗ ਦੀ ਭਿਆਨਕਤਾ ਵੇਖ ਜੰਗਲਾਂ-ਜੋਗੀਆਂ ਦੀ ਜਮਾਤ ਵਿਚ ਰੱਲ ਗਏ। ਸਮਾਜ ਵਿਚ ਸਮਰਸਤਾ ਨਾ ਰਹੀ, ਆਰਥਕ ਅਧਾਰ ਨਾ ਰਿਹਾ... ਉਤਪਾਦਕਤਾ ਠੱਪ ਹੋ ਗਈ.... ਸਭ ਕੁਝ ਉਥਲ ਪੁਥਲ ਹੋ ਗਿਆ।

ਦੂਰ ਅੰਦੇਸ਼ ਗੁਰੂ ਨਾਨਕ ਨੇ ਸਮਾਧਾਨ ਦੇ ਦੋ ਸੂਤ੍ਰ ਦਿੱਤੇ—(੧) ਕਿਰਤ ਨੂੰ ਪ੍ਰੋਤਸਾਹਿਤ ਕਰਕੇ ਉਤਪਾਦਕਤਾ ਨੂੰ ਵਿਕਾਸ ਦਾ ਵਸੀਲਾ ਬਣਾਇਆ ਜਾਏ ਅਤੇ (੨) ਪ੍ਰਾਣੀ ਨੂੰ ਧਾਰਮਕ ਵਿਚੋਲਿਆਂ ਤੋਂ ਮੁਕਤ ਕਰਕੇ ਇਕ ਪਰਮ ਜੋਤ ਨਾਲ ਜੋੜਿਆ ਜਾਏ। ਗੁਰੂ ਨਾਨਕ ਦੇ ਜੀਵਨ, ਗੁਰਬਾਣੀ,


Namdhari Elibrary NamdhariElibrary@gmail.com

ਉਪਦੇਸ਼ ਅਤੇ ਉਦਾਸੀਆਂ ਤੇ ਇਕ ਵਿਹੰਗਮ ਝਾਤ ਮਾਰੀਏ ਤਾਂ ਇਹੀ ਦੋ ਭਾਵ ਮੁਖ ਰੂਪ ਨਾਲ ਦ੍ਰਿਸ਼ਟੀਗੋਚਰ ਹੁੰਦੇ ਹਨ।

ਕਿਰਤੀਆਂ ਕਾਮਗਾਰਾਂ ਨੂੰ ਸੁਲਤਾਨ ਅਤੇ ਰਾਜਿਆਂ ਨੂੰ ਕਸਾਈ ਕਹਿਣ ਵਾਲੇ ਗੁਰੂ ਨਾਨਕ ਨੇ, ਸੈਦਪੁਰ, ਮਲਿਕ ਭਾਗੋ ਜਿਹੇ ਸਾਮੰਤ ਦੇ ਪਕਵਾਨਾਂ ਨੂੰ ਗਰੀਬਾਂ ਮਜਲੂਮਾਂ ਦਾ ਰੱਤ ਭਿੱਜਾ ਕਹਿਣਾ ਅਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਅੰਮ੍ਰਿਤ ਸਮਾਨ ਪਰਵਾਨ ਕਰਨਾ, ਵਾਸਤਵ ਵਿਚ ਕਿਰਤੀਆਂ ਨੂੰ ਸਨਮਾਨਤ ਕਰਨ ਦਾ ਸਫਲ ਉਪਰਾਲਾ ਸੀ।

"ਬਲਦ ਮਸਾਇਕ ਹਾਲੀ ਸੇਖ.
ਧਰਮ ਕਤੇਬ ਵੂੜੀ ਲੇਖ।"

"ਖੇਤ ਵਿਚ ਹਲ ਚਲਾਉਂਦਾ ਕਿਸਾਨ ਸ਼ੇਖ ਹੈ, ਬਲਦ ਸ਼ਾਗਿਰਦ ਹਨ। ਹਲ ਦੀ ਫਾਲ ਨਾਲ ਧਰਤੀ ਦੀ ਹਿੱਕ ਤੇ ਲਕੀਰਾਂ ਖਿੱਚਦਾ ਕਿਸਾਨ, ਧਰਮ ਗ੍ਰੰਥਾਂ ਦੇ ਅੱਖਰ-ਅੱਖਰ ਸਿਰਜਤ ਕਰ ਰਿਹਾ ਹੁੰਦੈ।"

ਕਹਿੰਦੇ ਹਨ, ਧਰਮ ਦੀ ਲੜਾਈ ਅਧਰਮ ਨਾਲ ਹੁੰਦੀ ਹੈ। ਪਰ, ਗੁਰੂ ਨਾਨਕ ਦਾ ਟਾਕਰਾ ਸਦਾ ਧਾਰਮਕ ਲਿਬਾਸ ਵਾਲੇ ਮਹੰਤਾਂ, ਮੌਲਵੀਆਂ, ਕਾਜੀਆਂ ਅਤੇ ਹਾਜੀਆਂ ਨਾਲ ਹੀ ਹੁੰਦਾ ਰਿਹਾ। ਵੇਦਾਂ, ਸ਼ਾਸਤ੍ਰਾਂ ਦੀ ਭਾਸ਼ਾ ਵੈਦਿਕ ਸੰਸਕ੍ਰਿਤ ਹੋਣ ਕਰਕੇ ਆਮ ਆਦਮੀ ਦੀ ਸਮਝ ਤੋਂ ਬਾਹਰ, ਸੰਸਕ੍ਰਿਤ ਦੇ ਜਾਣਕਾਰ ਚੰਦ ਬ੍ਰਾਹਮਣਾਂ ਵਿਦਵਾਨਾਂ ਦੇ ਅਨੁਵਾਦ, ਤਰਜੁਮਾਨੀ ਦੀ ਮੁਹਤਾਜ ਸੀ। ਆਪਣੀ ਜ਼ਰੂਰਤ ਅਤੇ ਸੋਚ ਅਨੁਸਾਰ ਸ਼ਾਸਣ ਪ੍ਰਸੰਗ ਦਾ ਭਾਵ ਅਰਥ, ਅਤੇ ਸ਼ਬਦ ਅਰਥ ਦੀ ਤੋੜ-ਮਰੋੜ, ਧਰਮ ਨੂੰ ਵਿਕ੍ਰੀਤ ਕਰਦੀ ਰਹੀ। ਪੰਡਤਾਂ ਦੇ ਦੱਸੇ ਅਨੁਸਾਰ ਪੂਜਾ ਸਮਗ੍ਰੀ, ਹਵਨ-ਯੱਗ, ਪਿੱਤਰ ਪੂਜਾ, ਮੰਤਰ-ਤੰਤਰ, ਬਰਤ ਉਪਵਾਸ, ਦਾਨ ਦਛਿਣਾ ਵਿਚ ਧਰਮ ਸਿਮਟ ਗਿਆ।

ਬਨਾਰਸ ਦੇ ਦਸਾਸਵਮੇਧ (ਗੰਗਾ ਘਾਟ) ਤੇ ਅਜ ਦੀ ਪ੍ਰਭਾਤ ਵੀ ਕਾਫੀ ਚਹਿਲ ਪਹਿਲ ਸੀ। ਇਸ਼ਨਾਨ ਕਰਨ ਵਾਲੇ ਸ਼ਰਧਾਲੂ ਕਤਾਰਾਂ ਵਿਚ ਆ ਰਹੇ ਸਨ, ਗੰਗਾ ਵਿਚ ਗੋਤੇ ਲਾ ਰਹੇ ਸਨ। ਪੰਡਿਆਂ-ਪੁਰੋਹਿਤਾਂ ਦੇ ਚੇਲੇ ਜਜਮਾਨਾਂ ਦੀ ਭਾਲ ਕਰ-ਕਰ ਕੇ ਲਿਆ ਰਹੇ ਸਨ। ਮੰਤਰ ਉਚਾਰਣ ਸੰਖਨਾਦ ਹਰ ਪਾਸਿਓਂ ਗੂੰਜ ਰਹੇ ਸਨ। ਮਰਦਾਨੇ ਰਬਾਬ ਛੇੜੀ, ਗੁਰੂ ਨਾਨਕ ਦੀ ਰਸੀਲੀ ਬਾਣੀ ਗੂੰਜਾਇਮਾਨ ਹੋਈ। ਜਿਵੇਂ ਸੱਤ ਦਾ ਸੱਦਾ... ਜਿਵੇਂ ਪ੍ਰਮਾਤਮਾ ਦੀ ਪੁਕਾਰ। ਸਾਰੀ ਭੀੜ ਇਧਰ ਆ ਕੱਠੀ ਹੋਈ। ਪੰਡਤਾਂ ਦੇ ਆਗੂ ਪੰਡਤ ਚਤਰਦਾਸ ਨੇ ਪੁੱਛਿਆ, "ਤੁਹਾਡਾ ਸਾਲਿਗਰਾਮ ਕਿਥੇ ਹੈ ? ਤੁਲਸੀ ਦੀ ਮਾਲਾ ਕਿੱਥੇ ਹੈ ? "ਪ੍ਰਮੇਸ਼ਰ ਦੇ ਭਾਵ ਵਿਚ ਡੁੱਬੇ ਹੋਇ ਸਤਿਗੁਰਾਂ ਨੇ ਬਸੰਤ ਰਾਗ ਵਿਚ ਸ਼ਬਦ ਉਚਾਰਣ ਕੀਤਾ—

"ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤ ਤੁਲਸੀ ਮਾਲਾ
ਰਾਮ ਨਾਮੁ ਜਪਿ ਬੇੜਾ ਬਾਧਹੁ ਦਇਆ ਕਰਹੁ ਦਇਆਲਾ॥"

ਮੇਰਾ ਸਾਲਗ੍ਰਾਮ ਬਹੁਤ ਵੱਡਾ ਹੈ; ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ! ਜੀਆਂ ਵਿੱਚ ਰਸਦਾ ਵਸਦਾ ਬ੍ਰਹਮ ਹੀ ਮੇਰਾ ਸਾਲਗ੍ਰਾਮ ਹੈ, ਚੰਗੇ ਕਰਮਾਂ ਦੇ ਸੰਸਕਾਰ ਮੇਰੀ ਤੁਲਸੀ-ਮਾਲਾ ਹੈ।"

ਕੁਰੂਖੇਤਰ ਹੋਵੇ, ਹਰੀਦੁਆਰ ਜਾਂ ਕਾਸ਼ੀ ਬਿੰਦਰਾਬਨ ਹੋਵੇ, ਮੱਕਾ ਹੋਵੇ ਜਾਂ ਮੁਲਤਾਨ ਹਰ ਥਾਂ ਹਰ ਵਕਤ ਧਾਰਮਕ ਅੰਧ-ਵਿਸ਼ਵਾਸ ਨੂੰ ਤੋੜਦਾ, ਛੰਡਦਾ-ਝਾੜਦਾ ਗੁਰੂ ਨਾਨਕ, ਰੀਤਾਂ-ਰਿਵਾਜਾਂ ਕਰਮਕਾਂਡੀ ਮਾਨਤਾਵਾਂ ਤੋਂ ਪਰੇ ਧਰਮ ਨੂੰ ਦਇਆ ਦਾ ਪੁੱਤਰ ਦਸਿਆ। ਸਤ-ਸੰਤੋਖ, ਪ੍ਰੋਪਕਾਰ ਨੂੰ ਧਰਮ ਦੀ ਪਛਾਣ ਦੱਸੀ ਅਤੇ ਨਿਰਭਓ-ਨਿਰਵੈਰ ਅਕਾਲ ਪੁਰਖ ਨਾਲ ਤਾਦਾਤਮ ਨੂੰ ਆਤਮਾ ਦੀ ਪੁਕਾਰ ਦੱਸੀ।

## ਤੁਹਾਡੇ ਬੱਚੇ

ਤੁਹਾਡੇ ਬੱਚੇ ਤੁਹਾਡੇ ਬੱਚੇ ਨਹੀਂ। ਉਹ ਤਾਂ ਪੁੱਤਰ ਤੇ ਧੀਆਂ ਨੇ, ਜੀਵਨ ਦੀਆਂ ਸੱਧਰਾਂ ਦੇ —ਉਹ ਸੱਧਰਾਂ ਜਿਹੜੀਆਂ ਜੀਵਨ ਨੂੰ ਆਪਣੇ ਲਈ ਆਪੇ ਹੀ ਹੁੰਦੀਆਂ ਨੇ।

ਬੇਸ਼ਕ ਉਹ ਤੁਹਾਡੇ ਕਾਰਨ ਜਨਮਦੇ ਨੇ, ਪਰ ਉਹ ਤੁਹਾਡੇ ਰਾਹੀਂ ਨਹੀਂ ਆਉਂਦੇ ਤੇ ਭਾਵੇਂ ਉਹ ਤੁਹਾਡੇ ਅੰਗ ਸੰਗ ਰਹਿੰਦੇ ਨੇ ਪਰ ਉਹ ਤੁਹਾਡੀ ਮਲਕੀਅਤ ਨਹੀਂ ਹੁੰਦੇ। ਬੇਸ਼ਕ ਤੁਸੀਂ ਆਪਣਾ ਪਿਆਰ ਉਹਨਾਂ ਉਤੋਂ ਨਿਛਾਵਰ ਕਰੋ, ਪਰ ਆਪਣੇ ਵਿਚਾਰ ਉਹਨਾਂ ਤੇ ਨਾ ਮੜ੍ਹੋ। ਤੁਸੀਂ ਉਹਨਾਂ ਦੇ ਤਨ ਲਈ ਇਕ ਆਲ੍ਹਣਾ ਬਣ ਜਾਵੋ, ਪਰ ਉਹਨਾਂ ਦੀ ਆਤਮਾ ਲਈ ਨਹੀਂ। ਕਿਉਂਕਿ ਉਹਨਾਂ ਦੀ ਆਤਮਾ ਆਉਣ ਵਾਲੇ ਕੱਲ੍ਹ ਦੇ ਘਰ ਵਿਚ ਵਾਸ ਕਰਦੀ ਏ, ਤੇ ਉਸ ਘਰ ਤੁਸੀਂ ਕਦੇ ਨਹੀਂ ਅੱਪੜ ਸਕਦੇ, ਆਪਣੇ ਸੁਪਨਿਆਂ ਵਿਚ ਵੀ ਨਹੀਂ।

ਤੁਸੀਂ ਯਤਨ ਕਰੋ ਉਹਨਾਂ ਵਰਗੇ ਬਣ ਜਾਵੋ, ਪਰ ਉਹਨਾਂ ਨੂੰ ਆਪਣੇ ਵਰਗਾ ਬਣਾਉਣ ਨਾ ਲੋਚੋ।

*—ਖ਼ਲੀਲ ਜਿਬਰਾਨ*
*ਪੈਗੰਬਰ*



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

**Mobile Phone :** *S. Charanjit Singh 9810556398*
*S. Satvinder Singh 9811095210*

# ਓਲੰਪੀਅਨ ਹਰਪਾਲ ਸਿੰਘ

*— ਜਗਦੀਸ਼ ਸਿੰਘ ਵਰਿਆਮ*

ਭਾਵੇਂ ਸੰਸਾਰ ਪੱਧਰ ਦੇ ਖੇਡ ਮੁਕਾਬਲਿਆਂ ਵਿਚ ਸੋਨੇ ਦਾ ਤਮਗ ਜਿਤਣਾ ਭਾਰਤ ਵਾਸਤੇ ਇਕ ਸੁਪਨਾ ਹੀ ਹੋ ਗਿਆ ਹੈ ਪਰ ਇਹ ਵੀ ਇਤਿਹਾਸਕ ਹਕੀਕਤ ਹੈ ਕਿ ਜੇ ਸੰਸਾਰ ਪੱਧਰ ਦੇ ਓਲੰਪਿਕ ਖੇਡ ਮੁਕਾਬਲਿਆਂ ਵਿਚ ਭਾਰਤ ਨੇ ਕਈ ਵਾਰ ਸੋਨੇ ਦਾ ਤਮਗਾ ਜਿਤਿਆ ਹੈ ਤਾਂ ਇਹ ਤਮਗਾ ਹਾਕੀ ਵਿਚ ਹੀ ਜਿਤਿਆ ਹੈ ਹੋਰ ਕਿਸੇ ਵੀ ਖੇਡ ਵਿਚ ਨਹੀਂ। ਹਾਕੀ ਉਂਝ ਵੀ ਭਾਰਤ ਦੇ ਗੌਰਵ ਨਾਲ ਜੁੜੀ ਰਹੀ ਹੈ ਅਤੇ ਪੰਜਾਬ ਵਾਸਤੇ ਤਾਂ ਇਹ ਮਾਣ ਸਨਮਾਨ ਵਾਲੀ ਖੇਡ ਹੈ। ਪਿੰਡਾਂ ਵਿਚ ਖਿਦੋ ਖੂੰਡੀ ਤੋਂ ਲੈ ਕੇ ਸਕੂਲ ਕਾਲਜਾਂ ਵਿਚ ਆਧੁਨਿਕ ਹਾਕੀ ਦੀ ਖੇਡ ਪੰਜਾਬੀਆਂ ਦੇ ਸੁਭਾਓ ਅਤੇ ਸੰਘਰਸ਼ ਦੀ ਰੁਚੀ ਦੇ ਅਨਕੂਲ ਹੈ। ਸੋਨ ਤਮਗਾ ਭਾਵੇਂ ਬਹੁਤ ਦੇਰ ਹੋ ਗਈ ਹੈ (ਓਲੰਪਿਕ ਵਿਚ ਆਖਰੀ ਸੋਨ ਤਮਗਾ ਭਾਰਤ ਨੇ ੧੯੮੦ ਵਿਚ ਮਾਸਕੋ ਵਿਚ ਜਿਤਿਆ ਸੀ) ਪਰ ਹੁਣ ਵੀ ਜਦੋਂ ਓਲੰਪਿਕ ਖੇਡਾਂ ਆਉਂਦੀਆਂ ਹਨ ਤਾਂ ਅੱਖਾਂ ਕਹਾਵਤੀ ਲੂਮੜੀ ਵਾਂਗ ਅੰਗੁਰ ਦੀ ਵੇਲ ਵਲ ਲਗੀਆਂ ਹੁੰਦੀਆਂ ਹਨ ਕਿ ਸ਼ਾਇਦ ਕੋਈ ਅੰਗੂਰ ਡਿਗ ਕੇ ਮੂੰਹ ਵਿਚ ਪੈ ਜਾਵੇ। ਸੋਨਾ ਨਹੀਂ ਤਾਂ ਚਾਂਦੀ ਜਾਂ ਕਾਂਸੀ ਦਾ ਤਮਗਾ ਪਰ....

ਪਿਛਲੇ ਸਾਲ ੨੦੦੪ ਏਥੰਨਜ਼ ਓਲੰਪਿਕ ਵਿਚ ਵੀ ਆਸਾਂ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹਾਕੀ ਪ੍ਰੇਮੀ ਸੇਵਕਾਂ ਵੱਲੋਂ ਬੇਨਤੀ ਕੀਤੀ ਗਈ ਕਿ ਕਿਰਪਾ ਕਰੋ ਟੀਮ ਜਿਤ ਜਾਵੇ। ਸਤਿਗੁਰਾਂ ਨੇ ਹੁਕਮ ਕੀਤਾ ਕਿ ਭਜਨ ਕਰੋ ਹਰਪਾਲ ਦੀ ਜਿਤ ਹੋਵੇ। ਤੇ ਸਚ ਮੁੱਚ ਹਰਪਾਲ ਦੀ ਹੀ ਜਿਤ ਹੋਈ ਭਾਵੇਂ ਭਾਰਤੀ ਟੀਮ ਕਿਤੇ ਸਤਵੇਂ ਥਾਂ ਰਹੀ। ਹਰਪਾਲ ਸਿੰਘ ਛੋਟੀ ਉਮਰ ਦਾ ਹਾਕੀ ਖਿਡਾਰੀ ਹੈ ਜੋ ਨਾਮਧਾਰੀ ਟੀਮ ਚੋਂ ਭਾਰਤੀ ਟੀਮ ਵਿਚ ਓਲੰਪਿਕ ਖੇਡਣ ਗਿਆ ਸੀ। ਭਾਰਤੀ ਟੀਮ ਨੂੰ ਤਾਂ ਅਜੇ ਉਡੀਕ ਹੀ ਹੈ ਓਲੰਪਿਕ ਜਿਤ ਦੀ ਪਰ ਹਰਪਾਲ ਦੀ ਖੇਡ ਨੇ ਬੱਲੇ ਬੱਲੇ ਕਰਵਾ ਲਈ। ਸਾਲ ੨੦੦੫ ਦੇ ਸ਼ੁਰੂ ਵਿਚ ਹੀ ਹੈਦਰਾਬਾਦ ਵਿਚ ਪਰੀਮੀਅਮ ਹਾਕੀ ਲੀਗ ਦਾ ਟੂਰਨਾਮੈਂਟ ਹੋਇਆ। ਇਸ ਵਿਚ ਭਾਰਤ ਦੇ ਪਰਮੁੱਖ ਖਿਡਾਰੀਆਂ ਨੂੰ ਵੱਡੇ-ਵੱਡੇ ਨਾਮ ਦੇ ਕੇ ਵੱਖ-ਵੱਖ ਟੀਮਾਂ ਵਿਚ ਵੰਡਿਆ ਗਿਆ ਸੀ। ਇਸ ਦੇ ਨਾਲ ਨਾਲ ਪਾਕਿਸਤਾਨ ਮਲੇਸ਼ੀਆ ਅਤੇ ਹੋਰ ਪ੍ਰਮੁੱਖ ਹਾਕੀ ਖੇਡਦੇ ਦੇਸ਼ਾਂ ਦੇ ਵਧੀਆ ਖਿਡਾਰੀ ਵੀ ਇਹਨਾਂ ਟੀਮਾਂ ਵਿਚ ਵੰਡ ਕੇ ਰੱਖੇ ਗਏ ਸਨ। ਜਿਵੇਂ ਇਸ ਟੂਰਨਾਮੈਂਟ ਦਾ ਨਾਮ ਹੈ ਪ੍ਰਮੁੱਖ ਖਿਲਾੜੀ ਇਸ ਟੂਰਨਾਮੈਂਟ ਵਿਚ ਖੇਡੇ। ਰੰਗ ਬਰੰਗੀਆਂ ਵਰਦੀਆਂ ਅਤੇ ਬਹੁ ਰੰਗੀਆਂ ਰੌਸ਼ਨੀਆਂ ਵਿਚ ਇਹ ਟੂਰਨਮੈਂਟ ਕਈ ਦਿਨ ਟੀ. ਵੀ. ਦਰਸ਼ਕਾਂ ਦਾ ਮਨੋਰੰਜਨ ਕਰਦਾ ਰਿਹਾ। "ਸ਼ੇਰੇ ਜਲੰਧਰ" ਨਾਮ ਦੀ ਟੀਮ ਬਹੁਤ ਪ੍ਰਭਾਵੀ ਖਿਤਾਬ ਦੀ ਦਾਅਵੇਦਾਰ ਟੀਮ ਗਿਣੀ ਜਾਂਦੀ ਸੀ। ਇਹਦੇ ਵਿਚ ਹੀ ਇਕ ਨਾਮ ਸੀ ਹਰਪਾਲ ਸਿੰਘ ਜਿਸ ਦੀ ਪਰਸੰਸਾ ਬਾਰ-ਬਾਰ ਟੀ. ਵੀ ਕੁਮੈਂਟੇਟਰ ਅਤੇ ਵਿਚਾਰ ਵਟਾਂਦਰੇ ਵਾਲੇ ਕਰਦੇ ਰਹੇ। ਹਰਪਾਲ ਸਿੰਘ ਅਤੇ ਦੀਦਾਰ ਸਿੰਘ ਦੋ ਖਿਲਾੜੀ ਨਾਮਧਾਰੀ ਇਲੈਵਨ ਦੇ ਸਨ ਜਿਨ੍ਹਾਂ ਦਾ ਵਿਸ਼ੇਸ਼ ਜ਼ਿਕਰ ਹੁੰਦਾ ਸੀ। ਹਰਪਾਲ ਸਿੰਘ ਸੁਰਖੀਆ ਵਿਚ ਬੈਕ ਦੀ ਪੋਜ਼ੀਸ਼ਨ ਵਿਚ ਇਕ ਪਾਸੇ ਖੇਡਦਾ ਸੀ। ਦੂਜੇ ਪਾਸੇ ਕਪਤਾਨ ਟਿਰਕੀ ਸੀ। ਹਰਪਾਲ ਦੀ ਸੰਘਰਸ਼ ਪੂਰਨ ਖੇਡ ਨੇ ਸਭ ਦਾ ਮਨ ਜਿਤਿਆ ਗੇਂਦ ਨੂੰ ਰੋਕਣ ਵਾਸਤੇ ਉਹ ਹਰ ਥਾਂ ਹੁੰਦਾ ਸੀ ਜਿਵੇਂ ਕੰਧ ਹੋਵੇ। ਗੇਂਦ ਨੂੰ ਡਰਿਬਲ ਕਰ ਕੇ ਬਚ ਬਚਾ ਕੇ ਐਸੀ ਥਾਂ ਬਾਲ ਸੁਟਦਾ ਸੀ ਮਾਨੋ ਆਪਣੇ ਅਗਲੇ ਸਾਥੀਆਂ ਦੀ ਹਾਕੀ ਉਤੇ ਹੱਥ ਨਾਲ ਰਖੀ ਹੋਵੇ। ਉਹ ਸਰੀਰ ਨਾਲ ਵੀ ਜਾਨ ਮਾਰ ਕੇ ਖੇਡ ਰਿਹਾ ਸੀ ਦਿਲ ਨਾਲ ਵੀ ਤੇ ਦਿਮਾਗ ਨਾਲ ਵੀ। ਉਹ ਪਿੱਛੇ ਵੀ ਸੀ ਅਗੇ ਵੀ, ਐਧਰ ਵੀ ਓਧਰ ਵੀ ਹਰ ਥਾਂ ਹੀ ਸੀ।

ਸੰਨ ੨੦੦੩ ਦੇ ਅਕਤੂਬਰ ਵਿਚ ਹੈਦਰਾਬਾਦ ਵਿਚ ਪਹਿਲੀਆਂ ਐਫਰੋ-ਏਸ਼ੀਆ ਗੇਮਜ਼ ਹੋਈਆਂ। ਹਾਕੀ ਦਾ ਫਾਈਨਲ ਮੁਕਾਬਲਾ ਰਵਾਇਤੀ ਵਿਰੋਧੀ ਅਤੇ ਗਵਾਂਢੀ ਪਾਕਿਸਤਾਨ ਦੀ ਮਜ਼ਬੂਤ ਟੀਮ ਨਾਲ ਸੀ। ਉਸ ਤੋਂ ਪਹਿਲਾਂ ਭਾਰਤੀ ਖਿਲਾੜੀ ਕੰਵਲ ਪ੍ਰੀਤ ਸਿੰਘ ਨੂੰ ਸੱਟ ਲਗ ਗਈ ਸੀ। ਫਲ ਸਰੂਪ ਫਾਈਨਲ ਵਿਚ ਹਰਪਾਲ ਸਿੰਘ ਨੂੰ ਖਿਡਾਇਆ ਗਿਆ। ਟਰਿਬਿਊਨ ਅਖਬਾਰ ਵਾਲਾ ਲਿਖਦਾ ਹੈ ਕਿ ਅੰਦਾਜ਼ੇ ਅਨੁਸਾਰ ਸਰਸਾ ਤੋਂ ੧੯ ਸਾਲ ਦੇ ਹਰਪਾਲ ਨੇ ਮਾਯੂਸ ਨਾ ਕੀਤਾ। ਉਸ ਦੇ ਚਮਤਕਾਰੀ ਸਿੱਝਣ ਅਤੇ ਅਗਾਊਂ ਅਨੁਮਾਨ ਨੇ ਹਾਜ਼ਰ ਸ੍ਰੋਤਿਆਂ ਦੇ ਦਿਲ ਜਿਤ ਲਏ।

India fielded the Harpal Singh in place of Kanwalpreet Singh who aggravated a hamstring injury earlier. And expectedly the 19 year old boy from Sirsa did not disappoint. His brilliant tackling and anticipatin surely won the hearts of many of those present.

ਇਹ ਖਿਤਾਬੀ ਮੈਚ ਭਾਰਤ ਨੇ ੩-੧ ਦੇ ਫਰਕ ਨਾਲ ਜਿੱਤ ਕੇ ਸੋਨੇ ਦਾ ਤਮਗਾ ਜਿਤਿਆ ਸੀ।

ਇਸ ਟੂਰਨਾਮੈਂਟ ਵਿਚ ਹਰਪਾਲ ਸਿੰਘ ਦੁਨੀਆ ਦੇ ਸਾਹਮਣੇ ਨਿਖਰ ਕੇ ਆਇਆ। ੩੦ ਅਕਤੂਬਰ ੨੦੦੩ ਨੂੰ ਹੈਦਰਾਬਾਦ ਦੱਖਣ ਦੇ ਗਾਚੀ ਬਾਵਲੀ ਸਟੇਡੀਅਮ ਵਿਚ ਇਹ ਮੈਚ ਹੋਇਆ। ਅਤੇ ਇਸ ਵਿਚ ਭਾਰਤ ਦੇ ਧੁਨੰਤਰ



Namdhari Elibrary NamdhariElibrary@gmail.com

ਖਿਡਾਰੀ ਧੰਨਰਾਜ ਪਿੱਲੇ, ਬਲਜੀਤ ਸਿੰਘ ਢਿਲੋਂ, ਬਲਜੀਤ ਸਿੰਘ ਸੈਣੀ ਅਤੇ ਜੁਗਰਾਜ ਸਿੰਘ ਨਹੀਂ ਸਨ ਖੇਡੇ। ਇਸ ਤੋਂ ਪਹਿਲਾਂ ਅਕਤੂਬਰ ੨੩ ਨੂੰ ਮਿਸਰ ਦੇ ਨਾਲ ਮੁਕਾਬਲੇ ਵਿਚ ਹਰਪਾਲ ਸਿੰਘ ਨੂੰ ੧੫ ਮਿੰਟ ਵਾਸਤੇ ਖੇਡਣ ਲਈ ਮਹੂਰਤੀ ਸਮਾਂ ਮਿਲਿਆ ਤਾਂ ਜਿਵੇਂ ਮਿਸਰੀਆਂ ਦੀਆਂ ਪੈਨਲਟੀ ਕਾਰਨਰ ਹਿਟਾਂ ਨੂੰ ਹਰਪਾਲ ਨੇ ਕੁਸ਼ਲਤਾ ਨਾਲ ਨਾਕਾਮ ਕੀਤਾ, ਸਾਰੇ ਦਰਸ਼ਕ ਅੱਸ਼ ਅੱਸ਼ ਕਰ ਉਠੇ। ਦੂਜਾ ਮੈਚ ਨਾਇਜੇਰੀਆ ਨਾਲ ਸੀ। ਉਹ ਪੂਰੇ ਸਮੇਂ ਵਾਸਤੇ ਪੂਰੇ ਵਿਸ਼ਵਾਸ਼ ਨਾਲ ਖੇਡਿਆ। ਸੈਮੀਫਾਈਨਲ ਮਲੇਸ਼ੀਆ ਨਾਲ ਸੀ ਅਤੇ ਫਾਈਨਲ ਪਾਕਿਸਤਾਨ ਨਾਲ। ਦੋਹਾਂ ਮੈਚਾਂ ਵਿਚ ਹੀ ਭਾਰਤ ਦਾ ਪ੍ਰਸਿੱਧ ਫੁਲ-ਬੈਕ ਕੰਵਲਪ੍ਰੀਤ ਸਿੰਘ ਜ਼ਖਮੀ ਹੋਣ ਕਾਰਨ ਨਾ ਖੇਡ ਸਕਿਆ ਤਾਂ ਹਰਪਾਲ ਸਿੰਘ ਨੂੰ ਖਿਡਾਇਆ। ਉਸ ਨੇ ਨਾ ਕੇਵਲ ਰਖਿਆ ਹੀ ਕੀਤੀ ਸਗੋਂ ਅਗੇ ਵੱਧ ਕੇ ਹਮਲੇ ਵਿਚ ਵੀ ਹਿੱਸਾ ਪਾਇਆ। ਕੋਚ ਰਾਜਿੰਦਰ ਸਿੰਘ ਨੇ ਖੁਲੇ ਦਿਲ ਨਾਲ ਪਰਸੰਸਾ ਕੀਤੀ ਅਤੇ ਹਰਪਾਲ ਦੀ ਥਾਂ ਪੱਕੀ ਹੋ ਗਈ।

ਹਰਪਾਲ ਸਿੰਘ ਦਾ ਜਨਮ ੧੧ ਅਕਤੂਬਰ ੧੯੮੩ ਨੂੰ ਹਰਿਆਣਾ ਦੇ ਸਰਸਾ ਜ਼ਿਲ੍ਹਾ ਦੇ ਮਸ਼ਹੂਰ ਨਾਮਧਾਰੀ ਪਿੰਡ ਸੰਤ ਨਗਰ ਵਿਚ ਸੂਬਾ ਬਲਕਾਰ ਸਿੰਘ ਦੇ ਘਰ ਹੋਇਆ। ਸੁਭਾਗੀ ਮਾਤਾ ਦਾ ਨਾਮ ਹੈ ਬਲਵਿੰਦਰ ਕੌਰ ਹੈ, ਦੋ ਭੈਣਾ ਤੇ ਦੋ ਭਰਾਵਾਂ ਦੇ ਟੱਬਰ ਵਿਚ (ਜਗਦੀਸ਼ ਕੌਰ, ਬਲਦੇਵ ਸਿੰਘ, ਸੁਖਬੀਰ ਕੌਰ, ਹਰਪਾਲ ਸਿੰਘ) ਹਰਪਾਲ ਸਿੰਘ ਉਮਰ ਵਿਚ ਸਭ ਤੋਂ ਛੋਟਾ ਪਰ ਪ੍ਰਾਪਤੀਆਂ ਵਿਚ ਵੱਡਾ ਹੈ। ਨਾਮਧਾਰੀ ਪੰਥ ਦਾ ਪ੍ਰਸਿੱਧ ਕਵੀ, ਗਾਇਕ ਸੰਗੀਤਕਾਰ ਅਤੇ ਜਥੇਦਾਰ ਜੁਗਿੰਦਰ ਸਿੰਘ ਮੁਕਤਾ ਅਤੇ ਸ. ਗੁਰਮੁੱਖ ਸਿੰਘ ਸ਼ਾਹ ਹਰਪਾਲ ਸਿੰਘ ਦੇ ਮਾਮਾ ਜੀ ਹਨ। ਉਸ ਦਾ ਵੱਡਾ ਭਰਾ ਬਲਦੇਵ ਸਿੰਘ ਵੀ ਹਰਿਆਣਾ ਸਟੇਟ ਦੀ ਕਪਤਾਨੀ ਕਰ ਚੁੱਕਿਆ ਹੈ। ਚਾਚੇ ਦਾ ਲੜਕਾ ਵੀ ਨਾਮਧਾਰੀ ਟੀਮ ਦਾ ਮੈਂਬਰ ਹੈ। ਹਾਕੀ ਖੇਡਣੀ ਸਕੂਲ (ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਜੀਵਨ ਨਗਰ-ਸੰਤ ਨਗਰ) ਵਿਚ ਸ਼ੁਰੂ ਕੀਤੀ। ਕੋਚ ਸਨ ਸ. ਬਲਦੇਵ ਸਿੰਘ ਖੋਏ ਵਾਲੇ। ਫੇਰ ਸ੍ਰੀ ਭੈਣੀ ਸਾਹਿਬ ਨਾਮਧਾਰੀ ਸਪੋਰਟਸ ਅਕੈਡਮੀ ਵਿਚ ਸ. ਹੀਰਾ ਸਿੰਘ ਕੋਚ (ਸਪੋਰਟਸ ਅਥਾਰਟੀ ਆਫ ਇੰਡੀਆ) ਸ. ਦੀਦਾਰ ਸਿੰਘ ਓਲੰਪੀਅਨ ਨਾਮਧਾਰੀ ਅਤੇ ਸ. ਹਰਮਿੰਦਰਪਾਲ ਸਿੰਘ ਤੋਂ ਕੋਚਿੰਗ ਲਈ। ਸਭ ਤੋਂ ਵਧ ਸਮਾਂ ਸ. ਬਲਦੇਵ ਸਿੰਘ ਸ਼ਾਹਬਾਦ ਤੋਂ ਟਰੇਨਿੰਗ ਲਈ। ਹਰਿਆਣਾ ਸਟੇਟ ਵੱਲੋਂ ਵੀ ਖੇਡਦੇ ਰਹੇ। ਥੋੜੇ ਸਮੇਂ ਵਿਚ ਹੀ ਹਰਪਾਲ ਹਾਕੀ ਖੇਡ ਦੀਆਂ ਪੌੜੀਆਂ ਚੜ੍ਹਦਾ ਗਿਆ। ਬਾਲ ਮੁਕਾਬਲਿਆਂ, ਸਬ-ਜੂਨੀਅਰ,ਜੂਨੀਅਰ ਤੋਂ ਅਗੇ ਸੀਨੀਅਰ (ਵਡਿਆਂ ਦੇ) ਮੁਕਾਬਲਿਆਂ ਵਿਚ ਅਗੇ ਤੋਂ ਅਗੇ ਪੈਰ ਹੀ ਰੱਖਿਆ। ਉਹ ਇਕੋ ਸਮੇਂ ਛੋਟੀ ਅਤੇ ਵੱਡੀ ਟੀਮ ਵਿਚ ਖੇਡਿਆ। ਹਰਪਾਲ ਵੱਲੋਂ ਪੌੜੀ ਦਰ ਪੌੜੀ ਉਪਰ ਚੜਣ ਦੀ ਦਾਸਤਾਨ ਦਿਲਚਸਪ ਵੀ ਹੈ ਅਤੇ ਫਖਰ ਯੋਗ ਵੀ। ਖੇਡ ਮੁਕਾਬਲਿਆਂ ਵਿਚ ਉਸ ਦੀਆਂ ਸ਼ਾਨਦਾਰ ਪ੍ਰਾਪਤੀਆਂ ਦੇ ਵੇਰਵੇ ਚੋਂ ਕੁਝ ਇਵੇਂ ਹੈ :-

੧) ਅਠਾਰਾਂ ਸਾਲਾ ਤੋਂ ਥੱਲੇ ਨੈਸ਼ਨਲ ਮੁਕਾਬਲੇ ਕਰੀਮ ਨਗਰ ੨੦੦੧
੨) ਜੂਨੀਅਰ ਨੈਸ਼ਨਲ ਮਦਰਾਸ ਮਦਰਾਸ ੨੦੦੧
੩) ਸੱਬ ਜੂਨੀਅਰ ਨਹਿਰੂ ਹਾਕੀ ਟੂਰਨਾਮੈਂਟ ਨਵੀਂ ਦਿੱਲੀ-੨੦੦੨ ਦੂਸਰਾ ਸਥਾਨ
੪) ਕਰਨਾਟਕ ਸਟੇਟ ਹਾਕੀ ਲੀਗ (ਬੰਗਲੌਰ) ੨੦੦੨
੫) ਜੂਨੀਅਰ ਨੈਸ਼ਨਲ ਰਾਇਪੁਰ ੨੦੦੩
੬) ਆਲ ਇੰਡੀਆ ਨਹਿਰੂ ਟੂਰਨਾਮੈਂਟ (ਨਵੀਂ ਦਿੱਲੀ) - ੨੦੦੩
੭) ਆਲ ਇੰਡੀਆ ਬੰਬੇ ਗੋਲਡ ਕੱਪ ਮੁੰਬਈ -੨੦੦੩
੮) ਸਿਕਸ ਨੇਸ਼ਨ ਹਾਕੀ ਟੂਰਨਾਮੈਂਟ ਮਿਸਰ -੨੦੦੩
੯) ਫਸਟ ਐਫਰੋ ਏਸ਼ੀਅਨ ਗੇਮਜ਼ ਹੈਦਰਾਬਾਦ -੨੦੦੩ (ਗੋਲਡ ਮੈਡਲ)
੧੦) ਅਜ਼ਲਾਨ ਸ਼ਾਹ ਹਾਕੀ ਟੂਰਨਾਮੈਂਟ ਕੁਆਲਾਲੰਪੁਰ - ੨੦੦੩
੧੧) ਫੋਰ ਨੇਸ਼ਨ ਹਾਕੀ ਟੂਰਨਾਮੈਂਟ ਆਸਟ੍ਰੇਲੀਆ -੨੦੦੪।
੧੨) ਹਿੰਦ-ਪਾਕ ਦੋਸਤੀ ਸੀਰੀਜ਼ -੨੦੦੪
੧੩) ਫੋਰ ਨੇਸ਼ਨ ਸੀਰੀਜ਼ ਟੂਰਨਾਮੈਂਟ ਜਰਮਨੀ -੨੦੦੪
੧੪) ਇੰਡੀਆ-ਬੈਲਜੀਅਮ ਟੈਸਟ ਸੀਰੀਜ਼ ਬੈਲਜੀਅਮ-੨੦੦੪
੧੫) ੨੬ਵੀਂ ਚੈਂਪੀਅਨ ਟਰਾਫੀ ਲਾਹੌਰ -੨੦੦੪
੧੬) ਭਾਰਤ-ਹਾਲੈਂਡ ਟੈਸਟ ਸੀਰੀਜ਼ ਹੈਦਰਾਬਾਦ -੨੦੦੪
੧੭) ਓਲੰਪਿਕ ਗੇਮਜ਼ ਏਥਨਜ਼ -੨੦੦੪
੧੮) ਪਰੀਮੀਅਮ ਹਾਕੀ ਲੀਗ ਹੈਦਰਾਬਾਦ -੨੦੦੫
੧੯) ਫੋਰ ਨੇਸ਼ਨ ਹਾਕੀ ਟੂਰਨਾਮੈਂਟ ਹਾਲੈਂਡ-੨੦੦੫
੨੦) ਅਜ਼ਲਾਨ ਸ਼ਾਹ ਹਾਕੀ ਟੂਰਨਾਮੈਂਟ ਕੁਆਲਾਲੰਪੁਰ - ੨੦੦੫

ਇਹ ਲਿਸਟ ਬਹੁਤ ਲੰਬੀ ਹੈ। ਹਰਪਾਲ ਸਿੰਘ ਸੁਭਾਅ ਵੱਲੋਂ ਬਹੁਤ ਨਿਮਰ ਅਤੇ ਅਪਣੇ ਪਰਚਾਰ ਵਜੋਂ ਸ਼ਰਮਾਕਲ ਵਿਅਕਤੀ ਹੈ। ਨਾਮਧਾਰੀ ਰਹੁ ਰੀਤਾਂ ਪਹਿਰਾਵੇ ਵੱਲੋਂ ਗੁਰੂ ਘਰ ਦਾ ਸ਼ਰਧਾਵਾਨ ਸਿੱਖ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰੀਤਵਾਨ ਹੈ। ਇਹ ਸਿੱਖਿਆ ਉਹਨੂੰ ਘਰੋਂ ਹੀ ਮਿਲੀ ਹੈ। ਪਿਤਾ ਸੂਬਾ ਬਲਕਾਰ ਸਿੰਘ, ਦਾਦਾ ਸੰਤ ਦਲੀਪ ਸਿੰਘ, ਪੜਦਾਦਾ ਜਥੇਦਾਰ ਹਰਨਾਮ ਸਿੰਘ, ਸਭ ਗੁਰੂ ਘਰ ਦੇ ਪ੍ਰੀਤਵਾਨ ਰਹੇ ਹਨ। ਨਾਮਧਾਰੀ ਖਿਲਾੜੀ ਆਪਣੀ ਸਫੈਦ ਕਿਟ ਵਿਚ ਹੀ ਖੇਡਦੇ ਹਨ ਸਫੈਦ ਨਾਮਧਾਰੀ (ਗੋਲ) ਪਗੜੀ ਅਤੇ ਗੁਰਮੁਖੀ ਕਛਹਿਰਾ ਨਾਲ। ਭਾਰਤੀ ਹਾਕੀ ਟੀਮ ਦੀ ਹੋਰ ਰੰਗਾਂ ਵਾਲੀ ਵਰਦੀ ਉਹਨੇ ਸਤਿਗੁਰਾਂ ਕੋਲੋਂ ਵਿਸ਼ੇਸ਼ ਛੋਟ


Namdhari Elibrary NamdhariElibrary@gmail.com

ਅਤੇ ਆਗਿਆ ਲੈ ਕੇ ਮੈਚ ਦੇ ਸਮੇਂ ਵਾਸਤੇ ਅੰਗੀਕਾਰ ਕੀਤੀ ਹੈ। ਹਰਪਾਲ ਦੇ ਪਿਤਾ ਜੀ ਨੇ ਦਸਿਆ ਕਿ ਉਸਨੂੰ ਛੋਟੇ ਹੁੰਦਿਆਂ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਸੁਪਨ ਅਵਸਥਾ ਵਿਚ ਹੁੰਦੇ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ ਕਿ ਦਾੜ੍ਹੀ ਨਹੀਂ ਕਟਣੀ। ਹਰਪਾਲ ਨੇ ਉਸੇ ਵੇਲੇ ਕਿਹਾ ਕਿ ਸਤਿ ਬਚਨ ਜੀ– ਸਤਿਗੁਰਾਂ ਕਿਹਾ ਕਿ ਮੈਨੂੰ ਏਹੋ ਜਿਹੇ ਬੱਚੇ ਚਾਹੀਦੇ ਹਨ। ਅਸਟ੍ਰੇਲੀਆ ਦੇ ਟੂਰ ਤੇ ਗਿਆਂ ਸਾਰਾ ਸਾਮਾਨ ਹੀ ਹਵਾਈ ਅੱਡੇ ਤੇ ਕਿਸੇ ਤਰ੍ਹਾਂ ਰਹਿ ਗਿਆ। ਸਾਮਾਨ ੧੫ ਦਿਨਾਂ ਬਾਦ ਉਥੇ ਪੁੱਜਾ। ਏਨੇ ਦਿਨ ਹਰਪਾਲ ਨੇ ਇਕੋ ਕਛਹਿਰੇ ਨਾਲ ਕੰਮ ਚਲਾਇਆ। ਉਸ ਨਾਲ ਹੀ ਨਹਾਉਣਾ ਅਤੇ ਉਸ ਨੂੰ ਹੀ ਮੁੜ ਪਾਉਣਾ। ਗੁਰਸਿੱਖੀ ਦਸਤੂਰ ਅਨੁਸਾਰ ਇਕ ਪਹੁੰਚਾ ਲਾਹੁਣਾ ਤੇ ਪਾਉਣਾ। ਡਰਾਇਰ ਨਾਲ ਸੁਕਾ ਸੁਕਾ ਕੇ ਕਛਹਿਰਾ ਵਰਤਿਆ ਪਰ ਗੁਰੂ ਕੀ ਮਰਯਾਦਾ ਭੰਗ ਨਹੀਂ ਹੋਣ ਦਿਤੀ। ਇਕ ਵਾਰ ਹਰਪਾਲ ਦੇ ਲੱਕ ਵਿਚ ਬਹੁਤ ਦਰਦ ਹੋ ਗਈ। ਰਾਤ ਨੂੰ ਅਰਦਾਸ ਕਰ ਕੇ ਸੁੱਤਾ। ਰਾਤ ਸੁਪਨੇ ਵਿਚ ਸਤਿਗੁਰਾਂ ਲੱਕ ਵਿਚ ਮੁੱਕਾ ਮਾਰ ਕੇ ਕਿਹਾ ਤੂੰ ਠੀਕ ਹੈਂ। ਲੱਕ ਠੀਕ ਹੋ ਗਿਆ। ਅਗਲੇ ਦਿਨ ਮੈਚ ਖੇਡਿਆ। ਹਰਪਾਲ ਸਿੰਘ ਕੋਲ ਸੱਚੇ ਪਾਤਸ਼ਾਹ (ਸਤਿਗੁਰੂ ਜਗਜੀਤ ਸਿੰਘ ਜੀ) ਦੀ ਕਿਰਪਾ ਦੀਆਂ ਅਨੇਕਾਂ ਉਦਾਹਰਨਾਂ ਹਨ। ਉਹ ਸ਼ਰਧਾ ਨਾਲ ਲਬਾ ਲਬ ਹੈ। ਇਕ ਵਾਰ ਲਖਨਊ ਵਿਚ ਚੈਂਪੀਅਨ ਟਰਾਫੀ ਸਮੇਂ ਨੱਕ ਤੇ ਸੱਟ ਲੱਗ ਗਈ ਕਰਾਸ ਕੱਟ ਹੋ ਗਿਆ। ਟਾਂਕੇ ਵੀ ਲਗੇ। ਡਾਕਟਰਾਂ ਕਿਹਾ ਕਿ ਦੁਬਾਰਾ ਓਪਰੇਸ਼ਨ ਕਰਾਉਣਾ ਪਵੇਗਾ। ਸਤਿਗੁਰਾਂ ਕੋਲ ਅਰਜ਼ ਕੀਤੀ ਉਹਨਾਂ ਕਿਹਾ ਤੂੰ ਠੀਕ ਹੈਂ। ਇਹ ਹੀ ਵਾਕ ਅਕਸੀਰ ਹੋ ਗਏ। ਕੋਈ ਸਮੱਸਿਆ ਰਹੀ ਹੀ ਨਾ। ਓਲੰਪਿਕ ਵਾਸਤੇ ਚੋਣ ਸਮੇਂ ਹਰਪਾਲ ਨੂੰ ਘਰ ਪਿੰਡ ਵਾਪਸ ਭੇਜ ਦਿਤਾ ਗਿਆ। ਫੇਰ ਸਤਿਗੁਰਾਂ ਸੁਪਨੇ ਵਿਚ ਦਰਸ਼ਨ ਦੇ ਕੇ ਕਿਹਾ, ਹਰਪਾਲ ਨਰਾਸ਼ ਨਾ ਹੋ ਤੂੰ ਚੁਣਿਆ ਗਿਆ ਹੈਂ। ਹਰਪਾਲ ਨੂੰ ਦੁਬਾਰਾ ਘਰੋਂ ਬੁਲਾ ਭਾਰਤੀ ਟੀਮ ਵਿਚ ਚੋਣ ਦੀ ਖੁਸ਼ਖਬਰੀ ਦਿੱਤੀ ਗਈ। ਐਫਰੋ ਏਸ਼ੀਅਨ ਗੇਮਜ਼ ਭਾਰਤ ਨੇ ਪਾਕਿਸਤਾਨ ਨੂੰ ਹਰਾ ਕੇ ਜਿਤੀ ਸੀ। ਹਰਿਆਣਾ ਸਰਕਾਰ ਨੇ ਹਰਪਾਲ ਸਿੰਘ ਨੂੰ ਗੋਲਡ ਮੈਡਲ ਜਿਤਨ ਕਰਕੇ ਦਸ ਲੱਖ ਦਾ ਪੁਰਸਕਾਰ ਦਿਤਾ। ਹਰਪਾਲ ਨੇ ਦਸਵੰਧ ਦੀ ਪੂਰੀ ਰਕਮ ਸ੍ਰੀ ਭੈਣੀ ਸਾਹਿਬ ਗੁਰੂ ਕੇ ਲੰਗਰ ਨੂੰ ਅਰਪਿਤ ਕੀਤੀ।

ਹਰਪਾਲ ਸਿੰਘ ਨੇ ਦਸਿਆ ਕਿ ਸੱਚੇ ਪਾਤਸ਼ਾਹ ਮੇਰੀ ਵਿਸ਼ੇਸ਼ ਸਹਾਇਤਾ ਕਰਕੇ ਹਨ। ਜਦੋਂ ਖਾਸ ਕਰੂਸ਼ਲ ਮੈਚ ਹੁੰਦਾ ਹੈ ਤਾਂ ਉਹਨਾਂ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ। ਆਪ ਜੀ ਨਿਕਟ ਵਰਤੀ ਸੇਵਕਾਂ ਨੂੰ ਭਜਨ ਸਿਮਰਨ ਕਰਨ ਦਾ ਹੁਕਮ ਕਰਦੇ ਹਨ। ਉਹਨਾਂ ਦੀ ਕਿਰਪਾ ਨਾਲ ਮੈਨੂੰ ਨਿਮਾਣੇ ਨੂੰ ਬਹੁਤ ਮਾਣ ਮਿਲਿਆ ਹੈ।

ਭਾਰਤ ਦੀ ਹਾਕੀ ਟੀਮ ੧੯ ਜੁਲਾਈ ੨੦੦੩ ਨੂੰ ਲਖਨਊ ਗਈ। ਸਟੇਸ਼ਨ ਉਤੇ ਜੀ ਆਇਆ ਕਹਿਣ ਲਈ ਸਪਰੋਟਸ ਅਥਾਰਟੀ ਆਫ ਇੰਡੀਆ ਦਾ ਕਿਸੇ ਸਮੇਂ ਰਿਹਾ ਕੋਚ ਬ੍ਰਿਜਿੰਦਰ ਪਾਲ ਸਿੰਘ ਵੀ ਗਿਆ। ਉਸ ਵੇਲੇ ਦੀ ਕਹਾਣੀ ਉਸ ਨੇ ਇਕ ਚਿੱਠੀ ਵਿਚ ਬਿਆਨ ਕੀਤੀ ਹੈ ਜੋ ਉਸ ਨੇ ਉਸੇ ਮਹੀਨੇ ੨੯ ਜੁਲਾਈ ਨੂੰ ਭਾਰਤੀ ਹਾਕੀ ਟੀਮ ਦੇ ਕੋਚ ਸ. ਰਾਜਿੰਦਰ ਸਿੰਘ ਸ. ਬਲਦੇਵ ਸਿੰਘ ਅਤੇ ਉਸ ਸਮੇਂ ਦੇ ਸਿੱਖ ਖਿਡਾਰੀਆਂ ਦੇ ਨਾਮ ਲਿਖੀ। ਉਹ ਲਿਖਦਾ ਹੈ,

"…. ਟੀਮ ਵਿਚ 'ਸਿੰਘ' ਦੀ ਲੰਬੀ ਸੂਚੀ ਵੇਖ ਕੇ ਆਪ ਜੀ ਦੀ ਲਖਨਊ ਆਉਣ ਦੀ ਖੁਸ਼ੀ ਵਿਚ ਆਪ ਜੀ ਲੋਗਾਂ ਨੂੰ ਜੀ ਆਇਆ ਕਹਿਣ ਲਈ ਉਸੇ ਪੁਰਾਨੀ ਆਸ ਨਾਲ ੧੯ ਜੁਲਾਈ ਨੂੰ ਮੈਂ ਵੀ ਰੁਝੇਵੇਂ ਛੱਡ ਕੇ ਆਪਣੇ ਕੁਝ ਵੀਰਾਂ ਨਾਲ ਖਾਲਸੇ ਦੇ ਨਜ਼ਾਰੇ ਵੇਖਣ ਸਟੇਸ਼ਨ ਤੇ ਗਿਆ ਸੀ। ਪਰ ਸੱਚ! ਉਸ ਕਲਗੀਆਂ ਵਾਲੇ ਦੀ ਸੋਂਹ। ਮੇਰੀਆਂ ਅਖੀਆਂ ਦਸਤਾਰ (ਪਗੜੀ) ਵੇਖਣ ਨੂੰ ਤਰਸ ਗਈਆਂ। ਮੈਂ ਤਾਂ ਸੋਚਿਆ ਸੀ ਕਿ ਪੱਗਾਂ ਹੀ ਪੱਗਾਂ ਦਿਸਣਗੀਆਂ। ਕਿਉਂਕਿ ਇਕ ਪੱਗ ਸੈਂਕੜਿਆਂ ਤੇ ਭਾਰੂ ਹੁੰਦੀ ਹੈ। ਮੰਨਿਆ ਸਫਰ ਕਰਕੇ ਆਏ ਸੀ। ਚਲੋ ਪਗੜੀ ਨਹੀਂ ਪਟਕੇ ਹੀ ਸਿਰਾਂ ਦੇ ਹੁੰਦੇ। ਕੁਝ ਨੇ ਤਾਂ ਸਰੂਪ (ਕੇਸ਼) ਹੀ ਨਹੀਂ ਰੱਖਿਆ। ਕੁਝ ਜਿਨਾ ਰੱਖੇ, ਉਨਾਂ ਵੀ ਟੋਪੀ ਪਾਈ ਹੋਈ ਸੀ। ਸ਼ਾਇਦ ਆਪਣੇ ਆਪ ਨੂੰ ਸਿੱਖੀ ਤੋਂ ਜਾਂ ਆਪਣੀ ਸਿੱਖੀ ਨੂੰ ਛਪਾਈ ਫਿਰਦੇ ਸਨ। ਸੋਚਾਂ ਪਈਆਂ ਕਲਗੀ ਵਾਲੇ ਪਾਤਸ਼ਾਹ! ਐਸੀ ਕਿਹੜੀ ਭੀੜ੍ਹਾ ਆਣ ਪਈ ਕਿ ਅੱਜ ਸਿੱਖ ਆਪਣੇ ਆਪ ਨੂੰ ਸਿੱਖ ਪੇਸ਼ ਕਰਨ ਲਈ ਵੀ ਸ਼ਰਮ ਮਹਿਸੂਸ ਕਰ ਰਿਹਾ ਹੈ। ਐਸੀ ਨੌਬਤ ਤਾਂ ਮੀਰ ਮਨੂੰ, ਫਰਖਸੀਅਰ ਅਤੇ ਔਰੰਗੇ ਵੇਲੇ ਵੀ ਨਹੀਂ ਸੀ, ਜਦੋਂ ਸਿੱਖਾਂ ਦੇ ਸਿਰਾਂ ਦੇ ਮੁਲ ਪੈਂਦੇ ਸੀ।

ਉਸ ਵੇਲੇ ਇਕ ਸਿੱਖ ਸਰੂਪ (ਪਗੜੀ) ਦਿਸਿਆ। ਮੈਂ ਭੱਜ ਕੇ ਉਸ ਕੋਲ ਗਿਆ। ਖੁਸ਼ੀ ਵਿਚ ਗਲਾ ਭਰ ਆਇਆ, ਅੱਖਾਂ ਭਿੱਜ ਗਈਆ, ਨਾਂ ਵੀ ਨਹੀਂ ਪੁੱਛ ਪਾ ਰਿਹਾ ਸੀ। ਤੀਜੀ ਵਾਰ ਵਿਚ ਬੋਲ ਸਕਿਆ ਅਤੇ ਨਾਂ ਪੁੱਛਿਆ ਪਤਾ ਲੱਗਿਆ ਸ. ਹਰਪਾਲ ਸਿੰਘ ਹਨ। ਧੰਨ ਵੀਰੇ। ਪਾਤਸ਼ਾਹ ਤੈਨੂੰ ਚੜ੍ਹਦੀ ਕਲਾਂ ਬਖਸ਼ਨ। ਤੈਂ ਬਾਣੇ ਦੀ ਲਾਜ ਰੱਖੀ ਹੈ।…

(ਪੂਰੀ ਚਿੱਠੀ ਵਿਚ ਸਿੱਖ ਖਿਡਾਰੀਆਂ ਅਤੇ ਕੋਚਾਂ ਵੱਲੋਂ ਆਪਣੇ ਕੇਸ ਕਟਵਾਉਣ ਅਤੇ ਸਿਰ ਤੇ ਟੋਪੀਆਂ ਸਜਾਉਣ ਤੇ ਖੇਦ ਪਰਗਟ ਕੀਤਾ ਹੈ ਅਤੇ ਸਿੱਖੀ ਸਰੂਪ ਵਿਚ ਕਿਸੇ ਜ਼ਮਾਨੇ ਵਿਚ ਖੇਡਦੇ ਖਿਡਿਾਰੀਆਂ ਨੂੰ ਯਾਦ ਕੀਤਾ ਗਿਆ ਹੈ। ਚਿੱਠੀ ਲਿਖਣ ਵਾਲਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਸਟੇਟ ਸਕੱਤਰ ਵੀ ਹੈ। ਭਾਵ ਯੂ.ਪੀ ਸਟੇਟ ਦਾ ਸਕੱਤਰ ਉਂਜ ਇਸ ਸੰਸਥਾ ਦਾ ਮੁਖ ਦਫਤਰ ਲੁਧਿਆਣੇ ਹੈ)

ਅਗੇ ਅਸੀਂ ਅੰਗ੍ਰੇਜ਼ੀ ਅਖ਼ਬਾਰ ਟ੍ਰਿਬਿਊਨ ਦੀ ਇਕ ਰਿਪੋਰਟ ਛਾਪ ਰਹੇ ਹਾਂ। ਜੋ ਹਰਪਾਲ ਬਾਰੇ ਆਪ ਹੀ ਦਸ ਰਹੀ ਹੈ।



Namdhari Elibrary NamdhariElibrary@gmail.com

# Another hockey star set to dazzle

Chandigarh— Indian hockey's strength today lies in strong bench power. After years of struggle and planning, the team management, including coaches Rajinder Singh and Baldev Singh can derive satisfaction from the fact that for every position in the national team, there are several players ready to don national colours.

This was precisely the reason that Indian went on to win the Asia Cup without their trump card Jugraj Singh, who was hospitalised following a serious road mishap.

And India's tale of success did not end with the historic Asia Cup win at Kuala Lumpur. In the inaugural Afro-Asian Games at Hyderabad, India once again romped home with the title, chalking out impressive wins from days one. The final against Pakistan which India won 3-1 was, in fact, a repeat of the Asia Cup title clash wich incidentally was won by India . And the Indian team that took on Pakistan in the Afro-Asian Games final at Hyerabad's Gachibowli Stadium on October 30 was without stalwarts like Dhanraj Pillay, Baljeet Singh Dhillon, Baljit Singh Saini, and Jugraj Singh.

Included in the line-up were greenhorns like Harpal Singh, the young and energetic defender who made an impressive debut in the lung opener against Egypt on October 23.

Although Harpal was fielded for about 15 minutes in the opener, he impressed the crowd with effective tackling thwarting penalty corner hits by the Egyptians.

The second match against Nigeria which he played for the entire duration boosted his confidence and the third against Pakistan on October 27 saw Harpal once again playing an effective role in India's victory. Thus when ace defender Kanwalpreet Singh was ruled out of the semifinals and final due to a hamstring injury, Harpal was an automatic choice. He not only defended well in the semifinal against Malaysia and subsequently in the final against Pakistan but also lent support to the attack along with skipper Dilip Tirkey, the other full back. And according to Rajinder Singh, Harpal has sent a strong message through his performance in the Afro-Asian Game and it will be difficult to sideline him. Such replacements at short notice were unthinkable till a few years back.

Hardly 19 years old, Harpal Singh belongs to Santnagar village near Sirsa. He is a product of the Namdhari Sports Academy and trainc under the watchful eyes of Olympian Didar Singh and Harminder Pal Singh. Son of a farmer, Mr. Balkar Singh, Harpal owes his success to the Namdhari head, Satguiu Jagjit Singh. A student of BA second year in Kurukshetra University, Harpal was in the India 'A' team that toured Egypt in March this year where his team finished third. He was also called for the camps in preparation for the Asia Cup and Champions Trophy this year. Given his young age, the young Harpal is destined to soar higher in the years to come.

*The Tribune, Chandigarh*
*Wednesday, November, 26,2003.*
*—Sports Page*


Namdhari Elibrary NamdhariElibrary@gmail.com

*ਭਾਈ ਸੰਤੋਖ ਸਿੰਘ ਬਾਹੋਵਾਲ ਕ੍ਰਿਤ*

# "ਸਤਿਗੁਰੂ ਬਿਲਾਸ" ਭਾਗ ਦੂਜਾ—ਇਕ ਸਮੀਖਿਆ

*—ਸੁਵਰਨ ਸਿੰਘ ਵਿਰਕ*

ਭਾਰਤੀ ਨਵ ਜਾਗਰਣ ਦੇ ਸਬੰਧ ਵਿਚ ਪੰਜਾਬ ਦੀ ਚਰਚਾ ਕਰਦੇ ਹੋਏ ਪ੍ਰਸਿੱਧ ਮਾਰਕਸਵਾਦੀ ਚਿੰਤਕ ਅਤੇ ਪ੍ਰਗਤੀਸ਼ੀਲ ਸਾਹਿਤ ਸਮੀਖਿਅਕ ਪ੍ਰੋ. ਗੁਰਬਖਸ਼ ਸਿੰਘ ਫਰੈਂਕ ਲਿਖਦੇ ਹਨ :-

"ਪੰਜਾਬ ਉੱਪਰ ਅੰਗ੍ਰੇਜ਼ਾਂ ਦੇ ਕਬਜ਼ੇ ਨੂੰ ਕਦੇ ਵੀ ਪੰਜਾਬੀ ਲੋਕ ਕਬੂਲ ਨਹੀਂ ਕਰ ਸਕੇ। ਇਸ ਲਈ ਸ਼ਾਇਦ ਹੀ ਕੋਈ ਦਹਾਕਾ ਅਜਿਹਾ ਲੰਘਿਆ ਹੋਵੇਗਾ ਜਿਸ ਵਿਚ ਪੰਜਾਬ ਅੰਦਰ ਆਜ਼ਾਦੀ ਲਈ ਕੋਈ ਬਹੁਤ ਵੱਡਾ ਪ੍ਰਯਤਨ ਨਾ ਕੀਤਾ ਗਿਆ ਹੋਵੇ। ਅਜਿਹਾ ਹੀ ਇਕ ਬਹੁਤ ਵੱਡਾ ਪ੍ਰਯਤਨ ਨਾਮਧਾਰੀਆਂ ਦਾ ਸੀ। ਦੂਜੀਆਂ ਗੱਲਾਂ ਤੋਂ ਇਲਾਵਾ, ਨਾਮਧਾਰੀ ਸੰਘਰਸ਼ ਦਾ ਇਕ ਪੱਖ, ਅੰਗ੍ਰੇਜ਼ਾਂ ਦੀ ਹਰੇਕ ਵਸਤੂ ਦਾ ਬਾਈਕਾਟ, ਜਿਸ ਵਿਚ ਅੰਗ੍ਰੇਜ਼ੀ ਪਹਿਰਾਵਾ, ਅੰਗ੍ਰੇਜ਼ੀ ਸਿੱਖਿਆ, ਅੰਗ੍ਰੇਜ਼ੀ ਵਸਤਾਂ ਅਤੇ ਇਥੋਂ ਤੱਕ ਕਿ ਅੰਗ੍ਰੇਜ਼ੀ ਯਾਤਾ ਯਾਤ ਅਤੇ ਸੰਚਾਰ ਦੇ ਸਾਧਨ ਵੀ ਸ਼ਾਮਿਲ ਹਨ। ਇਹ ਮਹਾਤਮਾ ਗਾਂਧੀ ਦਾ ਸੁਦੇਸ਼ੀ ਦਾ ਨਾਅਰਾ ਹੀ ਸੀ ਜੋ ਉਨ੍ਹਾਂ ਤੋਂ ਕੁਝ ਦਹਾਕੇ ਪਹਿਲਾਂ ਦਿੱਤਾ ਗਿਆ ਸੀ। ਨਾਮਧਾਰੀਆਂ ਦੀ ਧਾਰਮਿਕ ਪੱਖਧਰਤਾ ਦਾ ਉਪਯੋਗ ਕਰਦਿਆਂ ਹੋਇਆਂ (ਉਹ ਗਊ ਰੱਖਿਆ ਲਈ ਅੰਧ ਵਿਸ਼ਵਾਸ ਦੀ ਹੱਦ ਤੱਕ ਉਤਸ਼ਾਹੀ ਸਨ) ਅੰਗ੍ਰੇਜ਼ਾਂ ਨੇ ਮੁਸਲਮਾਨਾਂ ਨਾਲ ਉਨ੍ਹਾਂ ਦੇ ਝਗੜਿਆਂ ਨੂੰ ਤਿਖੇਰਾ ਕਰ ਦਿੱਤਾ ਅਤੇ ਇਸ ਬਹਾਨੇ ਨਾਲ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਅਤੇ ਉਨ੍ਹਾਂ ਦੇ ਗੁਰੂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ।"[1]

ਨਾਮਧਾਰੀ ਗੁਰੂ, ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਦੇ ਪੂਰੇ ਇਕ ਦਹਾਕੇ ਬਾਅਦ ਪਿੰਡ ਬਾਹੋਵਾਲ ਜ਼ਿਲ੍ਹਾ ਹੁਸ਼ਿਆਰਪੁਰ (ਹੁਸ਼ਿਆਰਪੁਰ ਤੋਂ ਮਾਹਲਪੁਰ ਵਾਲੀ ਸੜਕ ਦੇ ੧੪ਵੇਂ ਕਿਲੋਮੀਟਰ) ਤੋਂ ਇਕ ਐਸਾ ਸ਼ਖਸ ਡੇਰਾ ਸ੍ਰੀ ਭੈਣੀ ਸਾਹਿਬ ਵਿਚ ਆਇਆ ਜਿਸ ਬਾਰੇ ਉਸ ਸਮੇਂ ਕਿਸੇ ਨੇ ਕਿਆਸਿਆ ਤੱਕ ਨਹੀਂ ਹੋਵੇਗਾ ਕਿ ਇਸ ਦੀ ਕੀਰਤੀ ਦੇਸ਼ ਕਾਲ ਦੀਆਂ ਸਾਰੀਆਂ ਸੀਮਾਵਾਂ ਨੂੰ ਪਾਰ ਕਰਕੇ ਚਹੁੰ ਕੂਟਾਂ ਵਿਚ ਫੈਲ ਜਾਵੇਗੀ। ਇਹ ਵਿਅਕਤੀ ਭਾਈ ਸੰਤੋਖ ਸਿੰਘ ਬਾਹੋਵਾਲ ਸੀ ਅਤੇ ਉਸ ਦੀ ਅਮਰਤਾ ਦਾ ਕਾਰਨ ਉਸ ਦੁਆਰਾ ਰਚਿਤ ਵੱਡ ਆਕਾਰੀ ਗ੍ਰੰਥ 'ਸਤਿਗੁਰੂ ਬਿਲਾਸ' ਹੈ, ਜਿਸ ਦਾ ਪਹਿਲਾ ਭਾਗ ਜੋ ੧੮੭੨ ਈ. ਤੱਕ ਦਾ ਨਾਮਧਾਰੀ ਇਤਿਹਾਸ ਬਿਆਨ ਕਰਦਾ ਹੈ, ਨਾਮਧਾਰੀ ਦਰਬਾਰ , ਸ੍ਰੀ ਭੈਣੀ ਸਾਹਿਬ ਵੱਲੋਂ ਸ. ਜਸਵਿੰਦਰ ਸਿੰਘ ਹਿਸਟੋਰੀਅਨ ਦੀ ਸੰਪਾਦਨਾ ਹੇਠ ੨੦੦੨ ਈ. ਵਿਚ ਛਪ ਚੁੱਕਾ ਹੈ, ਆਪਣੇ ਰਚੇ ਜਾਣ ਤੋਂ ਤਕਰੀਬਨ ਇਕ ਸਦੀ ਬਾਅਦ ਅਤੇ ਹੁਣ ੧੯੦੬ ਈ. ਤੱਕ ਦੇ ਗੁਰ ਇਤਿਹਾਸ ਨੂੰ ਬਿਆਨ ਕਰਨ ਵਾਲਾ ਗੁਰੂ ਹਰੀ ਸਿੰਘ ਜੀ ਦੇ ਗੁਰਤਾ ਕਾਲ ਨਾਲ ਸਬੰਧਿਤ ਦੂਜਾ ਭਾਗ ਐਤਕੀਂ ੨੦੦੫ ਈ. ਦੇ ਅੱਸੂ ਦੇ ਮੇਲੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਰਿਲੀਜ਼ ਕੀਤਾ ਗਿਆ ਹੈ। ਇਸ ਅਵਸਰ 'ਤੇ ਸੰਪਾਦਕ ਜਸਵਿੰਦਰ ਸਿੰਘ ਦੀ ਘਾਲਣਾ ਦਾ ਉਚ ਮੁਲੰਕਣ ਕਰਦੇ ਹੋਏ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

ਆਪਣੇ ਭੈਣੀ ਸਾਹਿਬ ਆਗਮਨ ਦਾ ਜ਼ਿਕਰ ਅਤੇ ਪ੍ਰਯੋਜਨ ਸੰਤੋਖ ਸਿੰਘ ਹੋਰਾਂ ਨੇ ਇਸ ਤਰ੍ਹਾਂ ਕੀਤਾ ਹੈ ਜਿਸ ਵਿਚ ਵਰਣਿਤ ਗਰੀਬ ਜੀਵਨ ਦੀ ਝਲਕੀ ਤੋਂ ਲੇਖਕ ਦੇ ਉਚ ਆਤਮਾ ਮਹਾਂ ਪੁਰਖ ਹੋਣ ਦੇ ਝਲਕਾਰੇ ਵੀ ਮਿਲਦੇ ਹਨ ਅਤੇ ਉਸ ਰਸ ਦਾ ਵਰਣਨ ਵੀ ਹੈ ਜੋ ਉਸ ਨੂੰ ਗੁਰੂ ਦਰਸ਼ਨਾਂ ਤੋਂ ਪ੍ਰਾਪਤ ਹੁੰਦਾ ਹੈ। "ਰਾਮਦਾਸਪੁਰੇ ਸਾਹਿਬ (ਸ੍ਰੀ ਭੈਣੀ ਸਾਹਿਬ ਦਾ ਗੁਰੂ ਰਾਮ ਸਿੰਘ ਜੀ ਦੁਆਰਾ ਰੱਖਿਆ ਨਾਉਂ) ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰਨ ਸੰਤੋਖ ਸਿੰਘ ਆਇਆ। ਏਹ ਨਿਸ਼ਚਾ ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਮੂਰਤੀ ਧਾਰੀ ਹੈ। ਗੁਰੂ ਹਰੀ ਸਿੰਘ ਜੀ ਬਚਨ ਕੀਤਾ ਇਹ ਤਾਂ ਬੜਾ ਗਰੀਬ ਸਾਧ ਹੈ। ਏਕ ਪਰਨਾ ਤੀਨ ਹਾਥ ਕਾ ਤੇ ਦੋ ਕਛਹਿਰੇ ਤਿੰਨੇ ਬਸਤਰ ਸੇ। ਦੀਨ ਦਿਆਲ ਜੀ ਕੁੜਤਾ, ਚਾਦਰ, ਪੈਰਾਂ ਨੂੰ ਜੋੜਾ ਤੇ ਸੀਸ ਕੋ ਪਰਨਾ ਦੀਆ। ਬਚਨ ਕੀਤਾ ਸੰਸਾ ਨਾ ਕਰੋ, ਜੋ ਬਸਤਰ ਪਾਟੇ ਸੋ ਸਾਥੋਂ ਲਵੇ। ਭਜਨ ਕਰੋ, ਬਾਣੀ ਪੜ੍ਹੋ. ਸੰਤੋਖ ਸਿੰਘ ਦਾ ਐਸਾ ਮਨ ਪ੍ਰੇਰਿਆ ਕਿ ਸੇਵਾ ਕਰੇ ਗੁਰੂ ਜੀ ਕੇ ਘਰ ਕੀ। ਗੁਰੂ ਮਹਾਰਾਜ ਜੀ ਅੰਦਰ ਕੀ ਜਾਣ ਕੇ ਬਚਨ ਕੀਤਾ ਨੱਥਾ ਸਿੰਘ ਮਜ਼੍ਹਬੀ (ਪਿੰਡ ਸਿਰਹਾਲੀ, ਜ਼ਿਲ੍ਹਾ ਅੰਮ੍ਰਿਤਸਰ) ਨਾਲ ਕੰਮ ਕਰਾਓ। ਨੱਥਾ ਸਿੰਘ ਲੰਗਰ ਵਾਸਤੇ ਅੱਕ ਪੁੱਟਦਾ ਹੁੰਦਾ ਸੀ। ਸੰਤੋਖ ਸਿੰਘ ਉਸ ਦੇ ਨਾਲ ਕੁਝ ਕੰਮ ਕਰੇਂਦਾ।

"ਸੰਤੋਖ ਸਿੰਘ (ਇਸ ਪੁਸਤਕ ਦੇ ਲੇਖਕ) ਨੇ ਕਈ ਭੇਖ ਦੇਖੇ, ਸ਼ਾਂਤ ਨਾ ਆਈ। ਸੁਥਰਾ, ਪਰਮਹੰਸ ਨਾਂਗਾ ਭੀ



Namdhari Elibrary NamdhariElibrary@gmail.com

ਹੋਇਆ। ਮੋਨ ਭੀ ਧਾਰਿਆ। ਫੇਰ ਨਿਰਮਲਿਆਂ ਦਾ ਉਪਦੇਸ਼ ਮਹਾਂਵਾਕ ਦਾ ਭੀ ਲੀਆ। ਏਤਨੇ ਭੇਖ ਫਿਰਿਆ ਪਰ ਸਾਂਤ ਨਾ ਆਈ। ਹਾਰ ਕੇ ਸ੍ਰੀ ਸਤਿਗੁਰੂ ਜੀ ਦਾ ਉਪਦੇਸ਼ ਲੀਆ ਚੇਤ ਚੌਦੇ ਪਰ ਸੰਮਤ ੧੯੩੯।"[2]

ਸੰਪਾਦਕ ਜਸਵਿੰਦਰ ਸਿੰਘ, ਇਸ ਅਦੁੱਤੀ ਇਤਿਹਾਸਿਕ ਗ੍ਰੰਥ ਦੀ ਭੂਮਿਕਾ ਵਿਚ ਭਾਈ ਸੰਤੋਖ ਸਿੰਘ ਦੁਆਰਾ ਘਾਲੀਆਂ ਘਟਨਾਵਾਂ ਅਤੇ ਉਸ ਦੇ ਗ੍ਰੰਥ ਦੇ ਸ੍ਰੋਤਾਂ ਅਤੇ ਪ੍ਰਮਾਣਿਕਤਾ ਨੂੰ ਇਉਂ ਕਾਨੀ ਬੱਧ ਕਰਦੇ ਹਨ: "ਇਸ ਗ੍ਰੰਥ ਦਾ ਲੇਖਕ ਸੰਤ ਸੰਤੋਖ ਸਿੰਘ ੧੮੮੨ ਈ. ਵਿਚ ਸ੍ਰੀ ਭੈਣੀ ਸਾਹਿਬ ਡੇਰੇ ਆਇਆ ਸੀ। ਸਖ਼ਤੀਆਂ ਦਾ ਸਾਰਾ ਸਮਾਂ ਉਸ ਨੇ ਆਪਣੀ ਅੱਖੀਂ ਦੇਖਿਆ ਅਤੇ ਹੰਢਾਇਆ। ਉਸ ਨੂੰ ਵੀ ਪਿੰਡ ਦੇ ਲੋਕਾਂ ਅਤੇ ਗਾਰਦ ਦੀਆਂ ਗਾਲ੍ਹਾਂ ਖਾਣੀਆਂ ਪਈਆਂ ਅਤੇ ਕੈਦ ਵੀ ਕੱਟਣੀ ਪਈ ਲੇਕਿਨ ਜੇਲ੍ਹ 'ਚੋਂ ਰਿਹਾ ਹੋ ਕੇ ਘਰ ਜਾਣ ਦੀ ਬਜਾਏ ਲੇਖਕ ਫੇਰ ਡੇਰੇ ਆ ਸੇਵਾ ਕਰਦਾ ਰਿਹਾ। ਲੇਖਕ ਸੰਤ ਸੰਤੋਖ ਸਿੰਘ ਵੱਲੋਂ ਅੱਖੀਂ ਦੇਖੇ ਅਤੇ ਆਪੂੰ ਹੰਢਾਏ ਸਖ਼ਤੀਆਂ ਦੇ ਦੌਰ ਬਾਰੇ ਉਸ ਦੀ ਕਲਮ 'ਕਠੋਰ ਸੱਚ' ਬਿਆਨ ਕਰਦੀ ਹੈ ਜਿਸ 'ਤੇ ਰੰਚਕ ਮਾਤਰ ਵੀ ਸ਼ੰਕਾ ਨਹੀਂ ਕੀਤੀ ਜਾ ਸਕਦੀ।

"ਸਤਿਗੁਰੂ ਬਿਲਾਸ" ਗ੍ਰੰਥ ਦੀ ਪ੍ਰਮਾਣਿਕਤਾ ਸ਼ੰਕਾ ਰਹਿਤ ਹੈ। ਲੇਖਕ ਨੇ ਆਪਣੇ ਗ੍ਰੰਥ ਵਿਚ ਦਰਜ ਘਟਨਾਵਾਂ ਉਨ੍ਹਾਂ ਸਿੱਖਾਂ ਸਾਧਾਂ ਪਾਸੋਂ ਪੁੱਛ-ਪੁੱਛ ਕੇ ਲਿਖੀਆਂ ਸਨ ਜੋ ਆਪ ਉਨ੍ਹਾਂ ਘਟਨਾਵਾਂ ਨਾਲ ਸਬੰਧਿਤ ਅਤੇ ਚਸ਼ਮਦੀਦ ਗਵਾਹ ਸਨ। ਲੇਖਕ ਡੇਰੇ ਆਏ ਸਿੱਖਾਂ ਪਾਸੋਂ ਤਾਂ ਸਾਖੀਆਂ ਪੁੱਛ ਸੁਣ ਕੇ ਲਿਖਦਾ ਹੀ ਹੁੰਦਾ ਸੀ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨਾਲ ਦੌਰੇ 'ਤੇ ਗਿਆਂ ਹੋਇਆਂ ਵੀ ਜਦੋਂ ਮੌਕਾ ਮਿਲਦਾ ਪੁੱਛ-ਪੁੱਛ ਗੁਰੂ ਜੱਸ ਲਿਖਦਾ। ਸੰਤ ਸੰਤੋਖ ਸਿੰਘ ਦੇ ਪ੍ਰੇਰਨਾ ਸਰੋਤ ਸਨ ਸਤਿਗੁਰੂ ਹਰੀ ਸਿੰਘ ਜੀ, ਜਿਨ੍ਹਾਂ ਦੇ ਹੁਕਮਾਨੁਸਾਰ ਸੰਤ ਜੀ ਨੇ ਲਿਖਣਾ ਸ਼ੁਰੂ ਕੀਤਾ ਸੀ। ਸਾਖੀਆਂ ਲਿਖੇ ਜਾਣ ਤੋਂ ਬਾਅਦ ਸਤਿਗੁਰੂ ਜੀ ਆਪ ਲਿਖੀਆਂ ਗਈਆਂ ਸਾਖੀਆਂ ਦੀ ਪੜਤਾਲ ਕਰਦੇ ਤੇ ਆਪ ਵੀ ਲਿਖਵਾਉਂਦੇ। ਇਸ ਤੱਥ ਦੀ ਪੁਸ਼ਟੀ 'ਸਤਿਗੁਰੂ ਬਿਲਾਸ' ਗ੍ਰੰਥ ਵਿਚੋਂ ਹੀ ਹੁੰਦੀ ਹੈ। ਇਸੇ ਤਰ੍ਹਾਂ ਪੰਜਾਬ ਵਾਪਸ ਭੇਜ ਦਿੱਤੇ ਗਏ ਸੂਬਿਆਂ ਅਤੇ ਸੇਵਕ ਨਾਨੂੰ ਸਿੰਘ ਪਾਸੋਂ ਵੀ ਸੰਤ ਸੰਤੋਖ ਸਿੰਘ ਨੇ ਬਹੁਤ ਸਾਰੀਆਂ ਘਟਨਾਵਾਂ ਸੁਣ ਕੇ ਲਿਖੀਆਂ।"

ਬਾਹੋਵਾਲ ਜੀ ਦੀ ਰਚਨਾਂ ਦੇ ਪਾਠ ਤੋਂ ਗਿਆਤ ਹੁੰਦਾ ਹੈ ਕਿ ਆਪ ਆਪਣੇ ਸਮੇਂ ਦੇ ਮਾਪ ਦੰਡਾਂ ਮੁਤਾਬਿਕ ਚੰਗੇ ਪੜ੍ਹੇ ਲਿਖੇ ਸੱਜਣ ਸਨ। ਉਹ ਗੁਰਬਾਣੀ ਅਤੇ ਗੁਰ ਇਤਿਹਾਸ ਤੋਂ ਇਲਾਵਾ ਭਾਰਤੀ ਪੌਰਾਣਿਕ ਸਾਹਿਤ ਵਿਚ ਵੀ ਪਰਬੀਨ ਸਨ। ਜਿਸ ਪੁਨਰ ਜਾਗਰਣ ਦਾ ਉੱਪਰ ਜ਼ਿਕਰ ਆਇਆ ਹੈ ਉਸ ਲਈ ਆਪਣੀ ਬੋਲੀ ਅਤੇ ਭਾਸ਼ਾ ਨਾਲ ਜੁੜਨਾ ਵੀ ਇਕ ਲੋੜੀਂਦੀ ਸ਼ਰਤ ਸੀ। ਮੁਗਲ ਕਾਲ ਵਿਚ ਤਾਂ ਉਹ ਰਾਜ ਭਾਸ਼ਾ ਰਹਿਣੀ ਹੀ ਸੀ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵੀ ਪੰਜਾਬ ਸਰਕਾਰ ਦੀ ਰਾਜ ਭਾਸ਼ਾ ਫਾਰਸੀ ਹੀ ਰਹੀ। ਇਹ ਭਾਈ ਸੰਤੋਖ ਸਿੰਘ ਬਾਹੋਵਾਲ ਹੀ ਸਨ ਜਿਨ੍ਹਾਂ ਨੇ ਪਹਿਲੇ ਸਤਿਗੁਰੂ ਸਾਹਿਬਾਨ ਦੀਆਂ ਜਨਮ ਸਾਖੀਆਂ ਪੰਜਾਬੀ ਵਿਚ ਲਿਖੇ ਜਾਣ ਤੋਂ ਪ੍ਰਭਾਵਿਤ ਹੋ ਕੇ ਹੀ ਬਾਰ੍ਹਵੇਂ ਪਾਤਸ਼ਾਹ (ਸਤਿਗੁਰੂ ਰਾਮ ਸਿੰਘ) ਦਾ ਗ੍ਰੰਥ ਪੰਜਾਬੀ ਵਿਚ ਲਿਖੇ ਜਾਣਾ ਬਿਹਤਰ ਸਮਝਿਆ ਸੀ। ਪੰਜਾਬ ਵਿਚ ਪੁਨਰ ਸੁਰਜੀਤੀ ਦੀਆਂ ਦੋ ਧਾਰਾਵਾਂ ਚੱਲ ਰਹੀਆਂ ਸਨ। ਇਕ ਪਾਸੇ ਅੰਗਰੇਜ਼ ਪ੍ਰਸਤ 'ਸਿੰਘ ਸਭਾ' ਅਤੇ ਫਿਰ ਚੀਫ ਖਾਲਸਾ ਦੀਵਨ ਵਾਲੇ ਸਨ। ਦੂਜੇ ਬੰਨੇ ਨਾਮਧਾਰੀ ਸਿੰਘਾਂ ਨਾਲ ਹਮਦਰਦੀ ਰੱਖਣ ਵਾਲੇ, ਅੰਗ੍ਰੇਜ਼ਾਂ ਵਿਰੁੱਧ ਹਿਰਦੇ ਵਿਚ ਗੁਪਤ ਵਿਰੋਧ ਰੱਖਣ ਵਾਲੇ ਬਾਬਾ ਬਿਕ੍ਰਮ ਸਿੰਘ ਬੇਦੀ, ਮਹਾਰਾਜਾ ਬਿਕਰਮਜੀਤ ਸਿੰਘ ਫਰੀਦਕੋਟੀਆ ਅਤੇ ਮਹਾਰਾਜ ਦਲੀਪ ਸਿੰਘ ਲਈ ਪੰਜਾਬ ਵਿਚ ਬਗਾਵਤੀ ਭੂਮੀ ਤਿਆਰ ਕਰਨ ਵਾਲੇ, ਸ. ਠਾਕੁਰ ਸਿੰਘ ਸੰਧਾਵਾਲੀਆ ਅਤੇ 'ਖੁਰਸ਼ੀਦ ਖਾਲਸਾ' ਪੁਸਤਕ ਦੇ ਲੇਖਕ ਬਾਵਾ ਨਿਹਾਲ ਸਿੰਘ ਆਦਿ ਸਨ। ਸਰਕਾਰ ਪ੍ਰਸਤਾਂ ਦਾ ਕਬਜ਼ਾ, ਸਿੰਘ ਸਭਾ ਲਹੌਰ ਤੇ ਸੀ ਅਤੇ ਵਤਨ ਪ੍ਰਸਤਾਂ ਦੀ ਟੇਕ ਅੰਮ੍ਰਿਤਸਰ ਦੀ ਸਿੰਘ ਸਭਾ ਤੇ ਸੀ। ਇਸ ਪਿਛੋਕੜ ਵਿਚ ਭਾਈ ਬਾਹੋਵਾਲ ਦੁਆਰਾ ਪੰਜਾਬੀ ਭਾਸ਼ਾ ਵਿਚ ਆਪਣਾ ਪੁਸਤਕ ਰਚਨਾ ਵਿਸ਼ੇਸ਼ ਰਾਜਨੀਤਿਕ ਮਹੱਤਵ ਦਾ ਲਖਾਇਕ ਵੀ ਬਣ ਜਾਂਦਾ ਹੈ। ਸਿੰਘ ਸਭਾ ਲਾਹੌਰ ਦੇ ਮੋਢੀਆਂ ਵਿਚ ਇਕ ਗਿਆਨੀ ਦਿੱਤ ਸਿੰਘ ਹੋਰਾਂ ਨਾਲ ਸ੍ਰੀ ਭੈਣੀ ਸਾਹਿਬ ਡੇਰੇ ਵਿਚ, ਭਾਈ ਸੰਤੋਖ ਸਿੰਘ ਹੋਰਾਂ ਦੀ ਗਿਆਨ ਚਰਚਾ ਹੋਣਾ ਵੀ, ਸੰਤੋਖ ਸਿੰਘ ਦੇ ਰੁਤਬੇ ਨੂੰ ਨਿਸਚਿਤ ਕਰਦਾ ਹੈ।[3]

ਸ. ਸੁੰਦਰ ਸਿੰਘ ਮਜੀਠੀਆ, ਗਿਆਨੀ ਠਾਕੁਰ ਸਿੰਘ ਅਤੇ 'ਪੰਚ ਖੰਡ ਦੀਵਾਨ' ਵਾਲੇ ਤੇਜਾ ਸਿੰਘ ਭਸੌੜੀਆ ਆਦਿਕ ਤਦੋਕੇ ਅੰਗ੍ਰੇਜ਼ ਪੱਖੀ ਅਤੇ ਵਿਰੋਧੀ ਸਿੱਖ ਆਗੂਆਂ ਦੇ ਗਾਹੇ ਬਗਾਹੇ ਭੈਣੀ ਸਾਹਿਬ ਆਉਣ ਤੋਂ ਵੀ, ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਨਿਸ਼ਚਿਤ ਹੁੰਦੀ ਹੈ ਜਿਸ ਦਾ ਵੇਰਵਾ ਸਿਰਫ ਤੇ ਸਿਰਫ ਬਾਹੋਵਾਲ ਜੀ ਦੇ ਦੂਜੇ ਭਾਗ ਤੋਂ ਹੀ ਮਿਲਦਾ ਹੈ। ਇਉਂ ਇਹ ਗ੍ਰੰਥ ਇਤਿਹਾਸਕ ਸਮੱਗਰੀ ਸਦਕਾ ਇਕ ਬੇਜੋੜ ਗ੍ਰੰਥ ਬਣ ਜਾਂਦਾ ਹੈ।

ਭਾਵੇਂ ਇਸ ਪੁਸਤਕ ਵਿਚ ਮੁੱਖ ਤੌਰ 'ਤੇ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਗੁਰਤਾ ਕਾਲ (੧੮੭੨-੧੯੦੬ ਈ.) ਦੇ ਪ੍ਰਸੰਗ


Namdhari Elibrary NamdhariElibrary@gmail.com

ਹਨ। ਸਤਿਗੁਰੂ ਰਾਮ ਸਿੰਘ ਜੀ ਨੂੰ ਇਲਾਹਾਬਾਦ ਦੇ ਪਾਸ ਚੁਨਾਰ ਫੋਰਟ (ਪੌਣੇ ਕੁ ਦੋ ਮਹੀਨੇ) ਫਿਰ ਰੰਗੂਨ (ਸਾਢੇ ਅੱਠ ਵਰ੍ਹੇ) ਅਤੇ ਮਰਗੋਈ ਟਾਪੂ (੫ ਵਰ੍ਹੇ ਦੇ ਕਰੀਬ) ਰਹਿਣ ਸਮੇਂ ਦੇ ਬ੍ਰਿਤਾਂਤ ਵੀ ਮਿਲਦੇ ਹਨ।

ਪ੍ਰਯਾਗ ਰਾਜ ਕਿਲੇ ਵਿਚ ਇਕ ਦਿਨ ਹੋਇਆ ਬਚਨ ਭਾਈ ਜੀ ਨੇ ਇਉਂ ਲਿਖਿਆ ਹੈ, "ਇਕ ਦਿਨ ਸ੍ਰੀ ਸਤਿਗੁਰੂ ਜੀ ਕਿਲੇ ਵਿਚ ਬੈਠਿਆਂ ਬਚਨ ਕੀਤਾ ਕਿ ਬਾਣੀ ਬੜੀ ਚੀਜ਼ ਹੈ। ਫਿਰ ਕਿਹਾ ਕਿ ਬਾਣੀ ਤਾਂ ਨਾੜ ਹੈ ਸਿੱਟਾ ਨਾਮ ਹੈ। ਫੇਰ ਥੋੜ੍ਹੇ ਚਿਰ ਪਿੱਛੋਂ ਬਚਨ ਕੀਤਾ ਕਿ ਨਾਮ ਵੀ ਤੋਹ (ਦਾਣੇ ਤੋਂ ਖਾਲੀ ਸਿੱਟਾ) ਹੀ ਹੈ। ਤਾਂ ਬਾਬਾ ਜਵਾਹਰ ਸਿੰਘ ਜੀ ਪਿੱਟਨ ਲੱਗ ਪਏ ਤੇ ਕਹਿਣ ਲੱਗੇ ਕਿ ਦੱਸੋ ਦਾਣਾ ਕਿਹੜੀ ਚੀਜ਼ ਹੈ? ਸ੍ਰੀ ਸਤਿਗੁਰੂ ਜੀ ਬਚਨ ਕੀਤਾ, "ਬਾਬਾ ਜੀ ਦਾਣਾ ਸਿਦਕ ਹੈ। ਜੇ ਬਾਣੀ ਪੜ੍ਹ ਕੇ, ਨਾਮ ਜਪ ਕੇ, ਸਤਿਗੁਰੂ ਤੇ ਸਿਦਕਾ ਨਾ ਹੋਇਆ ਤਾਂ ਕਿਸੇ ਕੰਮ ਨਹੀਂ।"[4]

ਇਸੇ ਕਿਲੇ ਵਿਚ ਹੀ ਜਦੋਂ ਸੂਬੇ ਤੇ ਸਤਿਗੁਰੂ ਜੀ ਕੈਦ ਸਨ ਤਾਂ ਬਾਬੇ ਜਵਾਹਰ ਸਿੰਘ ਜੀ ਪੁੱਛਿਆ ਨਾਨੂੰ ਸਿੰਘ ਖ਼ਿੱਲਾ ਕੀ ਕਹਿੰਦਾ ਹੈ ? ਨਾਨੂੰ ਸਿੰਘ ਨੇ ਕਿਹਾ ਕਿ ਫਾਂਸੀ ਦਾ ਹੁਕਮ ਦੱਸ ਗਿਆ ਹੈ।' ਭਾਈ ਸੰਤੋਖ ਸਿੰਘ ਮੁਤਾਬਿਕ 'ਜਿਸ ਫਰੰਗੀ ਨੇ ਸਤਿਗੁਰੂ ਜੀ ਕੋ ਫਾਂਸੀ ਕਾ ਹੁਕਮ ਸੁਨਾਇਆ ਸੀ ਉਹ ਹਿੰਦ ਦਾ ਵਾਇਸਰਾਏ (ਲਾਰਡ ਮੇਓ) ਸੀ। ਇਕ ਪਠਾਣ ਗੁੱਲ ਸ਼ੇਰ ਖਾਂ ਦੀ ਅਪੀਲ ਉਸ ਨੇ ਨਾਂ ਮਨਜ਼ੂਰ ਕਰ ਦਿੱਤੀ ਸੀ ਜੋ ਅੰਡੇਮਾਨ ਟਾਪੂ ਵਿਚ ਕੈਦ ਸੀ। ਅੰਡੇਮਾਨ ਟਾਪੂ ਦੇ ਦੌਰੇ 'ਤੇ ਗਏ ਲਾਰਡ ਮੇਓ ਨੂੰ ਉਪਰੋਕਤ ਪਠਾਣ ਨੇ ਛੁਰਾ ਮਾਰ ਕੇ ਪਾਰ ਬੁਲਾ ਦਿੱਤਾ ਤੇ ਇਸ ਤਰ੍ਹਾਂ ਸੂਬਿਆਂ ਸਮੇਤ ਸਤਿਗੁਰੂ ਜੀ ਨੂੰ ਫਾਂਸੀ ਦੇਣ ਦੇ ਉਸ ਦੇ ਮਨਸੂਬੇ ਵਿਚੇ ਧਰੇ ਰਹਿ ਗਏ। ਮੇਓ ਦੇ ਮਰਨ ਦੀ ਘਟਨਾ ੮ ਫਰਵਰੀ ੧੮੭੨ ਈ. ਦੀ ਹੈ।

ਕੂਕਿਆਂ ਤੇ ਸਖਤੀਆਂ ਦਾ ਦੌਰ ਸ਼ੁਰੂ ਹੋ ਗਿਆ। ਸ੍ਰੀ ਭੈਣੀ ਸਾਹਿਬ ਵਿਚ ਵੀ ਤੇ ਬਾਕੀ ਪੰਜਾਬ ਵਿਚ ਵੀ, ਜਿਸ ਜਿਸ ਜਗ੍ਹਾ ਤੇ ਸਿੰਘ ਰਹਿੰਦੇ ਸਨ। "ਸਾਹਲਿਆਂ ਪੁਰ ਜ਼ਿਲ੍ਹਾ ਗੁਜਰਾਂ ਵਾਲੇ ਵਾਲਿਆਂ ਕੋ ਭੀ ਫੜ ਕੇ ਲੈ ਗਏ। ਲੋਕ ਕਹਿਣ ਤੋਪਾਂ ਨਾਲ ਉਡਾਇ ਦੇਣਗੇ। ਜ਼ਮਾਨਤਾਂ ਲੈ ਕੇ ਛੱਡੇ। ਨਾਮਧਾਰੀਆਂ ਨੂੰ ਲੋਕ ਮਛਕਰੀਆਂ ਕਰਦੇ ਹੈਂ ਹੋਰ ਬਣੋ ਕੂਕੇ। ਹੁਣ ਤੋਪਾਂ ਨਾਲ ਉੱਡੋਗੇ। ਨਿੰਦਕ ਦੁਸ਼ਟ ਤਾਂ ਕਹਿੰਦੇ ਹੈਂ ਸਾਡੇ ਸਿਰੋਂ ਬਲਾ ਟਲੀ ਹੈ। ਹੁਣ ਪੰਥ ਬੰਦ ਹੋ ਜਾਵੇਗਾ।"[5] ਹਜ਼ਰੋਂ ਸਾਹਿਬ ਤੱਕ ਨਾਮਧਾਰੀ ਸਿੰਘਾਂ ਦੀ ਪੁੱਛ ਪੜਤਾਲ ਹੁੰਦੀ ਰਹੀ। ਬਹੁਤੇ ਮੁੱਕਰ ਜਾਂਦੇ ਕੋਈ ਦਿਲ ਗੁਰਦੇ ਵਾਲਾ ਹੀ ਕਹਿੰਦਾ ਪੁੱਛਣ ਤੇ ਕਿ ਹਾਂ ਮੈਂ ਨਾਮਧਾਰੀ ਹਾਂ ਕਿਉਂਕਿ ਉਸ ਸਮੇਂ ਕੂਕੇ ਹੋਣ ਦਾ ਇਕਬਾਲਨਾਮਾ, ਫਾਂਸੀ, ਤੋਪ, ਜਾਇਦਾਦ ਜ਼ਬਤੀ ਅਤੇ ਕਾਲੇ ਪਾਣੀਆਂ ਦਾ ਰਾਹ ਵਿਖਾ ਸਕਦਾ ਸੀ। ਗੁਰੂ ਹਰੀ ਸਿੰਘ ਜੀ ਨੂੰ, ਬੁੱਧ ਸਿੰਘ ਦੀ ਬਜਾਏ, ਇਹ ਨਾਉਂ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਵਿਚੋਂ ੧੮੭੫ ਈ. ਦੇ ਜਨਵਰੀ ਮਹੀਨੇ, ਦਰਬਾਰਾ ਸਿੰਘ ਰਾਇਪੁਰੀਏ ਦੇ ਹੱਥ ਭੇਜੇ, ਹੁਕਮਨਾਮੇ ਵਿਚ ਦਿੱਤਾ ਸੀ। ਪਹਿਲਾਂ ਇਲਾਹਬਾਦ ਕਿਲ੍ਹੇ ਵਿਚੋਂ ਆਪਣੇ ਘਰ ਦੀਆਂ ਕੁੰਜੀਆਂ, ਛੋਟੇ ਭਾਈ ਮਹਾਰਾਜ ਬੁੱਧ ਸਿੰਘ ਨੂੰ ਸੰਭਾਲਣ ਦਾ ਹੁਕਮ ਵੀ ਅੰਗ੍ਰੇਜ਼ ਅਫਸਰਾਂ ਦੀ ਮਾਰਫਤ ਸਤਿਗੁਰੂ ਜੀ ਨੇ ਹੀ ਭੇਜਿਆ ਸੀ। ਇਸ ਸਮੇਂ ਪੰਜ ਤੋਂ ਵੱਧ ਨਾਮਧਾਰੀਆਂ ਦੇ ਇਕੱਠੇ ਹੋਣ ਅਤੇ ਬਿਨਾ ਸਰਕਾਰ ਤੋਂ ਪੂਰਵ ਆਗਿਆ ਅਖੰਡ ਪਾਠ ਕਰਨ ਜਾਂ ਘਰੋਂ ਬਾਹਰ ਜਾਣ, ਖਾਸ ਕਰਕੇ ਸ੍ਰੀ ਭੈਣੀ ਸਾਹਿਬ ਦੀ ਜੂਹ ਵਿਚ ਉਨ੍ਹਾਂ ਦੇ ਪ੍ਰਵੇਸ਼ ਕਰਨ ਤੇ ਵੀ ਅੰਗ੍ਰੇਜ਼ੀ ਸਰਕਾਰ ਨੇ ਕਨੂੰਨਨ ਰੋਕ ਲਾ ਦਿੱਤੀ ਅਤੇ ਰਿਆਸਤਾਂ ਦੇ ਰਾਜਿਆਂ ਨੇ ਵੀ ਆਪੋ ਆਪਣੇ ਇਲਾਕੇ ਦੇ ਨਾਮਧਾਰੀਆਂ ਨੂੰ, ਕੂਕ ਪੁਣਾ ਛੱਡਣ ਦੇ ਹੁਕਮ ਚਾੜ੍ਹ ਦਿੱਤੇ। ਮਹਾਰਾਜ ਬੁੱਧ ਸਿੰਘ ਜੀ ਨੇ ਸਤਿਗੁਰੂ ਦਰਸ਼ਨਾਂ ਹਿੱਤ, ਅਖੰਡ ਪਾਠਾਂ ਦੇ ਚੋਰੀ ਛਿਪੇ ਭੋਗ ਪੁਆਉਣੇ ਸ਼ੁਰੂ ਕੀਤੇ ਤਾਂ ਅੰਗ੍ਰੇਜ਼ ਅਧਿਕਾਰੀ ਭੈਣੀ ਸਾਹਿਬ ਪੁੱਜ ਗਏ। "ਬਟਨ ਚੜ੍ਹ ਕੇ ਆਇਆ। ਭੋਗ ਪੈ ਚੁੱਕੇ ਸੇ। ਬਟਨ (ਜੇ. ਪੀ. ਬਾਰਬਰਟਨ-ਡੀ. ਐਸ. ਪੀ. ਲੁਧਿਆਣਾ) ਨੇ ਦੇਖਿਆ ਪਾਠ ਤਾਂ ਕੋਈ ਨਹੀਂ ਹੈ। ਕਹਿਣੇ ਲਗਾ ਮਹਾਰਾਜ ਜੀ ਕੋ ਕਿ ਜੇਕਰ ਭਾਈ ਮਾਂਗੂੰ ਕਰੇਂਗਾ ਤਾਂ ਤੈਨੂੰ ਬੀ ਓਧੇ ਈ ਪਾਸ ਭੇਜਾਂਗੇ। ਭੋਗ ਨਾ ਪਾਵੇ। ਦੀਵਾਨ ਲਾਇਕੇ ਸ਼ਬਦ ਹੀ ਨਾ ਪੜ੍ਹੋ ਅਰ ਇਥੇ ਸਿੰਘ ਬੀ ਨਾ ਔਣੇ ਦੇਓ।... ਫਰੰਗੀ ਨੇ ਹੁਕਮ ਦੀਆ ਕਿ ਜੇਕਰ ਭੋਗ ਪਾਇਆ ਜਾਂ ਪਾਂਚ ਸਿੰਘ ਭੀ ਇਕੱਠੇ ਹੋਏ ਦੇਖ ਲਏ ਤਾਂ ਛੇ ਮਹੀਨੇ ਕੀ ਕੈਦ ਕਰਾਂਗੇ। ਜੋ ਜੋ ਨਾਮਧਾਰੀਆ ਸੀ ਸਭ ਨੂੰ ਸੁਣਾਇਆ ਗਿਆ ਇਹ ਹੁਕਮ।"[6]

ਭੈਣੀ ਸਾਹਿਬ ਗੁਰਦੁਆਰੇ ਸਾਂਹਵੇਂ ਬੈਠੀ ਪੁਲਿਸ ਦੀ ਗਾਰਦ ਬਾਹਰੋਂ ਆਉਣ ਵਾਲੇ ਸਿੰਘਾਂ ਤੇ ਕਰੜੀ ਨਿਗਰਾਨੀ ਰੱਖਦੀ। ਨਾ ਉਨ੍ਹਾਂ ਨੂੰ ਡੇਰੇ ਦੇ ਅੰਦਰ ਗੁਰੂ ਦਰਸ਼ਨਾਂ ਲਈ, ਨਾ ਹੀ ਉਨ੍ਹਾਂ ਲਈ ਪ੍ਰਸ਼ਾਦਾ ਪਾਣੀ ਬਾਹਰ, ਜਾਣ ਦਿੰਦੀ। ਕੁਝ ਸਮੇਂ ਬਾਅਦ ਅੱਠਾਂ ਪਹਿਰਾਂ ਵਿਚ ਸਿਰਫ ਪੰਜ ਸਿੰਘਾਂ ਨੂੰ ਗੁਰਦੁਆਰੇ ਦੇ ਅੰਦਰ ਜਾ ਕੇ ਦਰਸ਼ਨਾਂ ਦੀ ਇਜਾਜ਼ਤ ਮਿਲੀ। ਕਾਫੀ ਸਮੇਂ ਬਾਅਦ ਇਹ ਛੋਟ ਦਸ ਸਿੰਘਾਂ ਨੂੰ ਮਿਲਣ ਲੱਗੀ। "ਸਪਾਹੀਆਂ ਭੁੱਖੇ ਸਿੰਘਾਂ ਕੋ ਧੱਕੇ ਦੇਣੇ, ਗਾਲ੍ਹਾਂ ਕੱਢਣੀਆਂ, ਪ੍ਰਸ਼ਾਦਾ ਨਾ ਲੈਣ ਦੇਣਾ। ਮਹਾਰਾਜ ਜੀ ਤਤਕਾਲ ਦਾਓ



Namdhari Elibrary NamdhariElibrary@gmail.com

ਬਚਾਇਕੇ ਦਰਸ਼ਨ ਦੇ ਐਣਾ। ਬਗਲ ਮੇਂ ਪ੍ਰਸ਼ਾਦਾ ਲੈ ਕੇ ਉਤੋਂ ਦੀ ਬੁੱਕਲ ਮਾਰ ਕੇ ਅੱਖ ਬਚਾਇਕੇ ਪ੍ਰਸ਼ਾਦਾ ਪੁਚਾਇ ਦੇਣਾ। ਜੇ ਰਾਤ ਪੈ ਜਾਏ ਤਾਂ ਰੇਤੇ ਮੇਂ ਬਿਸਤਰਾ ਕਰਕੇ ਸਿੰਘਾਂ ਰਾਤ ਕੱਟ ਲੈਣੀ। ਜਲ ਦਾ ਆਸਰਾ ਦੇਖ ਕੇ।.... ਹਨੇਰੇ ਹਨੇਰੇ ਸਿੰਘਾਂ ਨੇ ਨਿਕਲ ਦੇ ਚਲੇ ਜਾਣਾ। ਮਹਾਰਾਜ ਜੀ ਇਹ ਬਚਨ ਕਰਨਾ ਦਰਸ਼ਨ ਦੇਵਿਆ ਕਰੋ, ਸਤਿਗੁਰੂ ਜੀ ਭੀ ਆਇਆਂ ਜਾਣੇ। ਭਜਨ ਕਰੋ ਬਾਣੀਆਂ ਪੜ੍ਹੋ। ਭੋਗ ਗ੍ਰੰਥ ਸਾਹਿਬ ਜੀ ਦਾ ਪਾਵੋ ਧੁਆਡਾ ਭਲਾ ਹੋਵੇਗਾ। ਜਹਾਂ ਜਹਾਂ ਜਾਮੋਂ ਤਹਾਂ ਤਹਾਂ ਸਾਡੀ ਫਤੇ ਬੁਲਾਉਣੀ।"[7]

ਗੁਰੂ ਹਰੀ ਸਿੰਘ, ਉਨ੍ਹਾਂ ਦੇ ਪਰਿਵਾਰ ਦੇ ਜੀਆਂ ਅਤੇ ਨਾਮਧਾਰੀ ਸੰਗਤ ਨੇ, ਜੋ ਅਕਹਿ ਤੇ ਅਸਹਿ ਕਸ਼ਟ ਇਸ ਦੌਰ ਵਿਚ ਆਪਣਿਆਂ ਅਤੇ ਬੇਗਾਨਿਆਂ ਦੇ ਹੱਥੋਂ ਭੁਗਤੇ, 'ਸਤਿਗੁਰੂ ਬਿਲਾਸ ਉਨ੍ਹਾਂ ਦਾ ਦਸਤਾਵੇਜ਼ੀ ਵਿਵਰਣ ਪੇਸ਼ ਕਰਨ ਵਿਚ, ਸਰਕਾਰੀ ਰਿਕਾਰਡ ਤੋਂ ਵੀ ਵੱਧ ਮਹੱਤਵਪੂਰਨ ਹੈ। ਸਰਕਾਰੀ ਕਾਗਜ਼ਾਂ ਵਿਚ ਜੋ ਵੀ ਦਰਜ ਹੁੰਦਾ ਹੈ ਉਸ ਵਿਚ ਸਰਕਾਰੀ ਦ੍ਰਿਸ਼ਟੀਕੋਣ ਤਾਂ ਹਰ ਥਾਂ ਵਿਦਮਾਨ ਹੁੰਦਾ ਹੈ ਪਰ ਕੂਕੇ ਉਸ ਦੌਰ ਵਿਚ ਕਿਵੇਂ ਸੋਚਦੇ ਸਨ ਉਨ੍ਹਾਂ ਦੇ ਨਜ਼ਰੀਏ ਦੇ ਦਰਸ਼ਨ ਸਾਨੂੰ ਬਾਹੋਵਾਲ ਜੀ ਤੋਂ ਬਿਨਾਂ ਕਿਹੜੇ ਪ੍ਰਤੱਖ ਦਰਸ਼ੀ ਨੇ ਕਰਵਾਉਣੇ ਸਨ? ਇਸ ਗ੍ਰੰਥ ਦਾ ਲਿਖਣ ਕਾਰਜ ਉਨ੍ਹਾਂ ਨੂੰ ਧੰਨਤਾ ਪ੍ਰਦਾਨ ਕਰ ਗਿਆ ਹੈ।

ਸਤਿਗੁਰੂ ਜੀ ਦੇ ਪ੍ਰਦੇਸ਼ ਗਵਨ ਤੋਂ ਦੋ ਕੁ ਸਾਲ ਬਾਅਦ, ੧੮੭੪ ਈ. ਵਿਚ ਆਪ ਦੇ ਪਿਤਾ ਬਾਬਾ ਜੱਸਾ ਸਿੰਘ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨਮਿੱਤ ਪਾਠ ਕਰਨ ਦੀ ਅਰਜ਼ੀ ਦੇ ਕੇ ਆਗਿਆ ਲਈ ਸਰਕਾਰ ਤੋਂ। ਹੁਣ ਪਾਠ ਵੀ ਹੋਣ ਲੱਗੇ ਅਤੇ ਰਾਗੀ ਸਿੰਘ ਦੁਆਬੇ ਵਿਚੋਂ ਆਏ ਤਾਂ ਦੋ ਵਕਤ ਦਾ ਦੀਵਾਨ ਲਗਣਾ ਸ਼ੁਰੂ ਹੋਇਆ। ਬਾਰ ਬਟਨ ਦੀ ਮੇਮ ਤੋਂ ਸੂਹ ਲੈ ਕੇ ਬਾਬਾ ਦਰਬਾਰਾ ਸਿੰਘ ਗੁਰੂ ਹਰੀ ਸਿੰਘ ਜੀ (ਮਹਾਰਾਜ ਬੁੱਧ ਸਿੰਘ) ਦਾ ਭੇਜਿਆ ੧੮੭੫ ਈ. ਵਿਚ ਰੰਗੂਨ ਪੁੱਜਾ। ਦਰਸ਼ਨ ਕਰ ਕੇ ਨਿਹਾਲ ਹੋਇਆ। ਸਾਰੇ ਪੰਥ ਦੀ ਸੁਖ ਸਾਂਦ ਸਤਿਗੁਰੂ ਜੀ ਨੂੰ ਦੱਸੀ। ਜਦੋਂ ਭੈਣੀ ਸਾਹਿਬ ਵਾਪਸ ਜਾ ਕੇ ਬਾਬਾ ਦਰਬਾਰਾ ਸਿੰਘ ਨੇ ਹੁਕਮਨਾਵਾ ਵੀ ਦਿੱਤਾ ਅਤੇ ਹੋਰ ਜ਼ਰੂਰੀ ਜਾਣਕਾਰੀ ਵੀ ਤਾਂ ਗੁਰੂ ਦਰਸ਼ਨਾਂ ਦੇ ਭੋਰੇ ਸਿੰਘ ਖੁਸ਼ੀ ਵਿਚ ਖੀਵੇ ਹੋ ਗਏ, "ਸਿੰਘ ਸੁਨਕੇ ਹਰੇ ਹੋਏ ਤੇ ਕੈਹਨ ਰੰਗੂਨ ਤਾਂ ਸਾਨੂੰ ਇਹ ਖੜ੍ਹੀ ਹੈ।" ਸਤਿਗੁਰੂ ਰਾਮ ਸਿੰਘ ਜੀ ਨੇ ਪੰਥ ਦੀ ਵਾਗ ਡੋਰ ਛੋਟੇ ਭਾਈ ਗੁਰੂ ਹਰੀ ਸਿੰਘ ਜੀ ਨੂੰ ਸੰਭਾਲਦਿਆਂ ਇਹ ਵੀ ਲਿਖ ਭੇਜਿਆ। ਭੁੱਖੇ ਨੂੰ ਪ੍ਰਸ਼ਾਦਾ, ਨੰਗੇ ਨੂੰ ਕੱਪੜਾ ਦੇਣਾ ਮੇਰੇ ਨਮਿੱਤ ਇਹ ਭੀ ਲਿਖ ਭੇਜਿਆ ਜਿਸ ਕਿਸੇ ਕੀ ਅਮਾਨਤ ਰੱਖੀ ਹੋਈ ਹੈ ਸੋ ਦੇ ਦਿਓ।'

ਪਿੰਡ ਭਾਣੇ ਦੇ ਹਰਨਾਮ ਸਿੰਘ ਅਤੇ ਉਸ ਦੀ ਸਿੰਘਣੀ ਮਾਈ ਚੰਦੋ ਦਰਬਾਰਾ ਸਿੰਘ ਹੋਰਾਂ ਤੋਂ ਬਾਅਦ, ਪੰਜਾਬ ਸਰਕਾਰ ਤੋਂ ਇਜਾਜ਼ਤ ਲੈ ਕੇ ੧੮੭੫ ਈ. ਵਿਚ ਹੀ ਰੰਗੂਨ ਜਾ ਕੇ ਸਤਿਗੁਰੂ ਜੀ ਦਾ ਦਰਸ਼ਨ ਕਰ ਆਏ। ਰੰਗੂਨ ਵਾਲਿਆਂ ਨੇ ਲਾਹੌਰ ਨੂੰ ਫਿਰ ਲਿਖ ਭੇਜਿਆ ਕਿ ਅੱਗੇ ਤੋਂ ਕਿਸੇ ਨੂੰ ਗੁਰੂ ਰਾਮ ਸਿੰਘ ਦੇ ਦਰਸ਼ਨਾਂ ਦੀ ਇਜਾਜ਼ਤ ਨਾ ਦਿੱਤੀ ਜਾਵੇ। ਅਸੀਂ ਮਿਲਣ ਨਹੀਂ ਦਿਆਂਗੇ। ਜੋ ਸਰਕਾਰ ਹਿੰਦ ਦੀ ਹਦਾਇਤ ਹੈ। ਸੁਬੇਗ ਸਿੰਘ ਮਰਹਾਣਾ (ਅੰਮ੍ਰਿਤਸਰ) ਵਾਲੇ ਹੱਥ ਭੇਜੇ ਹੁਕਮਨਾਮੇ ਵਿਚ ਸਤਿਗੁਰੂ ਜੀ ਨੇ ਅਖੰਡ ਪਾਠ ਦੀ ਵਿਧੀ ਲਿਖ ਭੇਜੀ ਜਿਸ ਮੁਤਾਬਿਕ ਹੁਣ ਭੈਣੀ ਸਾਹਿਬ ਡੇਰੇ ਵਿਚ ਗੁਪਤ ਪਾਠ ਕੀਤੇ ਜਾਣ ਲੱਗੇ। ਭਾਈ ਜੀ ਨੇ ਆਪਣੇ ਗ੍ਰੰਥ ਵਿਚ ਅਖੰਡ ਪਾਠ, ਹਵਨ ਅਤੇ ਅੰਮ੍ਰਿਤ ਤਿਆਰ ਕਰਨ, ਜਨਮ ਅਤੇ ਅਨੰਦ ਕਾਰਜ ਦੀ ਮਰਿਆਦਾ ਤੇ 'ਪ੍ਰਾਣੀ ਚੜ੍ਹੇ ਤੇ ਰੀਤੀ', ਵਰਨੀ ਜਪੁ ਸਾਹਿਬ ਕੀ, ਮਾਲਾ ਦੀ ਵਰਨੀ, ਭਗਉਤੀ ਦੀ ਮਾਲਾ ਆਦਿ ਬਾਰੇ ਲਿਖ ਕੇ ਨਾਮਧਾਰੀ ਰਹਿਤ ਮਰਿਆਦਾ ਨੂੰ ਸਿੱਕੇ ਬੰਦ ਕਰਨ ਦਾ ਵਿਸ਼ੇਸ਼ ਯਤਨ ਕੀਤਾ ਹੈ। ਇਹ ਠੀਕ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਦੁਆਰਾ ਆਪਣੇ ਸਮਿਆਂ ਵਿਚ ਸੰਗਤ ਦੇ ਭਲੇ ਲਈ ਮਰਿਆਦਾ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ, ਜੋ ਵੇਲੇ ਦੇ ਸਤਿਗੁਰੂ ਦਾ ਵਿਸ਼ੇਸ਼ਾਧਿਕਾਰ ਵੀ ਹੁੰਦਾ ਹੈ।

ਗੁਰੂ ਹਰੀ ਸਿੰਘ ਜੀ ਦਾ ਜੱਸ ਸੁਣ ਕੇ ਪੰਜਾਬ ਦਾ ਲਾਟ ਲੁਧਿਆਣੇ ਆਇਆ। ਗੁਰੂ ਹਰੀ ਸਿੰਘ ਜੀ ਨੂੰ ਦਰਸ਼ਨਾਂ ਲਈ ਬੁਲਾ ਭੇਜਿਆ। ਆਮ ਲੋਕ ਸੋਚਣ ਲੱਗੇ ਕਿ ਕਿਤੇ ਇਨ੍ਹਾਂ ਨਾਲ ਵੀ ਵੱਡੇ ਭਾਈ ਵਾਲੀ ਪ੍ਰਦੇਸ਼ ਗਮਨ ਵਾਲੀ ਕਾਰ ਨਾ ਵਰਤ ਜਾਵੇ। ਪਰ ਉਸੀ ਵਕਤ ਲਾਟ ਨੇ ਰੁਖਸਤ ਦੇ ਦਈ। ਦਰਸ਼ਨ ਕਰ ਕੇ ਲਾਟ ਬੜਾ ਪ੍ਰਸੰਨ ਹੋਇਆ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਪੁਲਿਸ ਅਫਸਰ ਬਾਰ ਬਟਨ ਲੰਗਰ ਦੀ ਉਗਰਾਹੀ ਵਿਚ ਵਿਘਨ ਪਾਉਣ ਲਈ ਗੱਡੇ ਤੁਰਨੋਂ ਵੀ ਰੋਕ ਦਿੰਦਾ ਰਿਹਾ ਕਿ 'ਨਾ ਬਾਹਰੋਂ ਰਸਤ ਆਵੇ ਤੇ ਨਾਂ ਲੰਗਰ ਚਲੇ ਤੇ ਨਾ ਏਤਨੇ ਸਿੰਘ ਇਕੱਠੇ ਹੋਵਣ।' ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਜਿਉਂ ਹੀ ਲਾਗਲੇ ਪਿੰਡ ਗੁਰੂਸਰ (ਲੱਲ੍ਹਾਂ) ਵੀ ਪੁਲਿਸ ਦਾ ਪਹਿਰਾ ਰਹਿੰਦਾ ਸੀ ਕਿ ਇਸ ਗੁਰਦੁਆਰੇ ਵਿਚੋਂ ਵੀ ਕੂਕੇ ਪ੍ਰਸਾਦਾ ਨਾ ਛਕ ਸਕਣ। ਪਰ ਉਥੋਂ ਦਾ ਮਹੰਤ ਭਾਈ ਮਾਘਾ ਸਿੰਘ, ਪੁਲਿਸ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਸਿੰਘਾਂ ਨੂੰ ਪ੍ਰਸ਼ਾਦ ਪਾਣੀ ਪੁਚਾਉਂਦਾ,


Namdhari Elibrary NamdhariElibrary@gmail.com

ਉਹ ਜਿਥੇ ਵੀ ਲੁਕੇ ਹੁੰਦੇ। ਗੁਰੂ ਹਰੀ ਸਿੰਘ ਜੀ ਕੁਝ ਸਮੇਂ ਦੀ ਛੁੱਟੀ ਹਾਕਮਾਂ ਤੋਂ ਲੈ ਕੇ ਦੌਰੇ 'ਤੇ ਜਾਂਦੇ। ਭਾਈ ਸਾਹਿਬ ਮੁਤਾਬਿਕ ਆਪਦੇ ਦਰਸ਼ਨਾਂ ਤੋਂ "ਸਿੰਘਾਂ ਨੂੰ ਮਾਨੋ ਪੂਰਨਮਾਸ਼ੀ ਦਾ ਚੰਦ ਚੜ੍ਹਿਆ ਹੈ। ਸੁੱਕੇ ਜੀਵ ਹਰੇ ਹੋਏ।"

ਸਤਿਗੁਰੂ ਰਾਮ ਸਿੰਘ ਜੀ ਦੇ ਨਿਰਵਾਸਿਤ ਜੀਵਨ ਦੇ ਇਤਿਹਾਸਕ ਬਚਨਾਂ ਦਾ ਭੰਡਾਰ ਹੈ ਇਹ ਸਤਿਗੁਰੂ ਬਿਲਾਸ। ਅੰਗ੍ਰੇਜ਼ ਅਧਿਕਾਰੀਆਂ ਨਾਲ ਸੁਆਲ ਜੁਆਬ ਸਮੇਂ ਸਤਿਗੁਰੂ ਜੀ ਕਿਸ ਨਿਰਭੈ ਅਵਸਥਾ ਤੇ ਚੜ੍ਹਦੀ ਕਲਾ ਵਿਚ ਹੁੰਦੇ ਸਨ, ਇਹ ਹੇਠਲੇ ਬਚਨਾਂ ਤੋਂ ਸਹਿਜ ਹੀ ਅਨੁਮਾਨ ਲੱਗ ਜਾਂਦਾ ਹੈ:

"ਏਕ ਦਿਨ ਏਕ ਫਰੰਗੀ ਆਇ ਪੁੱਛਿਆ ਤੁਮਾਰੀ ਉਮਰ ਕਿਤਨੀ ਹੈ? ਦੀਨਾ ਨਾਥ ਜੀ ਬਚਨ ਕੀਤਾ ਕੇ ਜਦ ਕੇ ਮਧੁ ਕੈਟਬ (ਪੌਰਾਣਿਕ ਕਾਲ ਵਿਚ ਵਿਸ਼ਨੂੰ ਨਾਲ ਸਬੰਧਿਤ ਦੋ ਦੈਂਤ ਭਾਈ) ਹੋਏ ਹੈਂ। ਫਰੰਗੀ ਨੇ ਨਾਨੂੰ ਸਿੰਘ ਸੇ ਪੁੱਛਿਆ ਕਿ ਮਧੁ ਕੈਟਬ ਕੈਸਾ ਹੋਂਦਾ ਹੈ। ਕਿਹਾ ਕਿ ਓਨਾਂ ਸੇ ਪੁੱਛੋ।

..."ਏਕ ਫਰੰਗੀ ਨੇ ਕਿਹਾ ਰਾਜਾ ਰਾਮ ਸਿੰਘ ਰਾਜੀ ਹੋ ? ਦੀਨਾ ਨਾਥ ਜੀ ਬਚਨ ਕੀਤਾ ਜੈਸੇ ਅਸੀਂ ਰਾਜੀ ਹੈਂ। ਐਸੇ ਰਾਜੀ ਤੁਮਕੋ ਗੁਰੂ ਨਾਨਕ ਸਾਹਿਬ ਕਰੇਂ। ਧੁਆਡੇ ਦੁਆਲੇ ਭੀ ਸੰਗੀਨਾਂ ਵਾਲੇ ਗੁਰੂ ਲਿਆਵੇ, ਜਿਸ ਤਰ੍ਹਾਂ ਸਾਡੇ ਦੁਆਲੇ ਸੰਗੀਨਾਂ ਵਾਲੇ ਹੈਂ।

..."ਇਕ ਦਿਨ ਚਿੜੀ ਚੁਗਦੀ ਸੀ। ਬਿੱਲੀ ਨੇ ਸ਼ਹਿ ਕੇ ਹੌਲੀ ਹੌਲੀ ਨੇੜੇ ਜਾਇਕੇ ਐਸੀ ਝਪਟ ਮਾਰੀ ਚਿੜੀ ਫੜ ਲਈ। ਦੀਨਾ ਨਾਥ ਜੀ ਬਚਨ ਕੀਤਾ ਇਹੋ ਜੇਹੀ ਮੱਤ ਹੈ ਬਿੱਲਿਆਂ ਕੀ, ਸ਼ਹਿ ਕੇ ਮਾਰਦੇ ਹੈ।"[8]

ਰਾਜਨੀਤੀ ਦਾ ਕੋਈ ਗਹਿਰ ਗੰਭੀਰ ਵਿਸ਼ਲੇਸ਼ਕ ਹੀ ਸੱਤਾਧਾਰੀ, ਕਿਸੇ ਜਾਤੀ ਵਿਸ਼ੇਸ਼ ਬਾਰੇ ਅਜਿਹੀਆਂ ਸਾਰਥਕ ਟਿੱਪਣੀਆਂ ਕਰ ਸਕਦਾ ਹੈ। ਇਹ ਸਤਿਗੁਰੂ ਜੀ ਦੀਆਂ ਨਜ਼ਰਾਂ ਸਾਹਮਣੇ ਹੀ ਵਾਪਰਿਆ ਸੀ ਕਿ ਅੰਗ੍ਰੇਜ਼ਾਂ ਨੇ ਸੁਤੰਤਰ ਸਿੱਖ ਰਾਜ ਲਾਹੌਰ ਦਰਬਾਰ ਪ੍ਰਤੀ, ਵਰ੍ਹਿਆਂ ਤੱਕ ਸ਼ਹਿ ਮਾਰਨ ਦੀ ਨੀਤੀ ਧਾਰੀ ਰੱਖੀ ਸੀ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ ਲਾਹੌਰ ਦਰਬਾਰ ਵਿਚ ਆਪਣੀਆਂ ਗੋਟੀਆਂ ਫਿੱਟ ਕਰ ਕੇ ਉਸ ਨੂੰ ਅੰਗ੍ਰੇਜ਼ਾਂ ਨਾਲ ਉਲਝਾ ਕੇ, ਕੂਟਨੀਤੀ ਨਾਲ ਜੰਗਾਂ ਵਿਚ ਸਿੰਘਾਂ ਨੂੰ ਭਾਂਜ ਦੇ ਕੇ ਪੰਜਾਬ ਸਾਂਭ ਲਿਆ ਸੀ। ਇਸ ਲਈ ਵਿਦੇਸ਼ੀ ਸਰਕਾਰ ਦੇ ਸੁਭਾਅ ਅਤੇ ਦਾਅ ਪੇਚਾਂ ਬਾਰੇ ਸਤਿਗੁਰੂ ਜੀ ਆਪਣੇ ਸਿੰਘਾਂ ਨੂੰ ਸੁਚੇਤ ਕਰਦੇ ਰਹਿੰਦੇ ਸਨ।

ਹੁਣ ਗੁਰੂ ਦਰਸ਼ਨਾਂ ਲਈ ਪੰਜਾਬ ਤੋਂ ਸਿੰਘਾਂ ਦੀ ਲਾਮਡੋਰੀ ਬੱਝ ਗਈ। ਇਹ ੧੮੭੫ ਈ.ਤੋਂ ੧੮੮੧ ਈ. ਤੱਕ ਦਾ ਸਮਾਂ ਹੈ ਜਿਸ ਵਿਚ ਇਕ ਸੈਂਕੜੇ ਦੇ ਲਗਪਗ ਸਿੰਘ ਸਾਗਰੋਂ ਪਾਰ ਜਾ ਕੇ ਗੁਰੂ ਦਰਸ਼ਨਾਂ ਨਾਲ ਨਿਹਾਲ ਹੋ ਕੇ ਆਏ। ਏਧਰਲੇ ਸੁੱਖ-ਸੁਨੇਹੜੇ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਬਿਰਾਜਣ ਵਾਲੇ ਗੁਰੂ ਹਰੀ ਸਿੰਘ ਜੀ ਅਤੇ ਹੋਰ ਪੰਜਾਬ ਦੀਆਂ ਸੰਗਤਾਂ ਬਾਰੇ ਹੁੰਦੇ। ਉਧਰੋਂ ਸਤਿਗੁਰੂ ਜੀ ਦੇ ਹੁਕਮਨਾਮੇ, ਸ਼ੂਮ ਦੇ ਧਨ ਜਿਉਂ ਸਾਂਭ ਸਾਂਭ ਕੇ ਸਿੰਘ ਪੰਜਾਬ ਲੈ ਆਉਂਦੇ। ਹੁਕਮਨਾਮਿਆਂ ਦੇ, ਪੱਤਰਾਂ ਦੇ ਆਦਾਨ ਪ੍ਰਦਾਨ ਦੀ ਤਕਨੀਕ ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿਚ, "ਖਾਲਸੇ ਦਾ ਬਹੀਰ ਪੈ ਚੱਲਿਆ। ਇਕ ਦੋ ਚਾਰ ਆਵੇਂ ਅਤੇ ਦੋ ਚਾਰ ਜਾਵੇਂ। ਪਹਿਲੇ ਸਿੰਘ ਰਾਮਦਾਸਪੁਰੇ ਆਇਕੇ ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰਕੇ ਜਾਣਾ। ਜੇੜ੍ਹੀ ਕੋਈ ਅਰਦਾਸ ਵਿਵਹਾਰ ਕੀ ਹੋਵੇ ਸੋ ਸਭ ਲਿਖਕੇ ਦਿੰਦੇ ਹੈਂ। ਚਲੇ ਜਾਣਾ ਜੇੜ੍ਹੇ ਪੈਂਤ੍ਰੇ ਦੱਸੇ ਹੋਏ ਹੋਣੇ, ਓਹਨੀ ਪੈਂਤ੍ਰੀ ਰੰਗੂਨ ਜਾਇ ਰਹਿਣਾ. ਦਰਸ਼ਨ ਕਰਨਾ ਸ੍ਰੀ ਸਤਿਗੁਰੂ ਜੀ ਕਾ। ਹੁਕਮਨਾਮਾ ਲਿਖ ਦੇਣਾ ਸਿੰਘਾਂ ਨੂੰ। ਪੈਹਰੇ ਕੀ ਅੱਖ ਬਚਾਇਕੇ ਚੁੱਕ ਲੈਂਦੇ ਹੈਂ ਸਿੰਘ। ਬਖਸ਼ੀਸ਼ਾਂ ਬਖਸ਼ਦੇ ਹੈਂ, ਬਹੁਤਿਆਂ ਕੋਂ ਬਰ ਵੀ ਦਿੰਦੇ ਹੈਂ।

"ਜਾਂ ਸਿੰਘ ਜਾਣ ਤਾਂ ਨਾਨੂੰ ਸਿੰਘ ਨੇ ਕਹਿਣਾ ਮੈਂ ਬੋਲਾ ਕਰਾਂਗਾ ਤੂੰ ਤੁਰਦਾ ਤੁਰਦਾ ਈ ਸਮਝ ਲਈਂ। ਜੋ ਸਤਿਗੁਰੂ ਜੀ ਲਿਖ ਦਿੰਦੇ ਹੈਂ ਸੋ ਨਾਨੂੰ ਸਿੰਘ ਸਿੰਘਾਂ ਕੋ ਸੁਣਾਇ ਦਿੰਦਾ ਹੈ। ਸਿੰਘਾਂ ਨੇ ਗਰਦਨ ਭੀ ਸਿੱਧੀ ਰੱਖਣੀ, ਸਿੱਧਾ ਮੁੱਖ ਰੱਖ ਕੇ ਤੁਰੇ ਜਾਣਾ, ਨੇਤਰਾਂ ਸੇ ਦੀਦਾਰ ਹੋਇ ਜਾਣਾ। ਨਾਨੂੰ ਸਿੰਘ ਨੇ ਜੋ ਬਚਨ ਕਰਨਾਂ ਸੋ ਤੁਰੇ ਜਾਂਦੇ ਈ ਸਿੰਘਾਂ ਨੇ ਸਮਝ ਲੈਣਾ। ਪੰਜਾਬੀ ਬੋਲੀ ਮੇਂ ਓਹਨਾਂ ਲੋਕਾਂ ਕੋ ਸਮਝ ਨਾ ਸੀ ਪੈਂਦੀ। ਤੁਰੇ ਜਾਂਦਿਆਂ ਸਿੰਘਾਂ ਅਰਦਾਸ ਬਾਹਰੋਂ ਅੰਦਰ ਸੁੱਟ ਦੇਣੀ। ਉਤਰ ਲਿਖ ਕੇ ਸਤਿਗੁਰੂ ਜੀ ਬਾਹਰ ਸੁੱਟ ਦੇਣੀ, ਤੁਰੇ ਜਾਂਦੇ ਈ ਸਿੰਘਾਂ ਨੇ ਚੁੱਕ ਲੈਣੀ। ਬੋਲਦੇ ਨਾ ਥੇ। ਲਿਖ ਕੇ ਬਚਨ ਹੁੰਦੇ ਹੈਂ ਦੋਹੀਂ ਪਾਸੀਂ। ਸੰਤਰੀ ਬੀ ਕੋਈ ਕੋਈ ਚੰਗਾ ਹੁੰਦਾ ਗੱਲ ਕਰਵਾਇ ਦੇਂਦਾ ਹੈ। ਦਿਨ ਕੋ ਮਦਰਾਸੀਆਂ ਕਾ ਪੈਹਰਾ ਹੈ, ਰਾਤ ਨੂੰ ਗੋਰਿਆਂ ਕਾ ਪੈਹਰਾ। ਪਦਾਰਥ ਭੀ ਛਕਾਇ ਦੇਂਦੇ ਹੈਂ, ਕਿਸੇ ਕਿਸੇ ਸੰਤਰੀ ਨੂੰ। ਜੋ ਨਮਾਂ ਸਿਪਾਹੀ ਐਂਦਾ ਸੀ ਸੋ ਕਰੜਾਈ ਕਰਦਾ ਸੀ।[9]

ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਪ੍ਰਦੇਸ਼ ਦੀ ਮਾਰ ਝੱਲਣ ਵਾਲੇ ਕੁਝ ਕੁ ਸਿੰਘਾਂ ਦੇ ਨਾਮ ਠਾਮ ਸਾਨੂੰ ਭਾਈ ਜੀ ਦੇ ਗ੍ਰੰਥ ਵਿਚੋਂ ਇਉਂ ਮਿਲਦੇ ਹਨ: ਭਗਵਾਨ ਸਿੰਘ ਛੋਕਰਾਂ, ਹਰਨਾਮ ਸਿੰਘ ਮੋਰੋਂ, ਨੈਣਾਂ ਸਿੰਘ ਵਰਿਆਂਹ, ਨਿਧਾਨ ਸਿੰਘ ਚੰਬਾ, ਭਗਵਾਨ ਸਿੰਘ ਫੱਤੇਵਾਲ, ਹਮੀਰ ਸਿੰਘ ਦੁਰਗਾਪੁਰ,



Namdhari Elibrary NamdhariElibrary@gmail.com

ਚੜ੍ਹਤ ਸਿੰਘ ਬਦਨ ਭੂਪਾਲ ਵਾਲਾ,। ਉਸ ਦੀ ਸਿੰਘਣੀ ਮਾਈ ਲਛਮੀ ਭੂਪਾਲ ਵਾਲਾ, ਟੈਹਲ ਸਿੰਘ ਸੇਖਵਾਂ, ਅਰੂੜ ਸਿੰਘ ਸਹਾਰਨ, ਗੁਰਦਿੱਤ ਸਿੰਘ ਬੈਂਕੇ, ਸਰਮੁਖ ਸਿੰਘ ਲੱਲੂ ਵਾਲਾ, ਸਮੁੰਦ ਸਿੰਘ ਖੋਟੇ, ਗੁਰਦਿੱਤ ਸਿੰਘ ਧਰਮਕੋਟ, ਨਰੈਣ ਸਿੰਘ ਰੋਡੇ, ਲਾਲ ਸਿੰਘ ਗੁਮਟੀ ਵਾਲਾ ਅਤੇ ਉਸ ਦੀ ਸਿੰਘਣੀ ਪ੍ਰਤਾਪ ਕੌਰ, ਕਾਹਨ ਸਿੰਘ ਬੁਰਜ, ਨੱਥਾ ਸਿੰਘ ਗਾਦੜੀ, ਸਦਾ ਸਿੰਘ ਅੰਮ੍ਰਿਤਸਰ, ਨਰੈਣ ਸਿੰਘ ਫਲੌਰ, ਜਿਊਣ ਸਿੰਘ ਸਿਰਹਾਲੀ, ਸੁਬੇਗ ਸਿੰਘ ਮਹਰਾਣਾ, ਮੀਹਾ ਸਿੰਘ ਸਿਰਹਾਲੀ, ਮੂਲਾ ਸਿੰਘ ਅਤੇ ਕਾਲਾ ਸਿੰਘ ਦੋਵੇਂ ਫੱਤੇਵਾਲ, ਜੁਆਲਾ ਦੇਈ ਅੰਮ੍ਰਿਤਸਰ (ਇਹ ਮਾਈ ਕਲਕੱਤੇ ਤੋਂ ਅੱਗੇ ਨਹੀਂ ਗਈ), ਬਘੇਲ ਸਿੰਘ ਨਾਰਲੀ, ਸ਼ਾਮ ਸਿੰਘ ਸਿਰਹਾਲੀ, ਗੁਰਦਿੱਤਾ ਰਾਮ ਰਬਾਬੀ, ਬੂਟਾ ਰਾਮ ਕਲਕੱਤੇ ਵਾਲਾ, ਭਗਵਾਨ ਸਿੰਘ ਮਰ੍ਹਾਣਾ, ਸੁੰਦਰ ਸਿੰਘ ਚੀਮੇ, ਮਤਾਬ ਸਿੰਘ ਪਕੌੜੀਆ ਅੰਮ੍ਰਿਤਸਰ, ਧੰਨਾ ਸਿੰਘ ਗੁਮਟੀ, ਕਿਰਪਾਲ ਸਿੰਘ ਰਾਗੀ ਭਦੌੜ, ਸੋਭਾ ਸਿੰਘ ਹਰਨਾਮ ਸਿੰਘ ਨਥਾਣਾ, ਹਰਨਾਮ ਸਿੰਘ ਗੁਲਾਬੇ ਦੀ ਮੰਡੀ, ਸੋਣ ਸਿੰਘ ਰੋਡੇ, ਹੀਰਾ ਸਿੰਘ ਸਢੌਰਾ, ਸਾਹਿਬ ਸਿੰਘ ਜੌਹਲਾਂ, ਵਸਾਖਾ ਸਿੰਘ ਭੋਮਾ ਵਡਾਲਾ, ਚੰਦਾ ਸਿੰਘ ਸਕਤੂ ਨੰਗਲ, ਲਾਲ ਸਿੰਘ ਲਤਾਲਾ, ਈਸ਼ਰ ਸਿੰਘ ਚੁੰਨ੍ਹੀ, ਸੁੰਦਰ ਸਿੰਘ ਕਲੇਹਰੀ, ਭਗਵਾਨ ਸਿੰਘ ਵਿਰਕ, ਮਸਤਾਨ ਸਿੰਘ ਰਾਈਆਂ... ਇਤਿਆਦਿਕ।

ਸਤਿਗੁਰੂ ਜੀ ਦਰਸ਼ਨ ਅਭਿਲਾਖੀ ਸਿੰਘਾਂ ਨੂੰ ਕਿਵੇਂ ਚੜ੍ਹਦੀ ਕਲਾ ਵਿਚ ਰੱਖਣ ਦੇ ਬਚਨ ਕਰਦੇ ਸਨ ਅਤੇ ਕਿਸ ਕਠਿਨ ਦੌਰ ਵਿਚੋਂ ਕੂਕੇ ਲੰਘ ਰਹੇ ਸਨ, ਸੁਣੋ ਬਾਹੋਵਾਲ ਜੀ ਤੋਂ "ਸ਼ਾਮ ਸਿੰਘ (ਸਿਰਹਾਲੀ) ਨੇ ਪੁੱਛਿਆ ਜੀ ਕਦ ਆਵੋਗੇ। ਆਸਾਂ ਕਰਦੇ ਕਈ ਸਿੰਘ ਚੜ੍ਹ ਗਏ ਹੈਂ ਕਈ ਟੁੱਟ ਗਏ ਹੈਂ। ਬਾਕੀ ਬਿਧ ਹੋਇ ਗਏ ਹੈਂ। ਦਰਸ਼ਨ ਕਦ ਹੋਊਗਾ? ਦਿਆਲੂ ਗੁਰਾਂ ਨੇ ਬਚਨ ਕੀਤਾ ਜੇੜੇ ਮਰ ਗਏ ਹੈਂ ਸੋ ਸਭ ਮੇਰੇ ਪਾਸ ਆਇ ਗਏ ਹੈਂ। ਜੇੜ੍ਹੇ ਟੁੱਟ ਗਏ ਹੈਂ ਜਦ ਅਸੀਂ ਆਵਾਂਗੇ ਪੰਜਾਬ ਦੇਸ ਮੇਂ ਤਾਂ ਸਭ ਜਾਗ ਔਣਗੇ। ਜੈਸੇ ਪਹਿਲੇ ਛੱਲੇ ਕਾ ਮੀਂਹ ਪੈਂਦਾ ਹੈ ਤਾਂ ਡੱਡੂ ਜਾਗ ਔਂਦੇ ਹੈਂ, ਗੁੜੈਂ ਗੁੜੈ ਕਰਦੇ ਹੈਂ, ਤਿਸੀ ਤਰਾਂ ਟੁੱਟੇ ਜਾਗ ਪੈਣਗੇ। ਜਿਹੜੇ ਬਿਧ ਹੋਇ ਗਏ ਹੈਂ ਓਹਨਾਂ ਦੇ ਵਾਸਤੇ ਘਿਓ ਰੱਖਿਆ ਹੋਇਆ ਹੈ। ਓਹ ਘਿਓ ਜਿਸ ਨੂੰ ਛਕਾਂਵਾਂਗੇ ਸੋ ਬਾਰਾਂ ਬਰਸ ਕੇ ਹੋਇ ਜਾਣਗੇ। ਧੌਲਿਆਂ ਥੀਂ ਕਾਲੇ ਹੋਇ ਜਾਣਗੇ।"[10]

ਫਿਰ ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਹਰੀ ਸਿੰਘ ਨੂੰ ਲਿਖ ਕੇ ਭੇਜਿਆ ਕਿ ਸਿੰਘ ਧਨ ਪਦਾਰਥ ਖਰਚ ਕਰਕੇ, ਬਿਪਤਾ ਝਾਗ ਕੇ ਇਥੇ ਆਉਂਦੇ ਹਨ। ਫਰੰਗੀ ਨਾ ਮਿਲਣ ਦਿੰਦੇ ਹਨ, ਨਾ ਬਚਨ ਕਰਨ ਦਿੰਦੇ ਹਨ, ਨਾ ਅਸੀਂ ਆਏ ਸਿੰਘਾਂ ਦੀ ਜਲ ਪਾਣੀ ਪਰਸ਼ਾਦੇ ਦੀ ਸੇਵਾ ਕਰ ਸਕਦੇ ਹਾਂ। ਇਤਨੀ ਦੂਰੋਂ ਆ ਕੇ ਜਦੋਂ ਸਿੰਘ ਬਿਨਾ ਮਿਲਿਆਂ ਵਾਪਸ ਮੁੜਦੇ ਹਨ ਤਾਂ ਵੱਡੀ ਤਕਲੀਫ ਹੁੰਦੀ ਹੈ। ਇਸ ਲਈ ਹੁਣ ਸਿੰਘਾਂ ਨੂੰ ਸਖਤੀ ਨਾਲ ਰੋਕ ਦਿਓ ਕਿ ਇਧਰ ਨਾ ਆਉਣ। ਜੋ ਖਰਚਾ ਇਧਰ ਆਉਣ 'ਤੇ ਕਰਨਾ ਹੈ ਉਹ ਗੁਰੂ ਕੇ ਲੰਗਰ ਵਿਚ ਸ੍ਰੀ ਭੈਣੀ ਸਾਹਿਬ ਪਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ। "ਦੀਨ ਦਿਆਲ ਜੀ ਲਿਖਿਆ ਜਿਨ੍ਹਾਂ ਨੇ ਹੁਕਮ ਮੰਨਿਆ ਹੈ ਉਹ ਸਦਾ ਈ ਮੇਰੇ ਪਾਸ ਹੈਨ ਅਰ ਮੈਂ ਉਨ੍ਹਾਂ ਕੋਲ ਹਾਂ।" ਇਸ ਲਈ ੧੮੮੧ ਈ. ਤੋਂ ਬਾਅਦ ਦਰਸ਼ਨ ਕਰਨ ਆਉਣ ਵਾਲਿਆਂ ਦਾ ਵੇਰਵਾ ਨਹੀਂ ਮਿਲਦਾ ਹੈ।

ਮੀਹਾਂ ਸਿੰਘ ਸਿਰਹਾਲੀ ਰੂਸ ਸਰਕਾਰ ਦਾ ਇਕ ਕੂਟਨੀਤਕ ਪੱਤਰ, ਸ਼ੁਰੂ ੧੮੮੧ ਈ. ਵਿਚ ਮਰਗੋਈ ਦੇ ਟਾਪੂ ਵਿਚ ਸਤਿਗੁਰੂ ਜੀ ਨੂੰ ਪੁਚਾਉਣ ਵਿਚ ਵੱਡੀ ਦਲੇਰੀ ਤੇ ਹਿੰਮਤ ਨਾਲ ਸਫਲ ਹੋ ਗਿਆ। ਬਾਅਦ ਵਿਚ ਪਕੜਿਆ ਗਿਆ। "ਫਿਰ ਵੱਡੇ ਫਰੰਗੀ ਕੋਲ ਭੇਜ ਦੀਆ। ਫਰੰਗੀ ਨੇ ਪੁੱਛਿਆ ਤੁਮ ਅੰਦਰ ਗਏ? ਕਹਾ ਕਿ ਹਾਂ ਅੰਦਰ ਗਏ। ਕਹਾ ਕਿ ਤੁਮ ਤੋ ਕਹਿਤੇ ਥੇ ਕਿ ਰਾਜਾ ਸਾਹਿਬ (ਸਤਿਗੁਰੂ ਰਾਮ ਸਿੰਘ ਜੀ) ਕੋਲ ਨਹੀਂ ਜਾਂਦੇ, ਨੌਕਰੀ ਕੋ ਆਏ ਹੈਂ? ਮੀਹਾਂ ਸਿੰਘ ਨੇ ਕਹਾ ਕਿ ਏਸੇ ਨੌਕਰੀ ਕੋ ਆਏ ਸੇ, ਸੋ ਨੌਕਰੀ ਕਰ ਲਈ ਹੈ। ਪੂਛਾ ਕਿ ਤੁਮ ਕੋਈ ਚਿੱਠੀ ਲਿਆਏ ਹੋ? ਕਹਾ ਕਿ ਹੋਰ ਚਿੱਠੀ ਕੀ ਕਰਨੀ ਹੈ ਮੈਂ ਜੋ ਸਾਢੇ ਤੀਨ ਹੱਥ ਚਿੱਠੀ ਹਾਂ। ਤਾਂ ਹਵਾਲਾਤ ਮੇਂ ਦੁਆਇਆ ਦੀਆ।"[11]

ਪੌਣੇ ਦਸ ਵਰ੍ਹੇ ਸਤਿਗੁਰੂ ਜੀ ਦੀ ਸੇਵਾ ਵਿਚ ਕੱਟਣ ਬਾਅਦ ਭਾਈ ਨਾਨੂੰ ਸਿੰਘ ਨੂੰ ਮਰਗੋਈ ਟਾਪੂ ਤੋਂ ਵਾਪਸ ਪੰਜਾਬ ਜਾਣ ਦੀ ਛੁੱਟੀ ਦੁਆਉਣ ਲਈ ਸਤਿਗੁਰੂ ਜੀ ਨੇ ਕਈ ਕੌਤਕ ਕੀਤੇ, ਕਈ ਸਾਂਗ ਧਾਰੇ।"ਦੇਸ ਆਏ ਤੇ ਨਾਨੂੰ ਸਿੰਘ ਕੋ ਫ਼ਰੰਗੀ ਨੇ ਪੁੱਛਿਆ ਕਿ ਕੀ ਇਨਾਮ ਲੈ ਆਂਦਾ ਹੈ? ਨਾਲ ਜਾਣੇ ਮੇਂ ਕੀ ਹਾਸਲ ਹੋਇਆ ਹੈ? ਭੈਣੀ ਮੇਂ ਨਹੀਂ ਜਾਣਾ। ਨਾਂ ਕੋਈ ਕੂਕਾ ਤੁਮਾਰੇ ਪਾਸ ਆਵੇ ਨਾ ਤੁਮ ਕਿਸੇ ਕੋਲ ਜਾਓ।"[12]

ਭੈਣੀ ਸਾਹਿਬ ਪੁਲਿਸ ਚੌਕੀ ਵਿਚ ਪਹਿਲਾਂ ਤਾਂ ਇਕ ਕਾਣਾ ਹੌਲਦਾਰ ਕਾਫੀ ਸਮਾਂ ਰਿਹਾ ਜੋ ਡੇਰੇ ਵਿਚ ਰਹਿਣ ਵਾਲੇ ਤੇ ਆਉਣ ਜਾਣ ਵਾਲੇ ਸਿੰਘਾਂ ਨੂੰ ਬਹੁਤ ਤੰਗ ਕਰਿਆ ਕਰਦਾ ਸੀ। "ਫੇਰ ਗੋਂਦਾ ਸਪਾਹੀ ਆਇਆ ਰਾਮਦਾਸਪੁਰੇ ਮੇਂ ਨੌਕਰੀ ਲਵਾਇਕੇ। ਵਾਹਯਾਤ ਬਕਣਾਂ। ਆਪਣਾ ਬੱਡਾ ਜੋਰ ਜਣਾਵੇ। ਕਹੇ ਕਿ ਮੇਰੇ ਸਾਮ੍ਹਣੇ ਦੋ ਸਿੰਘ ਆਵਣ ਤਾਂ ਭੀ ਮੈਂ



Namdhari Elibrary NamdhariElibrary@gmail.com

ਕੁਝ ਨਹੀਂ ਜਾਣਦਾ ਹਾਂ। ਦੋ ਦੋ ਨੂੰ ਫੜ੍ਹਕੇ ਮਾਰ ਦੇਵਾਂ। ਸਿੰਘਾਂ ਕੀ ਬੇਅਦਬੀ ਕਰਨੇ ਲੱਗਾ। ਗਾਲ੍ਹਾਂ ਕੱਢਣੀਆਂ, ਇੱਜ਼ਤ ਭੀ ਲਾਹੁਣੀ, ਧੱਕੇ ਭੀ ਦੇਣੇ ਆ ਆਏ ਸਿੰਘਾਂ ਨੂੰ। ਬੜਾ ਹੰਕਾਰੀ ਜੀਵ ਸੀ। ਨਾਲੇ ਘੂਰੇ ਨਾਲੇ ਖਾਵੇ। ਜੋ ਲਿਖਨ ਵੇਲੇ ਤੋਂ ਬਾਅਦ ਸਿੰਘ ਆਇ ਜਾਵੇ ਧੱਕੇ ਦੇ ਕੇ ਕੱਢ ਦੇਣਾ, ਪਟੜੀ ਸੇ ਬਾਹਰ ਕਰਨਾ।"[13]

ਇਸ ਨੂੰ ਅੰਮ੍ਰਿਤਸਰ ਬੁੱਚੜ ਬੱਧ ਦੇ ਸਾਕੇ ਵਿਚਲੇ ਮਫਰੂਰ ਭਾਈ ਭਗਵਾਨ ਸਿੰਘ ਉਰਫ ਅੜਬੰਗੀ ਪਿੰਡ ਮਰਹਾਣਾ (ਅੰਮ੍ਰਿਤਸਰ) ਨੇ ਜਨਵਰੀ ੧੮੭੩ ਈ. ਵਿਚ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਆਇਆਂ, ਆਪਣੇ ਖੁੰਡੇ ਦੇ ਵਾਰ ਨਾਲ ਹੀ ਪਾਰ ਬੁਲਾ ਦਿੱਤਾ ਸੀ ਜਦੋਂ ਉਹ ਅੜਬੰਗੀ ਦੇ ਸਿਰ ਤੇ ਰੱਖੇ ੫੦੦ ਰੁਪੈ ਇਨਾਮ ਦੇ ਲਾਲਚ ਵਿਚ ਇਸ ਦਾ ਪਿੱਛਾ ਕਰਦਾ, ਪਹਿਲਾਂ ਭੈਣੀ ਸਾਹਿਬ ਦੀ ਜੂਹ ਲੰਘ ਕੇ, ਕੋਟ ਗੰਗੂ ਰਾਏ ਦੀ ਜੂਹ ਵਿਚ ਤੇ ਫਿਰ ਨੀਲੋਂ ਦੀ ਜੂਹ ਵਿਚ ਪੁੱਜ ਗਿਆ ਸੀ। ਅੜਬੰਗੀ ਬਹੁਤ ਤੀਖਣ ਬੁੱਧੀ ਵਿਅਕਤੀ ਸੀ, ਉਹ ਪਹਿਲਾਂ ਤਾਂ ਗੋਂਦੇ ਨੂੰ ਲਾਲਚ ਵੀ ਦਿੰਦਾ ਰਿਹਾ ਕਦੇ ਰੁਪੈ ਸੁੱਟ, ਕਦੇ ਲੋਈ,ਕਦੇ ਪਿੰਨੀਆਂ ਵਾਲਾ ਗੜਵਾ ਕਿ ਮੈਂ ਜਿੰਨਾਂ ਵੀ ਭੈਣੀ ਸਾਹਿਬ ਦੀ ਜੂਹ ਤੋਂ ਦੂਰ ਜਾ ਕੇ ਇਸ ਦਾ ਸ਼ਿਕਾਰ ਕਰਾਂਗਾ ਉਤਨਾ ਹੀ ਗੁਰੂ ਹਰੀ ਸਿੰਘ ਜੀ ਤੇ ਡੇਰੇ ਦੀ ਹਦੂਦ ਵਿਚ ਨਜ਼ਰਬੰਦ ਰਹਿਣ ਵਾਲੇ ਸਿੰਘ, ਕਤਲ ਦੀ ਕਨੂੰਨੀ ਕਾਰਵਾਈ ਤੋਂ ਸੁਰੱਖਿਅਤ ਰਹਿਣਗੇ। ਪਹਿਲਾਂ ਤਾਂ ਹੌਲਦਾਰ ਨੇ ਇਹ ਖਬਰ ਭੇਜੀ ਕਿ ਕੂਕਿਆਂ ਨੇ ਗਾਰਦ ਵੱਢ ਦਿੱਤੀ ਹੈ। ਪਰ ਉਸੇ ਹੌਲਦਾਰ ਨੇ ਗੁਰੂ ਹਰੀ ਸਿੰਘ ਜੀ ਸਮੇਤ ਡੇਰੇ ਦੇ ਸਭ ਸਿੰਘਾਂ ਨੂੰ ਤਬੇਲੇ ਵਿਚ ਬੰਦ ਕਰ ਕੇ ਬਾਹਰੋਂ ਜਿੰਦਰੇ ਲਾ ਦਿੱਤੇ। ਸੋ ਜਦੋਂ ਮੌਕੇ 'ਤੇ ਆ ਕੇ ਵੱਡੇ ਅਫਸਰ ਬਟਨ ਨੇ ਗੁਰੂ ਹਰੀ ਸਿੰਘ ਜੀ ਨੂੰ ਪੁੱਛਿਆ ਖੂਨ ਕੈਸੇ ਹੋਇਆ ਹੈ ਤਾਂ ਉਨ੍ਹਾਂ ਦੱਸਿਆ ਕਿ ਅਸੀਂ ਤਾਂ ਜੰਦਰਿਆਂ ਵਿਚ ਸਾਂ ਕੀ ਜਾਣੀਏ। ਬਟਨ ਹੌਲਦਾਰ ਨੂੰ ਝਈਆਂ ਲੈ ਲੈ ਪਵੇ ਕਿ ਤੁਸੀਂ ਸਰਕਾਰ ਦਾ ਹਰਜਾ ਕੀਤਾ ਹੈ। ਸਰਕਾਰ ਚਾਹੁੰਦੀ ਸੀ ਗੁਰੂ ਹਰੀ ਸਿੰਘ ਜੀ ਨੂੰ ਇਸ ਕੇਸ ਵਿਚ ਫਸਾਉਣਾ ਪਰ ਉਹ ਤੇ ਕਤਲ ਦੀ ਸੋਅ ਸੁਣਦਿਆਂ ਹੀ ਬੰਦ ਕਰ ਦਿੱਤੇ ਗਏ ਸਨ। ਇਸ ਕਤਲ ਤੋਂ ਬਾਅਦ ਵੀ ਕੁਹਾੜੇ ਤੱਕ ਤੋਪਾਂ ਬੀੜੀਆਂ ਗਈਆਂ ਅਤੇ ਫੌਜ ਮੱਕੜੀ ਦਲ ਵਾਂਗੂੰ ਭੈਣੀ ਸਾਹਿਬ ਪੁੱਜ ਗਈ। ਵੱਡੇ ਅਫਸਰ ਸ਼ਾਇਦ ਡੀ. ਸੀ. ਲੁਧਿਆਣਾ "ਫਰੰਗੀ ਨੇ ਬਟਨ ਸੇ ਪੂਛਾ। ਬਟਨ ਨੇ ਕਹਾ ਕਿ ਉਡਾਇ ਦੇਣੇ ਚਾਹੀਦੇ ਹੈਂ। ਫਰੰਗੀ ਨੇ ਬਟਨ ਕੋ ਕਹਾ ਕਿ ਦੇਖੋ ਮਲੇਰਕੋਟਲੇ ਮੇਂ ਜਿਸ ਫਰੰਗੀ ਨੇ ਉਡਾਏ ਥੇ ਉਸ ਕੋ ਉਤਾਰੂ (ਬਰਤਰਫ) ਕਰ ਦੀਆ ਥਾ, ਅਬ ਦਰ ਦਰ ਖਰਾਬ ਹੋਤਾ ਫਿਰਤਾ ਹੈ। ਦੋ ਦਿਨ ਕਰੜਾਈ ਰਹੀ। ਤੀਏ ਦਿਨ ਬੰਗ ਫੀਲ(ਜਾਪਦਾ ਹੈ ਇਹ ਕੋਈ ਇਸਾਈ ਮਿਸ਼ਨਰੀ ਸੀ, ਰੱਬ ਦੇ ਭੈਅ ਵਾਲਾ) ਨੇ ਕਿਹਾ ਕਿ ਇਨਕੇ ਜ਼ੁੰਮੇ ਕੀ ਗੁਨਾਹ ਹੈ। ਖੂਨ ਜੰਗਲ ਮੇਂ ਜਾਇ ਕੇ ਹੋਇਆ ਹੈ ਦੋ ਕੋਸ ਪਰ। ਨਿਮਕ ਹਰਾਮ ਇਨ ਕੋ ਬੰਦ ਕਰਤਾ ਫਿਰਤਾ ਹੈ ਹੌਲਦਾਰ, ਅਰ ਖੂਨੀ ਕੇ ਮਗਰ ਨਹੀਂ ਗਿਆ। ਪੇਟੀ ਲਾਹ ਦੇਣੀ ਚਾਹੀਦੀ ਹੈ। ਕੋਲੋਂ ਬਟਨ ਨੇ ਕਹਾ ਕਿ ਜੇਕਰ ਪੇਟੀ ਅਬ ਲਾਹੋਗੇ ਤਾਂ ਕੂਕੇ ਬਿਗੜ ਜਾਏਂਗੇ। ਬਟਨ ਨੇ ਬਹੁਤ ਬਾਧੇ ਘਾਟੇ ਦੀਆਂ ਕਹੀਆਂ।"[14]

ਇਸ ਕਤਲ ਤੋਂ ਬਾਅਦ ਲੰਬੜਦਾਰਾਂ ਚੌਕੀਦਾਰਾਂ ਨੂੰ ਕਿਹਾ ਗਿਆ ਸੀ ਕਿ ਜਿਥੇ ਜਿਥੇ ਵੀ ਕੂਕਾ ਮਿਲੇ ਭੈਣੀ ਸਾਹਿਬ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਉਸ ਨੂੰ ਫੜ ਕੇ ਲੈ ਆਵੇ। ਲੇਖਕ ਭਾਈ ਸੰਤੋਖ ਸਿੰਘ ਨੂੰ ਵੀ ਗੁਆਂਢੀ ਪਿੰਡ ਤੱਖਰਾਂ ਦੇ ਚੌਕੀਦਾਰ ਨੇ ਫੜ ਕੇ ਤਬੇਲੇ ਵਿਚ ਇਕੱਠੇ ਕੀਤੇ ਸਿੰਘਾਂ ਪਾਸ ਪੁਚਾ ਦਿੱਤਾ। 'ਬੰਗ ਫੀਲ' ਫਰੰਗੀ ਦੇ ਕਹਿਣ ਤੇ ਗੁਰੂ ਹਰੀ ਸਿੰਘ ਜੀ ਅਤੇ ਸਾਰੇ ਸਿੰਘ ਛੱਡ ਦਿੱਤੇ ਗਏ। ਸਿੰਘਾਂ ਨੇ ਮਹਿਸੂਸ ਕੀਤਾ ਕਿ ਗੋਂਦੇ ਦੇ ਕਤਲ ਵਾਲੀ ਜਿਹੜੀ ਹਨੇਰੀ ਆਈ ਸੀ ਉਹ ਲੰਘ ਗਈ ਹੈ ਅਤੇ ਹੁਣ ਜੋ ਭੈ ਥਾ ਸੋ ਚੁੱਕਿਆ ਹੈ।" ਬਾਦ ਵਿਚ ਅੜਬੰਗ ਸਿੰਘ ਇਸ ਕੇਸ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਸੈਸ਼ਨ ਜੱਜ ਲੁਧਿਆਣਾ ਨੇ ਸਬੂਤਾਂ ਦੇ ਅਭਾਵ ਵਿਚ ਉਸ ਨੂੰ ਬਰੀ ਕਰ ਦਿੱਤਾ ਸੀ। ਪਰ ਅੜਬੰਗੀ ਦੇ ਮੁਕੱਦਮੇ ਦਾ ਵੇਰਵਾ ਭਾਈ ਜੀ ਦੀ ਰਚਨਾ ਵਿਚੋਂ ਨਹੀਂ ਮਿਲਦਾ।

ਗੁਰੂ ਹਰੀ ਸਿੰਘ ਜੀ ਦੇ ਹੁਕਮ ਨਾਲ ਗ੍ਰੰਥ ਕਰਤਾ ਭਾਈ ਸੰਤੋਖ ਸਿੰਘ ਜੀ ਨੇ ਲਾਹੌਰ ਕਮਿਸ਼ਨਰ ਦੇ ਬੂਹੇ ਅੱਗੇ ਜਾ ਕੇ ਦਿਨੇ ਹੀ ਮਸ਼ਾਲ ਬਾਲ ਦਿੱਤੀ। "ਸਭ ਕਚਿਹਰੀ ਬਾਹਰ ਨਿਕਲ ਆਈ। ਪੁੱਛਣੇ ਲਗੇ ਤੁਮ ਨੇ ਕਿਉਂ ਮਸ਼ਾਲ ਬਾਲੀ ਹੈ ? ਕਹਾ ਕਿ ਤੁਸੀਂ ਅਦਾਲਤ ਨਹੀਂ ਕਰਦੇ ਹੋ। ਦਿਨ ਨੂੰ ਅੰਧੇਰੇ ਪੈ ਗਿਆ ਹੈ। ਅੰਨ੍ਹਿਆਂ ਨੂੰ ਚਾਨਣ ਕੀਤਾ ਹੈ। ਹੋਰ ਤਾਂ ਰਾਤ ਕੋ ਅੰਨ੍ਹੇ ਹੈਂ ਅਦਾਲਤੀ ਦਿਨ ਕੇ ਅੰਨ੍ਹੇ ਹੈਂ। ਉਨ੍ਹਾਂ ਨੇ ਪੁੱਛਿਆ ਕਿਉਂ ਅੰਨ੍ਹੇ ਹੈ? ਕਿਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੋ ਫੜ ਕੇ ਲੈ ਗਏ ਹੈਂ। ਕੀ ਗੁਨਾਹ ਕੀਤਾ ਸੀ? ਜਿਨ੍ਹਾਂ ਸਿੰਘਾਂ ਨੇ ਹਮਲਾ ਕੀਤਾ ਸੀ ਸੋ ਉਡਾਇ ਦੀਏ ਥੇ। ਸਤਿਗੁਰੂ ਜੀ ਪਹਿਲੋਂ ਇਤਲਾਹ ਦਿੱਤੀ ਸੀ ਕਿ ਸਿੰਘ ਸਾਥੋਂ ਬੇਬੱਸ ਹੈਂ। ਸਰਕਾਰ ਨੇ ਨਾਂ ਬੰਦੋਬਸਤ ਕੀਤਾ। ਸਤਿਗੁਰੂ ਜੀ ਬੇਗੁਨਾਹਿਆਂ ਕੋ ਫੜ ਕੇ ਲੈ ਗਏ ਹੈਂ। ਫੇਰ ਹੋਰ ਏਤਨੀਆਂ



Namdhari Elibrary NamdhariElibrary@gmail.com

ਅਰਜ਼ੀਆਂ ਦਿੱਤੀਆਂ ਹੈ ਕੋਈ ਉੱਤਰ ਨਹੀਂ ਦਿੰਦੇ ਹੋ ਕਿ ਕਿੱਥੇ ਹਨ। ਨਾਂ ਦੀਦਾਰ ਕਰਨ ਦਿੰਦੇ ਹੋ, ਨਾ ਚਿੱਠੀ ਭੇਜਣ ਦਿੰਦੇ ਹੋ। ਸਤਿਗੁਰੂ ਜੀ ਤੇ ਸੂਬਿਆਂ ਕੋ ਕੇਹੜੀ ਅਦਾਲਤ ਨਾਲ ਫੜਕੇ ਲੈ ਗਏ ਹੋ। ਏਸ ਬਾਰਤਾ ਕਾ ਉਤਰ ਦਿਓ। ਏਸ ਵਾਸਤੇ ਅੰਨੇ ਅਦਾਲਤੀਆਂ ਕੋ ਚਾਨਣ ਕੀਤਾ ਹੈ। ਅਦਾਲਤ ਨਹੀਂ ਰਹੀ ਹੈ। ਅੰਧੇਰ ਪੈ ਗਿਆ ਹੈ ਦਿਨ ਕੋ।"[15]

ਸਰਕਾਰੀ ਅਧਿਕਾਰੀਆਂ ਨੂੰ ਭਾਈ ਸੰਤੋਖ ਸਿੰਘ ਨੇ ਆਪਣੇ ਬੁੱਧ ਬਲ ਨਾਲ ਵਾਹਵਾ ਠਿੱਠ ਕੀਤਾ ਅਤੇ ਸ਼ਾਬਤ ਕੀਤਾ ਕਿ ਕੂਕੇ ਸਿੰਘ, ਸਰਕਾਰੀ ਦਮਨ ਚੱਕਰ ਵਿਚ ਲਿਫੇ ਨਹੀਂ, ਸਗੋਂ ਸ਼ੇਰ ਬਣ ਕੇ ਦੁਸ਼ਮਣ ਦੀਆਂ ਅਦਾਲਤਾਂ ਮੂਹਰੇ ਬੁੱਕਦੇ ਰਹੇ ਹਨ। ਇਸ ਤਰ੍ਹਾਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸਰਕਾਰ ਪ੍ਰਸਤ ਮਹੰਤਾਂ ਪੁਜਾਰੀਆਂ ਦਾ ਪਾਜ ਉਧੇੜਣ ਲਈ ਵੀ ਮਸ਼ਾਲ ਬਾਲੀ ਕਿ ਤੁਸੀਂ ਸਾਰੇ ਰਲ ਮਿਲ ਕੇ ਸਤਿਗੁਰੂ ਜੀ ਖਿਲਾਫ ਕਰਤੂਤਾਂ ਕਰ ਰਹੇ ਹੋ। ਜਦੋਂ ਲੁਧਿਆਣੇ ਮਸ਼ਾਲ ਬਾਲੀ ਤਾਂ ਠਾਕਰੀਏ ਮੁਕਬਰ ਨੇ ਫੜਾ ਦਿੱਤਾ। ਤੀਜੇ ਦਿਨ ਬਾਰਬਟਨ ਸਾਹਵੇਂ ਪੇਸ਼ ਕੀਤੇ। ਉਹ ਵੀ ਸਰਕਾਰ ਸਾਂਹਵੇ ਬੋਲਣ ਦੀ ਭਾਈ ਜੀ ਦੀ ਦਲੇਰੀ ਤੋਂ ਪ੍ਰਭਾਵਿਤ ਹੋਇਆ। "ਬਟਨ ਨੇ ਕਿਹਾ ਕਿ ਤੁਮ ਗੁਰੂ ਹਰੀ ਸਿੰਘ ਕਿਉਂ ਕਹਿੰਦੇ ਹੋ, ਉਸਕਾ ਨਾਮ ਤੋਂ ਬੁੱਧ ਸਿੰਘ ਹੈ। ਸੰਤੋਖ ਸਿੰਘ ਕਹਾ ਬ੍ਰਿਛ ਕਾ ਬੂਟਾ ਸੁੱਕੇ ਤੇ ਪਾਣੀ ਪਾਏ ਤੇ ਹਰਾ ਹੋਇ ਜਾਂਦਾ ਹੈ। ਇਸੀ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਕੇ ਜਾਣੇ ਸੇ ਸੰਗਤ ਸੁੱਕ ਗਈ ਸੀ। ਇਸ ਮੂਰਤੀ ਦਾ ਦਰਸ਼ਨ ਕਰਕੇ ਦਿਲ ਹਰਾ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ, ਇਸ ਦਾ ਨਾਮ ਹਰੀ ਸਿੰਘ ਹੈ, ਮੇਰਾ ਰੂਪ ਕਰਕੇ ਜਾਨਣਾ। ਇਸੀ ਕਰਕੇ ਗੁਰੂ ਹਰੀ ਸਿੰਘ ਜੀ ਕਹਿੰਦੇ ਹੈਂ ਸਿੰਘ।"[16]

ਭਾਈ ਸੰਤੋਖ ਸਿੰਘ ਨੇ ਪੁਲਿਸ ਚੌਕੀ ਦੇ ਕਰਮਚਾਰੀਆਂ ਨੂੰ ਇਕ ਦਿਨ ਡੇਰੇ ਵਿਚੋਂ ਪ੍ਰਸ਼ਾਦਾ ਲੈਣ ਤੋਂ ਵਰਜਿਆ। ਉਹ ਡੇਰੇ ਵਿਚ ਪੱਕੀ ਤੌਰ 'ਤੇ ਰਹਿਣ ਵਾਲਿਆਂ ਦੀ ਲਿਸਟ ਵਿਚ ਸ਼ਾਮਿਲ ਨਹੀਂ ਸੀ। ਪੁਲਿਸ ਚੌਕੀ ਨੂੰ ਖੁਆ ਪਿਆ ਕੇ ਲਿਹਾਜ ਨਾਲ ਰਹਿਣ ਵਾਲੇ ਸਿੰਘਾਂ ਵਿਚੋਂ ਸੀ। ਉਹ ਹੌਲਦਾਰ ਨਾਲ ਉਲਝ ਗਿਆ। ਉਸ ਦੀ ਦਾਹੜੀ ਪੁੱਟ ਦਿੱਤੀ। ਕਿਉਂਕਿ ਪਹਿਲਾਂ ਉਹਨੇ ਸੰਤੋਖ ਸਿੰਘ ਦੇ ਦਾਹੜੇ ਨੂੰ ਹੱਥ ਪਾਇਆ ਸੀ। ਜੇ ਬਾਬਾ ਦਰਬਾਰਾ ਸਿੰਘ ਵਿਚੋਂ ਨਾ ਛੁਡਾਉਂਦਾ ਤਾਂ ਲੇਖਕ ਦੋ ਪੁਲਸੀਆਂ ਦੀਆਂ ਗਰਦਨਾਂ ਫੜ ਕੇ ਟਕਰਾ ਕੇ ਉਨ੍ਹਾਂ ਨੂੰ ਪਾਰ ਬੁਲਾ ਸਕਦਾ ਸੀ। ਇਸ ਜੁਰਮ ਵਿਚ ਉਹਨੂੰ ਛੇ ਮਹੀਨੇ ਲੁਧਿਆਣੇ ਕੈਦ ਕੱਟਣੀ ਪਈ। ਕੈਦ ਕੱਟਣ ਬਾਅਦ ਭੈਭੀਤ ਹੋ ਕੇ ਘਰ ਜਾਂ ਹੋਰ ਕਿਸੇ ਪਾਸੇ ਨਹੀਂ ਗਿਆ ਸਿੱਧਾ ਡੇਰੇ ਭੈਣੀ ਸਾਹਿਬ ਆਇਆ। 'ਗਊ, ਭੈਸਾਂ, ਘੋੜਿਆਂ ਕਾ ਝਾੜੂ ਕਰਨੇ ਲੱਗਾ ਨਾਲੇ ਪੁੱਛ-ਪੁੱਛ ਕੇ ਸਾਖੀਆਂ ਲਿਖਣੇ ਲੱਗਾ ਬਾਰਮੇਂ ਗੁਰੂ ਕੀਆਂ।'

ਸੁਤੰਤਰਤਾ ਸੰਗਰਾਮ ਦੀ ਜੁਆਲਾ ਵੀ ਪਰਚੰਡ ਹੋ ਰਹੀ ਸੀ। ਲਾਹੌਰ ਦਾ ਅੰਤਿਮ ਸਿੱਖ ਮਹਾਰਾਜਾ ਦਲੀਪ ਸਿੰਘ ਰੂਸ ਪੁੱਜ ਗਿਆ ਸੀ। 'ਕਾਬਲ ਵਾਲੇ ਨੇ ਸਿੰਘਾਂ ਨੂੰ ਕਹਿ ਭੇਜਿਆ ਤੁਸੀਂ ਨਾ ਲੜੋ ਅਟਕੋਂ ਪਾਰ ਤੁਸੀਂ ਤੇ ਉਰਾਰ ਅਸੀਂ। ਤੁਸੀਂ ਸਾਹਮਣੇ ਨਾ ਆਵੋ ਤਾਂ ਅਸੀਂ ਫਰੰਗੀਆਂ ਨੂੰ ਚੁਣ ਚੁਣ ਲੈਂਦੇ ਹਾਂ।" ਅੰਗ੍ਰੇਜ਼ ਅਧੀਨ ਸਿੱਖ ਫੌਜ ਵੀ ਦਲੀਪ ਸਿੰਘ ਦੇ ਆਉਣ ਤੇ ਆਕੀ ਹੋ ਸਕਦੀ ਸੀ। ਪੰਜਾਬ ਦੇ ਲਾਟ ਦੇ ਕਹਿਣ 'ਤੇ ਸਰਕਾਰ ਦਾ ਇਕ ਸਕੱਤਰ ਦਲੀਪ ਸਿੰਘ ਬਾਰੇ ਪੁੱਛ ਗਿੱਛ ਕਰਨ ਗੁਰੂ ਹਰੀ ਸਿੰਘ ਪਾਸ ਭੈਣੀ ਸਾਹਿਬ ਵੀ ਆਇਆ। ਪਹਿਲਾਂ ਸਤਿਗੁਰਾਂ ਨੂੰ ਉਸ ਲੁਧਿਆਣੇ ਸੱਦ ਭੇਜਿਆ ਸੀ।

ਮਾਈਸਰ ਖ਼ਾਨੇ ਦੀ ਬੀਬੀ ਅਤਰ ਕੌਰ ਸੀ। ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਹੁਕਮ ਸੱਤ ਹੋ ਗਏ ਤਾਂ ਨਾਮਧਾਰੀ ਸਿੰਘਾਂ, ਵਿਸ਼ੇਸ਼ ਕਰਕੇ ਸੂਬਾ ਗਿਆਨੀ ਸਿੰਘ ਜੀ ਦੀ ਰੁਚੀ ਸੀ ਕਿ ਇਸ ਬੀਬੀ ਨਾਲ ਜੋ ਆਯੂ ਵਿਚ ਸਤਿਗੁਰੂ ਜੀ ਤੋਂ ੩੦-੩੫ ਵਰ੍ਹੇ ਛੋਟੀ ਸੀ, ਆਪ ਜੀ ਦਾ ਅਨੰਦ ਪੜ੍ਹਾ ਦਿੱਤਾ ਜਾਵੇ। ਪਰ ਸਤਿਗੁਰੂ ਜੀ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਹੁਣ ਅਨੰਦ ਦਾ ਨਹੀਂ ਭਜਨ ਬਾਣੀ ਦਾ ਸਮਾਂ ਹੈ। ਛੇਤੀ ਹੀ ਸਤਿਗੁਰੂ ਜੀ ਪ੍ਰਦੇਸ ਗਮਨ ਕਰ ਗਏ ਅਤਰ ਕੌਰ ਆਪਣੇ ਮਨ ਵਿਚ ਇਸ ਅਨੰਦ ਦੀਆਂ ਕਿਆਸਅਰਾਈਆਂ ਕਰਦੀ ਰਹੀ ਅਤੇ ਆਪਣੇ ਆਪ ਨੂੰ ਸਤਿਗੁਰੂ ਜੀ ਦੀ ਮੰਗੇਤਰ ਦੱਸ ਕੇ ਕਹਿੰਦੀ ਰਹੀ ਕਿ ਪ੍ਰਦੇਸ ਤੋਂ ਆ ਕੇ ਉਹ ਮੇਰੇ ਨਾਲ ਅਨੰਦ ਪੜ੍ਹਾ ਲੈਣਗੇ। ਇਸ ਕਾਰਨ ਨਾਮਧਾਰੀ ਜਗਤ ਵਿਚ ਉਹ ਮਾਈ ਅਤਰੀ ਦੇ ਤੌਰ 'ਤੇ ਪ੍ਰਸਿੱਧ ਤੇ ਪ੍ਰਤਿਸ਼ਠ ਹੋ ਗਈ। ਸਤਿਗੁਰੂ ਜੀ ਨੇ ਹੁਕਮਨਾਮਿਆਂ ਵਿਚ ਬਾਰ ਬਾਰ ਲਿਖਿਆ ਕਿ ਉਮਰ ਦੇ ਫਰਕ ਕਾਰਨ, ਸਮਾਜਿਕ ਬਣਤਰ ਦੇ ਫਰਕ ਕਾਰਨ ਅਤੇ ਅੰਗ੍ਰੇਜ਼ ਸਰਕਾਰ ਦੇ ਉਨ੍ਹਾਂ ਨੂੰ ਨਿਰੰਤਰ ਬੰਦੀ ਜੀਵਨ ਵਿਚ ਰੱਖਣ ਦੇ ਹਠ ਕਾਰਨ ਇਹ ਵਿਆਹ ਕਿਵੇਂ ਵੀ ਹੋਣ ਦੇ ਯੋਗ ਨਹੀਂ। ਇਸ ਨੂੰ ਭੁੱਲ ਜਾਵੇ। ਪਰ ਅਤਰੀ ਇਹ ਗੱਲ ਭੁੱਲ ਨਾ ਸਕੀ। ਫਿਰ ਸਤਿਗੁਰੂ ਜੀ ਨੇ ਅਤਰੀ ਦੇ ਮਾਪਿਆਂ ਨੂੰ, ਚਾਚੇ ਮਨੀ ਸਿੰਘ ਦੇ ਨਾਂ ਹੁਕਮਨਾਮੇ ਵਿਚ, ਇਕ ਨਹੀਂ ਅਨੇਕ ਹੁਕਮਨਾਮਿਆਂ ਵਿਚ, ਬਾਰ ਬਾਰ ਤਾਕੀਦ ਕੀਤੀ ਕਿ ਇਹ ਤਾਂ ਕਮਲੀ ਹੈ, ਤੁਸੀਂ ਸਿਆਣੇ ਹੋ, ਕੋਈ ਸਿੱਖਾਂ ਦਾ ਲੜਕਾ ਵੇਖ ਕੇ ਅਨੰਦ ਪੜ੍ਹਾ ਦਿਓ। ਮੇਰੀ ਵਾਲੀ ਮ੍ਰਿਗ ਤ੍ਰਿਸ਼ਨਾ


Namdhari Elibrary NamdhariElibrary@gmail.com

ਵਿਚੋਂ ਇਸ ਨੂੰ ਕੁਝ ਵੀ ਹਾਸਲ ਨਹੀਂ ਹੋਣਾ। ਫਿਰ ਇਹ ਵੀ ਕਿਹਾ ਕਿ ਜੇ ਅਨੰਦ ਵਾਲੀ ਗੱਲ ਨਹੀਂ ਕਰਨੀ ਤਾਂ ਭਜਨ ਬਾਣੀ ਵਿਚ ਲੀਨ ਹੋ ਕੇ ਸਾਤਵਿਕ ਜੀਵਨ ਬਿਤਾਏ। ਦੇਵੀ ਰੂਪ ਹੋ ਜਾਏਗੀ। ਪ੍ਰੰਤੂ ਅਤਰੀ ਦੇ ਚਰਿੱਤਰ ਵਿਚੋਂ ਰਾਜਸੀ ਸੁਭਾਉ ਵੀ ਪ੍ਰਗਟ ਹੁੰਦਾ ਸੀ। ਉਹ 'ਡਾਕਾਂ ਬੰਨ੍ਹ ਕੇ' ਭੈਣੀ ਸਾਹਿਬ ਤੱਕ ਜਾਂਦੀ ਸੀ। ਆਪਣਾ ਡੇਰਾ ਮਾਈਸਰ ਖਾਨੇ ਵਿਚ ਚਲਾਉਂਦੀ ਸੀ ਤੇ ਸਾਰੇ ਪੰਜਾਬ ਵਿਚ ਨਾਮਧਾਰੀ ਸਿੰਘ ਜਿਥੇ ਜਿਥੇ ਸਨ ਦੌਰੇ ਕਰਦੀ ਤੇ ਪੂਜਾ ਮਾਨਤਾ ਵੀ ਕਰਵਾਉਂਦੀ ਸੀ। ਸਤਿਗੁਰੂ ਜੀ ਇਸ ਗੱਲ ਤੇ ਵੀ ਨਾਰਾਜ਼ ਸਨ ਕਿ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਇਕ ਹੀ ਪੰਥ-ਪਤੀ ਹੋ ਸਕਦਾ ਸੀ ਤੇ ਉਹ ਗੁਰੂ ਹਰੀ ਸਿੰਘ ਸਨ। ਅਤਰੀ ਦੀਆਂ ਰਾਜਨੀਤਿਕ ਬ੍ਰਿਟਿਸ਼ ਸਰਕਾਰ ਵਿਰੋਧੀ ਸਰਗਰਮੀਆਂ ਤੋਂ ਚਿੜ ਕੇ ਤੇ ਇਹ ਗੱਲ ਭਾਂਪ ਕੇ ਕੂਕਿਆਂ ਦੇ ਉਸ ਦੁਆਲੇ ਜੁੜਨ ਦੀਆਂ ਵੀ ਸੰਭਾਵਨਾਵਾਂ ਸਨ, ਅਤਰੀ ਨੂੰ ਭੈਣੀ ਸਾਹਿਬ ਦਰਸ਼ਨਾਂ ਲਈ ਆਉਣ ਸਮੇਂ ਲਾਟੇ ਦੀ ਢੱਕੀ ਵਿਚੋਂ ਗ੍ਰਿਫ਼ਤਾਰ ਵੀ ਕੀਤਾ ਗਿਆ ਕਿਉਂਕਿ ਉਹ ਰਿਆਸਤ ਪਟਿਆਲਾ ਦੀ ਨਾਗਰਿਕ ਸੀ ਇਸ ਲਈ ਉਸ ਨੂੰ ਬਹਾਦਰਗੜ੍ਹ ਦੇ ਕਿਲੇ ਵਿਚ ਤਿੰਨ ਵਰ੍ਹੇ ਕੈਦ ਰੱਖਿਆ ਗਿਆ। "ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ! ਸਿੰਘ ਔਂਦੇ ਜਾਂਦੇ ਰਹੇ। ਜਦ ਹਾਕਮ ਨੇ ਪੁੱਛਣਾ ਤੂੰ ਕਿੱਥਿ ਰਹਿਣ ਮੇਂ ਰਾਜ਼ੀ ਹੈਂ, ਆਖਣਾ ਕਿ ਮੈਂ ਭੈਣੀ ਸਾਹਿਬ ਰਹਾਂਗੀ, ਮੇਰਾ ਘਰ ਹੈ। ਬਹਾਦਰਗੜ੍ਹ ਤੀਨ ਬਰਸ ਰਹੀ। ਤਾਂ ਬਾਬਾ ਕੁਸ਼ਾਲ ਸਿੰਘ ਗਿਆ ਪਟਿਆਲੇ ਮੇਂ। ਨਾਲ ਮਾਈ ਜਿਊਣ ਕੌਰ ਮਾਈ ਫੱਤੋ ਕੌਰ ਹੈ। ਗੰਡਾ ਸਿੰਘ ਬਖਸ਼ੀ ਨੇ ਰਿਹਾਇ ਕਰਵਾਇ ਦਿੱਤੀ। ਕਹਾ ਕਿ ਜਹਾਂ ਤੁਮਾਰੀ ਰਜ਼ਾ ਹੈ ਤਹਾਂ ਰਹੋ। ਫੇਰ ਖਾਨੇ ਨੂੰ ਗਈ। ਸੱਤ ਦਿਨ ਰਹਿ ਕੇ ਰਾਮਦਾਸ ਪੁਰੇ ਸਾਹਿਬ ਮੇਂ ਆਈ। ਨਾਲ ਮਾਈ ਫੱਤੋ ਕੌਰ ਤੇ ਜਿਊਣ ਕੌਰ। ਕੋਈ ਕੁ ਦਿਨ ਰਹਿ ਕੇ ਮੁੜ ਗਈਆਂ ਬਰਾਜ ਨੂੰ।"[17]

ਸਤਿਗੁਰੂ ਜੀ ਆਪਣੇ ਹੁਕਮਨਾਮਿਆਂ ਦੁਆਰਾ ਗੁਰੂ ਹਰੀ ਸਿੰਘ ਜੀ ਨੂੰ ਵੀ ਤਾੜਨਾ ਕਰਦੇ ਰਹਿੰਦੇ ਸਨ ਕਿ ਕਿਸੇ ਦੇ ਕਹੇ ਕਹਾਏ ਤੇ ਅਤਰੀ ਗਲ ਨਾ ਪਾ ਲਈਂ। ਅਤਰੀ ਨੇ ਭੈਣੀ ਸਾਹਿਬ ਕਿਆਮ ਤੋਂ ਬਾਅਦ ਆਪਣੀ ਸੇਵਾ ਲਈ ਡੇਰਾ ਸ੍ਰੀ ਭੈਣੀ ਸਾਹਿਬ ਵਿਖੇ ਮਾਈ ਜਿਊਣ ਕੌਰ ਦੇ ਰਹਿਣ ਦੀ ਇਜਾਜ਼ਤ ਵੀ ਸਰਕਾਰ ਤੋਂ ਹਾਸਲ ਕਰ ਲਈ। ਸਰਕਾਰ ਪਹਿਲਾਂ ਤਾਂ ਟਾਲਾ ਕਰਦੀ ਰਹੀ ਕਿ ਪ੍ਰਸਿੱਧ ਨਾਮਧਾਰੀ ਸੂਬੇ ਖੁਸ਼ਹਾਲ ਸਿੰਘ ਦੀ ਸਪੁੱਤਰੀ ਦਾ ਡੇਰੇ ਵਿਚ ਨਿਵਾਸ ਉਨ੍ਹਾਂ ਦੇ ਰਾਜ ਦੀ ਸਲਾਮਤੀ ਲਈ ਸ਼ੁਭ ਸਗਨ ਨਹੀਂ ਹੋਵੇਗਾ। ਪਰ ਬਾਅਦ ਵਿਚ ਅਤਰੀ ਦੇ ਹਠ ਅੱਗੇ ਸਰਕਾਰ ਨੂੰ ਝੁਕਣਾ ਪਿਆ। ਡੇਰੇ ਦੀ ਪ੍ਰਬੰਧ ਵਿਵਸਥਾ ਨੂੰ ਸੁਧਾਰਨ ਲਈ ਗੁਰੂ ਹਰੀ ਸਿੰਘ ਜੀ ਨੇ ਦਾਨ ਸਿੰਘ ਰੋਡਿਆਂ ਵਾਲੇ ਦੀ ਜਗ੍ਹਾ ਮਾਈ ਅਤਰੀ ਨੂੰ ਮੁੱਖ ਪ੍ਰਬੰਧਕ ਨਿਯੁਕਤ ਕੀਤਾ ਅਤੇ ਉਸ ਨੇ ਡੇਰੇ ਦੇ ਪ੍ਰਬੰਧ ਨੂੰ ਠੀਕ ਲੀਹਾਂ ਤੇ ਪਾ ਕੇ, ਫਾਲਤੂ ਖਰਚ ਸਭ ਹਟਾਏ ਅਤੇ ਸਾਰਿਆਂ ਤੋਂ ਸਮਰੱਥਾ ਮੁਤਾਬਿਕ ਕੰਮ ਲੈ ਕੇ ਆਪਣੀ ਪ੍ਰਬੰਧਕੀ ਯੋਗਤਾ ਨੂੰ ਸਿੱਧ ਕੀਤਾ। "ਜਿਹੜਾ ਬਚਨ ਮੰਨੇ ਉਸ ਪਰ ਰਾਜ਼ੀ ਜਿਹੜਾ ਬਚਨ ਨਾ ਮੰਨੇ ਉਸ ਪਰ ਨਾਰਾਜ਼। ਗੁਰੂ ਹਰੀ ਸਿੰਘ ਜੀ ਕਾ ਤੇ ਮਾਈ ਜਿਊਣ ਕੌਰ ਦਾ ਅਰਦਾਸਾ ਕਰ ਦੀਆ। ਮਹਾਰਾਜ ਪ੍ਰਤਾਪ ਸਿੰਘ ਜੀ ਆਇ ਨਿਵਾਸ ਲੀਆ ਦਸ ਮਹੀਨੇ ਪਾਛੇ ਪ੍ਰਕਾਸ਼ ਕੀਤਾ।

"ਸੰਮਤ ੧੯੪੬ ਮੇਂ ਚੇਤ ਵਦੀ ਤੀਜ ਤਿੱਥ ਸੀ। ਦਿਨ ਐਤਵਾਰ ਥਾ (੯ ਮਾਰਚ ੧੮੯੦ ਈ.) ਦਿਨ ਤਾ ਛਪਾ ਥਾ। ਕਣੀਆਂ ਵੀ ਉਸ ਵਕਤ ਵਰ੍ਹੀਆਂ ਮਾਨੋ ਦੇਵਤੇ ਦਰਸ਼ਨ ਕੋ ਆਏ ਹੈਂ। ਸਿੰਘਾਂ ਨੇ ਜੈਕਾਰਾ ਬੁਲਾਇਆ। ਵਧੀ ਵੇਲਿ ਬਹੁ ਪੀੜੀ ਚਾਲੀ। ਧਰਮ ਕਲਾ ਹਰਿ ਬੰਧ ਬਹਾਲੀ।

"ਗੁਰੂ ਮਹਾਰਾਜ ਜੀ ਬੀਮਾਰ ਥੇ, ਉਠ ਕੇ ਕੁਰਸੀ ਪਰ ਬੈਠ ਗਏ। ਗੁੜ ਪ੍ਰਸ਼ਾਦ ਵਰਤਣ ਲੱਗਾ ਅਤੇ ਗਰੀਬ ਲੋਕ ਹਰਾ ਘਾਓ ਲਿਆਇਕ ਅੱਗੇ ਧਰਨ ਅਤੇ ਮੱਥਾ ਟੇਕਣ ਤੇ ਵਧਾਈਆਂ ਦੇਣ..... ਅਗਲੇ ਦਿਨ ਸਿੰਘਾਂ ਨੇ ਵੀ ਦੀਦਾਰ ਕੀਤਾ। ਬੜੇ ਪ੍ਰਸੰਨ ਹੋਏ। ਗੁਰੂ ਹਰੀ ਸਿੰਘ ਜੀ ਬਚਨ ਕੀਤਾ ਬੜੇ ਬਲੀ ਤੇ ਪਰਤਾਪ ਵਾਲੇ ਹੈਨ।

"ਦਰਵੱਜੇ ਪਰ ਭੀ ਨਰਮਾਈ ਹੋਈ ਦਿਨੋ ਦਿਨ ਕਿਉਂਕਿ ਬੜੇ ਪਰਤਾਪ ਵਾਲੇ ਜਨਮੇ ਹੈਂ। ਸੋ ਐਸਾ ਪਰਤਾਪ ਫੈਲਿਆ ਗਾਰਦ ਕੀ ਜੋ ਕਰੜਾਈ ਕੀਤੀ ਹੋਈ ਸੋ ਸਭ ਦੂਰ ਹੋਈ। ਫੇਰ ਦਿਨੋ ਦਿਨ ਨਰਮਾਈ ਹੁੰਦੀ ਗਈ, ਕਰੜਾਈ ਨਹੀਂ ਹੋਈ ਨਿੰਦਕ ਭੀ ਸਭ ਦੂਰ ਹੋਇ ਗਏ।"[18]

ਇਉਂ ਅਸੀਂ ਵੇਖਦੇ ਹਾਂ ਕਿ "ਸਤਿਗੁਰੂ ਬਿਲਾਸ" ਗ੍ਰੰਥ ਵਿਚ ਨਾਮਧਾਰੀ ਗੁਰੂ ਸਾਹਿਬਾਨ ਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਸਬੰਧਿਤ ਜੀਵਨ ਸਮਾਚਾਰਾਂ ਦਾ ਵੇਰਵਾ ਮਿਲਦਾ ਹੈ। ਭਾਗ ਦੂਜੇ ਦੀ ਮਹੱਤਤਾ ਇਸ ਲਈ ਵਧ ਜਾਂਦੀ ਹੈ ਕਿ ੧੮੯੨ ਈ. ਤੋਂ ੧੯੦੬ ਈ. ਤੱਕ ਵਾਪਰੀਆਂ ਘਟਨਾਵਾਂ ਦਾ ਤਾਂ ਸਾਡਾ ਲੇਖਕ ਪ੍ਰਤੱਖ ਦਰਸ਼ੀ ਹੈ।

੧੯੪੯ ਬਿਕ੍ਰਮੀ ਮੁਤਾਬਿਕ ੧੮੯੨ ਈ. ਵਿਚ ਆਪਣੇ ਦੋਹਤੇ ਦੀ ਸ਼ਾਦੀ ਲਈ ਗੁਰੂ ਹਰੀ ਸਿੰਘ ਜੀ ਨੂੰ ਪੰਦਰਾਂ ਦਿਨਾਂ ਦੀ ਛੁੱਟੀ ਮਨਜ਼ੂਰ ਹੋਈ। ਅੰਮ੍ਰਿਤਸਰ ਅਤੇ ਤਰਨ ਤਾਰਨ ਦਾ


Namdhari Elibrary NamdhariElibrary@gmail.com

ਗੁਰੂ ਜੀ ਨੇ ਦੌਰਾ ਕੀਤਾ। ਭਾਈ ਸੰਤੋਖ ਸਿੰਘ ਗੁਰੂ ਸੰਗਤਾਂ ਦੇ ਪ੍ਰਸਪਰ ਦਰਸ਼ਨ ਨੂੰ ਆਪਣੀ ਅਦੁੱਤੀ ਅਲੰਕਾਰਿਕ ਸ਼ੈਲੀ ਵਿਚ ਇਉਂ ਚਿਤਰਦੇ ਹਨ: 'ਗੁਰੂ ਹਰੀ ਸਿੰਘ ਜੀ ਅੰਮ੍ਰਿਤਸਰ ਜੀ ਆਇ ਦਰਸ਼ਨ ਦੀਆ। ਅੱਗੇ ਸਭ ਸਿੰਘ ਖੜ੍ਹੇ ਉਡੀਕਦੇ ਸੀ ਦੂਤੀ ਚੰਦ ਕੋ ਮਾਨਿੰਦ। ਚਕੋਰ ਦੀ ਤਰ੍ਹਾਂ ਸਿੰਘ ਪ੍ਰਸੰਨ ਹੋਏ। ਸ਼ਬਦ ਹੁੰਦੇ ਆਏ ਧਰਮਸ਼ਾਲਾ ਮੇਂ। ਸਭ ਸਿੰਘ ਸੁਣ ਸੁਣ ਕੇ ਔਣੇ ਲੱਗੇ।

"ਗੁਰੂ ਜੀ ਕਾ ਦਰਸ਼ਨ ਮਾਨੋਂ ਔੜ ਮੇਂ ਬਾਰਿਸ਼ ਹੋਈ ਹੈ (ਸਾਡਾ ਲੇਖਕ ਪੰਜਾਬੀ ਕਿੱਸਾ ਕਾਵਿ ਦਾ ਡਾਢਾ ਜਾਣੂ ਜਾਪਦਾ ਹੈ। "ਵਾਰਿਸ ਸ਼ਾਹ ਕਿਰਸਾਨ ਜਿਉਂ ਹੋਣ ਰਾਜ਼ੀ, ਮੀਂਹ ਔੜ ਦੇ ਸਮੇਂ ਵਿਚ ਵੱਸਿਆ ਈ") ਪਿਛਲੇ ਪਹਿਰ ਕਾ ਦੀਵਾਨ ਲੱਗਾ ਤਾਂ ਲੋਕ ਦਰਸ਼ਨ ਨੂੰ ਆਏ। ਕਹਿਣ ਸ੍ਰੀ ਸਤਿਗੁਰੂ ਜੀ ਕੇ ਭਾਈ ਹੈਂ। ਮਾਨੋਂ ਚੰਦਰਮਾ ਕੋ ਪ੍ਰਵਾਰ ਲੱਗਾ ਹੈ। ਫਰੰਗੀ ਨੇ ਕਹਾ ਕਿ ਹਮਕੋਂ ਸੂਤਰ (ਸਿੰਘਾਂ ਦਾ ਮਸਤਾਨੇ ਹੋਣਾ) ਸੇ ਡਰ ਆਉਂਦਾ ਹੈ। ਬਚਨ ਕੀਤਾ ਕਿ ਸੂਤਰ ਨਾ ਨਿਕਲੂਗਾ।"[19]

ਗੁਰੂ ਹਰੀ ਸਿੰਘ ਜੀ ਪ੍ਰਤੀ ਨਾਮਧਾਰੀ ਸੰਗਤਾਂ ਦੇ ਵਧਦੇ ਆਕ੍ਰਸ਼ਨ ਤੋਂ ਭੈਭੀਤ ਹੋ ਕੇ ਬ੍ਰਿਟਿਸ਼ ਸਰਕਾਰ ਦੇ ਹਾਕਮ ਆਪ ਨੂੰ ਦੀਵਾਲੀ ਬੀਤਣ ਤੋਂ ਬਾਅਦ, ਅੰਮ੍ਰਿਤਸਰ ਜਾਣ ਦੀ ਅਤੇ ਮਾਘੀ ਲੰਘਣ ਤੋਂ ਬਾਅਦ ਮੁਕਤਸਰ ਜਾਣ ਦੀ, ਇਜਾਜ਼ਤ ਦਿਆ ਕਰਦੇ ਸਨ। ਲੇਖਕ ਭਾਈ ਸੰਤੋਖ ਸਿੰਘ ਵੀ ਇਨ੍ਹਾਂ ਦੌਰਿਆਂ ਸਮੇਂ ਹਾਜ਼ਰ ਰਹਿੰਦਾ ਸੀ। ਕਿਤੇ ਕਵੀਸ਼ਰੀ ਦਾ ਦੀਵਾਨ ਲਾਉਂਦਾ ਕਿਤੇ ਅਖੰਡ ਪਾਠ ਕਰਦਾ ਅਤੇ ਕਿਤੇ ਅਨੰਦ ਕਾਰਜਾਂ ਸਮੇਂ ਗ੍ਰੰਥ ਸਾਹਿਬ ਜੀ ਵਿਚੋਂ ਲਾਵਾਂ ਦਾ ਪਾਠ ਕਰਦਾ। ਕਦੇ ਹਵਨ ਕਰਦਾ। ਇਸੇ ਲਈ ਇਕ ਇਕ ਪੜਾਅ ਦਾ ਪਿੰਡ ਵੇਰ ਵਰਣਨ, ਕਿਹੜੇ ਸਿੱਖਾਂ ਵੱਲ ਦੌਰਾ ਗਿਆ, ਸਭ ਦਰਜ ਹੈ।

ਅੱਗੇ ਇਹ ਵੀ ਜ਼ਿਕਰ ਹੈ ਕਿ ਭਾਈ ਸੰਤੋਖ ਸਿੰਘ ਲੋਹ ਤੇ ਪ੍ਰਸ਼ਾਦੇ ਵੀ ਪਾਉਂਦਾ ਸੀ। ਲੰਗਰ ਲਈ ਬਾਲਣ ਵੀ ਲਿਆਉਂਦਾ ਸੀ।

ਇਕ ਪ੍ਰੇਮ ਸਿੰਘ ਨਾਮੀ ਸਿੰਘ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਉਗਰਾਹੀ ਕਰਨ ਮਾਲਵੇ ਵਿਚ ਗਿਆ ਸੀ। ਉਸ ਨੂੰ ਤਿੰਨ ਸਿੰਘ ਸੱਦ ਕੇ ਲੈ ਗਏ ਕਿ ਮਾਈ ਅਤਰੀ ਸੱਦਦੀ ਹੈ। ਫਿਰ ਉਸ ਸਿੰਘ ਦੀ ਕਿਤਿਓਂ ਵੀ ਉਘ ਸੁੱਘ ਨਾ ਨਿਕਲੀ। ਗੁਰੂ ਹਰੀ ਸਿੰਘ ਜੀ ਨੇ ਉਸ ਦੇ ਕਤਲ ਦਾ ਖੁਰਾ ਖੋਜ ਕੱਢਣ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ। ਸ਼ੱਕ ਦੀ ਸੂਈ ਮਾਈ ਅਤਰੀ ਵੱਲ ਹੀ ਜਾਂਦੀ ਸੀ। ਇਸ ਘਟਨਾ ਬਾਰੇ ਜਾਣ ਕੇ ਸਿੰਘਾਂ ਦੀ ਸ਼ਰਧਾ ਅਤਰੀ ਤੋਂ ਹਟ ਗਈ ਕਿ ਮਾਂ ਕਾਸ ਦੀ ਹੋਈ ਜੋ ਖੂਨ ਕਰਾਉਂਦੀ ਹੈ, ਡੈਣ ਹੈ।' ਇਸ ਕਤਲ ਦੀ ਪੁੱਛ ਗਿੱਛ ਕਾਰਨ ਮਾਈ ਅਤਰੀ ਮੁਕਤਸਰ ਦੇ ਦੌਰੇ 'ਤੇ ਗਿਆਂ ਗੁਰੂ ਹਰੀ ਸਿੰਘ ਜੀ ਨੂੰ ਵੀ ਵੱਧ ਘੱਟ ਬੋਲਦੀ ਰਹੀ।

ਜਦੋਂ ਨਵੀਆਂ ਬਾਰਾਂ ਆਬਾਦ ਹੋ ਰਹੀਆਂ ਸਨ ਤਾਂ 'ਜ਼ਿਲ੍ਹੇ ਵਾਲਾ ਫਰੰਗੀ' ਗੁਰੂ ਹਰੀ ਸਿੰਘ ਜੀ ਨੂੰ ਭੈਣੀ ਸਾਹਿਬ ਆ ਕੇ ਕਹਿਣ ਲੱਗਾ 'ਨਵੀਆਂ ਜ਼ਮੀਨਾਂ ਨਿਕਲੀਆਂ ਹਨ ਤੁਮ ਮੁਰੱਬੇ ਜ਼ਮੀਨ ਕੇ ਲਵੋ। ਗੁਰੂ ਮਹਾਰਾਜ ਜੀ ਬਚਨ ਕੀਤਾ ਅਸੀਂ ਨਹੀਂ ਲੈਣੇ ਹੈਂ। ਜ਼ੈਲਦਾਰਾਂ ਨੂੰ, ਨੰਬਰਦਾਰਾਂ ਨੂੰ ਭੀ ਕਹੇ ਕਿ ਤੁਮ ਜ਼ਮੀਨਾਂ ਲਵੋ। ਲੁਦਿਹਾਣੇ ਮੇਂ ਅਰਜ਼ੀ ਦੇਵੋ ਜਿਸ ਲੈਣੀ ਹੈ।' ਪਰ ਨਾਮਧਾਰੀ ਸਿੰਘ ਤਾਂ ਆਪਣੇ ਬਾਈਕਾਟ ਤੇ ਕਾਇਮ ਸਨ। ੧੯੫੬ ਬਿਕ੍ਰਮੀ ਦੇ ਕਾਲ ਸਮੇਂ ਗਰੀਬ ਲੋਕਾਂ ਦੀ ਅੰਨ ਜਲ, ਨੀਰੇ ਪੱਠੇ ਨਾਲ ਸੇਵਾ ਕਰਨ ਤੋਂ ਕਾਇਲ ਹੋ ਕੇ ਵੀ, ਫਿਰ ਅੰਗ੍ਰੇਜ਼ਾਂ ਨੇ ਗੁਰੂ ਜੀ ਨੂੰ ੫੨ ਮੁਰੱਬੇ ਜ਼ਮੀਨ ਲੰਗਰ ਲਈ ਲੈ ਲੈਣ ਦੀ ਪੇਸ਼ਕਸ਼ ਕੀਤੀ ਸੀ ਜੋ ਆਪ ਨੇ ਪ੍ਰਵਾਨ ਨਾ ਕੀਤੀ'। ਸਗੋਂ ਉਸਤੇ ਚੋਟ ਵੀ ਕੀਤੀ ਕਿ ਜੇ ਦੇ ਸਕਦਾ ਹੈਂ ਤਾਂ ਵਲੈਤ ਵਿਚ ਦੇ।

ਰੋਜ਼ਾਨਾ ਗੁਰੂ ਹਰੀ ਸਿੰਘ ਤਿੰਨ ਵੇਰ ਇਸ਼ਨਾਨ ਕਰਦੇ ਸਨ। ਪ੍ਰਸ਼ਾਦਾ ਅੱਠੀਂ ਪਹਿਰੀਂ ਛਕਦੇ ਸਨ ਅਤੇ ਘੋੜੀ ਦੀ ਸਵਾਰੀ ੧੦੦ ਮੀਲ ਤੱਕ ਕਰ ਲੈਂਦੇ ਸਨ। ਸੁਭਾਉ ਧੀਰਜ ਖਿਮਾਂ ਅਤੇ ਸਹਿਨਸ਼ੀਲਤਾ ਵਾਲਾ ਸੀ। ਨਿਮਰਤਾ ਦੇ ਆਪ ਪੁੰਜ ਸਨ। ਜਦੋਂ ਇਕ ਮਸਤਾਨੇ ਨੇ ਆਪ ਨੂੰ 'ਜੋਤ ਕਾ ਜਾਮਾ' ਆਖ ਕੇ ਸੰਬੋਧਿਤ ਕੀਤਾ ਤਾਂ ਫੁਰਮਾਇਆ 'ਜੋਤ ਕਾ ਜਾਮਾ ਤਾਂ ਨਹੀਂ ਹਾਂ ਫਾਲੇ ਡੰਗਣ ਵਾਲਾ ਲੁਹਾਰ ਹਾਂ। ਮਸਤਾਨੇ ਨੇ ਕਿਹਾ ਆਪ ਨੇ ਚੰਗਾ ਬਚਨ ਕੀਤਾ ਹੈ। ਸਾਡੇ ਮਨ ਜੋ ਫਾਲੇ ਕੀ ਤਰ੍ਹਾਂ ਵਿੰਗੇ ਹੋਏ ਹੈਂ ਓਨਾਂ ਕੋ ਚੰਡ ਕੇ ਸਿੱਧੇ ਕਰਦੇ ਹੋ। ਬਚਨ ਹੋਇਆ ਕੁਝ ਤਾਂ ਡੰਗੇ ਹੈ। ਹੌਲੀ ਹੌਲੀ ਸਭ ਡੰਗੇ ਜਾਣਗੇ।[20]

ਸੁੱਧ ਸਿੰਘ ਬਗੁਲੀ ਨੇ ਡੇਰੇ ਦੀ ਮੁਖਤਿਆਰ ਗੁਰਦੇਈ ਦੀ ਸ਼ਿਕਾਇਤ ਕੀਤੀ ਕਿ ਉਸਨੇ 'ਸੈਂਕੜੇ ਸਿੰਘ ਨਸ਼ਰਧਕ ਕਰ ਦਿੱਤੇ ਹੈਂ। ਗੁਰੂ ਕਾ ਘਰ ਜਾਣਕੇ ਸਭ ਨੇ ਸੁਆਲ ਪਾਵਣਾ ਹੈ। ਇਸ ਨੇ ਥੋੜੀ ਚੀਜ਼ ਤੇ ਭੀ ਜਵਾਬ ਦੇ ਦੇਣਾ। ਗੁਰਦੇਈ ਤੁਸਾਂ ਖਾਲਸੇ ਦੀ ਬਰਤਾਵੀ ਲਾਇ ਛੱਡੀ ਹੈ। ਖਾਲਸਾ ਗੁਰੂ ਕਾ ਭੈ ਕਰਕੇ ਬਿੱਚੇ ਬਿੱਚ ਚੁਪ ਕਰ ਰਹਿੰਦਾ ਹੈ। ਏਹ ਕੁੰਜੀਆਂ ਜੇ ਦੇਣੀਆਂ ਹੈਨ ਤਾਂ ਮਾਈ ਜਿਊਣ ਕੌਰ ਨੂੰ ਦੇਵੋ ਜਿਨ੍ਹਾਂ ਨੂੰ ਸਾਰੇ ਖਾਲਸੇ ਦੀ ਸਾਰ ਹੈ।

"ਮਾਤਾ ਜੀਊਣ ਕੌਰ ਪਾਸ ਖਜ਼ਾਨੇ ਕੀਆਂ ਕੁੰਜੀਆਂ ਆਈਆਂ ਸੰਮਤ ੧੯੫੬ ਸੌਣ ਬਦੀ ਦਸਮੀ (ਮੁਤਾਬਿਕ ੧ ਅਗਸਤ ੧੮੯੯ ਈ.) ਕੋ। ਘਰ ਕੀ ਬਸਤ ਘਰ ਮੈਂ ਆਈ। ਸਰਬ ਖ਼ਾਲਸਾ ਸੁਣਕੇ ਖੁਸ਼ੀ ਹੋਇਆ ਕਿ ਮਾਲਕਾਂ ਕੋਲ ਕੁੰਜੀਆਂ ਆਈਆਂ ਹੈਂ, ਸਭ ਕੀ ਖਬਰ ਰੱਖਣਗੇ। ਬਾਬਾ ਕੁਸ਼ਾਲ


Namdhari Elibrary NamdhariElibrary@gmail.com

ਸਿੰਘ ਕੇ ਘਰ ਕੁਝ ਪ੍ਰਵਾਹ ਨਹੀਂ ਸੀ। ਉਥੇ ਦੀਆਂ ਕੁੰਜੀਆਂ ਭੀ ਵੱਡੇ ਮਾਈ ਜੀ ਦੇ ਅਖਤਿਆਰ ਸਨ, ਭਾਮੇ ਕਿਸੇ ਬਰਤਨ ਕਦੇ ਕਿਸੇ ਨਾਂ ਸੀ ਪੁੱਛਿਆ।[21] ਮਾਤਾ ਜੀ ਦੀ ਉਦਾਰਤਾ ਪੇਕਿਆਂ ਵੱਲੋਂ ਵੀ ਸੀ।

ਗੁਰੂ ਹਰੀ ਸਿੰਘ ਜੀ ਸਰਕਾਰੇ ਦਰਬਾਰੇ ਅਰਜ਼ੀਆਂ ਪੰਜਾਬੀ ਭਾਸ਼ਾ ਗੁਰਮੁਖੀ ਲਿੱਪੀ ਵਿਚ ਭਿਜਵਾ ਦਿੰਦੇ ਸਨ ਭਾਵੇਂ ਜੁਆਬ ਅੰਗ੍ਰੇਜ਼ੀ, ਫਾਰਸੀ ਜਾਂ ਉਰਦੂ ਵਿਚ ਲਿਖਕੇ ਦੇਣ ਦਾ ਆ ਜਾਂਦਾ ਸੀ। ਇਹ ਉਹਨਾਂ ਦਾ ਆਪਣੀ ਬੋਲੀ, ਭਾਸ਼ਾ, ਲਿੱਪੀ ਪ੍ਰਤੀ ਪ੍ਰੇਮ ਹੀ ਤਾਂ ਸੀ। ਗੁਰੂ ਹਰੀ ਸਿੰਘ ਜੀ ਕਿਹਾ ਕਰਦੇ ਸਨ ਕਿ ਲੜਕੀ ਮਾਰਨ ਵਾਲੇ ਨਾਲੋਂ ਲੜਕੀ ਵੇਚਣ ਵਾਲਾ ਚੰਗਾ ਹੈ। ਭਾਵੇਂ ਇਸਦਾ ਮਤਲਬ ਇਹ ਨਹੀਂ ਸੀ ਕਿ ਉਹ ਲੜਕੀਆਂ ਵੇਚਣ ਦੇ ਹਾਮੀ ਸਨ। ਅੱਜ ਦੇ ਕੰਨਿਆਂ ਭਰੂਣ ਹੱਤਿਆ ਦੇ ਸਿਲਸਿਲੇ ਵਿਚ ਉਹਨਾਂ ਦੀ ਇਹ ਸਿੱਖਿਆ ਬੜੀ ਸਟੀਕ ਹੈ। "ਨੰਗਲ ਵਾਲਾ ਕਾਲ੍ਹਾ ਸਿੰਘ ਜਿਸ ਨੇ ਬਾਰਾਂ ਮਾਂਹ ਬਣਾਇਆ ਸੀ ਦਰਜੀ ਸਿੰਘ ਸੀ। ਤਿਸਨੇ ਆਪਣੀ ਧੀ ਦੇ ਕੇ ਬੱਟੇ ਪਰ ਭਰਾ ਬਿਆਹ ਲੀਆ ਰਾਮਦਾਸ ਪੁਰੇ ਸਾਹਿਬ ਆਇਆ। ਗੁਰੂ ਜੀ ਬਚਨ ਕੀਤਾ ਬੜੀ ਮਾੜੀ ਕੀਤੀ। ਨਾਲੇ ਉਹ ਕੁਸੰਗੀ ਹੈਨ ਨਾਲੇ ਤੈਨੇ ਬੱਟਾ ਕੀਤਾ। ਭਾਈ ਕੀ ਜਗਾ ਦਿੱਤੀ। ਮਨ ਕੀ ਮੱਤ ਕੀਤੀ। ਤਨਖਾਹੀਆ ਹੋਇਆ। ਪਾਂਚ ਰੁਪਈਏ ਤੇ ਗ੍ਰੰਥ ਸਾਹਿਬ ਜੀ ਕਾ ਭੋਗ ਤਨਖਾਹ ਲਾਈ।[22] ਸਤਿਗੁਰੂ ਜੀ ਵਾਲੀ ਮਰਿਅਦਾ ਆਪ ਨੇ ਕਾਇਮ ਰੱਖੀ।

ਨਾਮਧਾਰੀਆਂ ਵਿਚ ਕਿਰਤ ਸੱਭਿਆਚਾਰ ਨੂੰ ਵਿਸ਼ੇਸ਼ ਪ੍ਰਮੁੱਖਤਾ ਦਿੱਤੀ ਜਾਂਦੀ ਰਹੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀ ਨੰਦਾ ਦੇ ਪੁੱਤਰਾਂ, ਆਪਣੇ ਸਕੇ ਦੋਹਤਰਿਆਂ ਨੂੰ ਵੀ ਡੇਰੇ ਵਿਚ ਵਿਹਲੇ ਨਾ ਰਹਿਣ ਦਾ ਹੁਕਮਨਾਮ ਬੀਬੀ ਨੂੰ ਭੇਜਿਆ ਸੀ। ਗੁਰੂ ਹਰੀ ਸਿੰਘ ਜੀ ਕਿੰਨੇ ਸਖਤ ਜਾਨ ਮਿਹਨਤੀ ਸਨ ਅਤੇ ਸੰਗਤ ਦੀ ਗੁਰੂ ਘਰ ਦੀ ਟਹਿਲ ਸੇਵਾ ਕਰਨ ਵਾਲਿਆਂ ਨੂੰ ਕਿਵੇਂ ਖੁਸ਼ੀਆਂ ਬਖਸ਼ਿਆ ਕਰਦੇ ਸਨ ਪੜੋ ਬਾਹੋਵਾਲ ਜੀ ਦੇ ਸ਼ਬਦਾਂ ਵਿਚ : "ਦੀਨ ਦਿਆਲ ਜੀ ਬਚਨ ਕੀਤਾ ਭਾਈ ਸਾਨੂੰ ਲੋਕ ਛੱਟਣ ਦੇ ਦਾਣੇਂ ਦਿੰਦੇ ਸੇ ਲੁਹਾਰ ਜਾਣਕੇ। ਦੇਖੋ ਗੁਰੂ ਜੀ ਕਾ ਪ੍ਰਤਾਪ ਕਿਤਨਾ ਕੁ ਹੋਇਆ ਹੈ। ਮੈਂ ਜਦ ਕੰਮ ਕਰਦਾ ਸੀ ਤਾਂ ਪੰਜਾਂ ਸਰੀਰਾਂ ਕਾ ਕੰਮ ਸੀ, ਮੈਂ ਇਕੱਲਾ ਹੀ ਕਰਦਾ ਸੀ। ਥਕੇਵਾਂ ਨਾ ਸੀ ਹੁੰਦਾ। ਸ੍ਰੀ ਸਤਿਗੁਰੂ ਜੀ (ਸਤਿਗੁਰੂ ਰਾਮ ਸਿੰਘ) ਭੀ ਥੋੜਾ ਚਿਰ ਖੇਤੀ ਕੀਤੀ। ਸਤਿਗੁਰਾਂ ਦੇ ਹੱਥਾਂ ਪਰ ਬਿਆਈਆਂ ਪਾਟਣੀਆਂ। ਜੇੜੇ ਕੰਮ ਨੂੰ ਲੱਗਦੇ ਸੇ ਕੰਮ ਅੱਗੇ ਉਡਿਆ ਫਿਰਦਾ ਸੀ। ਹੁਣ ਦੇ ਜੁਆਨ ਲੁਕੇ ਫਿਰਦੇ ਹੈਂ ਟਹਿਲੇ ਥੀਂ। ਟਹਿਲਾ ਕਿਸੇ ਵੇਲੇ ਹੱਥ ਨਹੀਂ ਔਂਦਾ ਹੈ। ਟਹਿਲਾ ਕਰਨ ਵਾਲਿਆਂ ਕੋ ਬੇਅੰਤ ਸੁਖ ਹੋਣਗੇ। ਜੇੜੇ ਸਿੰਘ ਟਹਿਲੇ ਥੀਂ ਮੂੰਹ ਮੋੜਦੇ ਹੈਂ ਸੋ ਚਲੇ ਜਾਓ।[23]

੧੯੦੩ ਈ. ਦਾ ਹੋਲਾ ਬਾਰ ਵਾਲੇ ਗਿੱਲਾਂ ਵਿਚ ਅਤੇ ੧੯੦੪ ਈ. ਦਾ ਗੁਰੂ ਚੱਕ (ਸਿਆਲਕੋਟ) ੧੯੦੫ ਈ. ਦਾ ਸ੍ਰੀ ਭੈਣੀ ਸਾਹਿਬ ਵਿਚ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ। ਨੱਥਾ ਸਿੰਘ ਗਾਦੜੀ ਵਾਲੇ ਨੇ ੧੯੩੪ ਬਿਕ੍ਰਮੀ ਵਿਚ ਅੰਗ੍ਰੇਜ਼ਾਂ ਦੀ ਲਾਮ ਵਾਸਤੇ ਘੋੜੇ ਖਰੀਦੇ ਸਨ। ਗੁਰੂ ਹਰੀ ਸਿੰਘ ਜੀ ਨੇ ਕਹਿ ਭੇਜਿਆ ਸੀ ਜੋ ਲਾਮ ਲਈ ਘੋੜੇ ਖਰੀਦੇਗਾ ਸੋ ਤਨਖਾਹੀਆ ਹੈ। ਉਸ ਤੁਰੰਤ ੧੫੦੦ ਰੁਪੈ ਤਨਖਾਹ ਵੀ ਤਾਰੀ ਅਤੇ ਘੋੜੇ ਲਿਆ ਕੇ ਸ੍ਰੀ ਭੈਣੀ ਸਾਹਿਬ ਭੇਟਾ ਕਰ ਦਿੱਤੇ। ਗੁਰੂ ਹਰੀ ਸਿੰਘ ਸਮੇਂ ਨਾਮਧਾਰੀ ਸਿੰਘਾਂ ਦਾ ਬਰਤਾਨਵੀ ਸਰਕਾਰ ਨਾਲ ਅਸਹਿਯੋਗ ਪੂਰੇ ਜੋਬਨ ਤੇ ਰਿਹਾ।

ਫਤੇਹ ਸਿੰਘ ਵਲਟੋਹਾ ਪਿੰਡ ਦਾ ਭਲਵਾਨ ਵੀ ਗੁਰੂ ਹਰੀ ਸਿੰਘ ਜੀ ਦਾ ਸ਼ਰਧਾਵਾਨ ਸਿਖ ਸੀ। ਬਹੁਤ ਬਲੀ ਸੀ। ਪਹਿਲਾਂ ਫੌਜ ਵਿਚ ਸੀ। ਗੋਰਿਆਂ ਨਾਲ ਲੜਾਈ ਹੋ ਪਈ ੪੦੦ ਗੋਰਾ ਕੁੱਟਿਆ। ਫੇਰ ਇਕ ਵੇਰ ਭੰਗੀਆਂ ਵਾਲੀ ਤੋਪ ਮੋਢੇ ਤੇ ਚੁੱਕੀ। ਫਰੂ ਦਾ ਭਾਈ ਜਿਊਣ ਸਿੰਘ ਉਹਨਾ ਦੇ ਜੋੜ ਦਾ ਭਲਵਾਨ ਸੀ। ਕਿੱਕਰ ਸਿੰਘ ਰੁਸਤਮੇ ਹਿੰਦ ਵੀ ਇਹਨਾਂ ਦੋਹਾਂ ਦੇ ਚਰਨ ਛੂੰਹਦਾ ਸੀ। ਗੁਰੂ ਹਰੀ ਸਿੰਘ ਜੀ ਦਾ ਹੁਕਮ ਮੰਨ ਕੇ ਫਤੇਹ ਸਿੰਘ ਨੇ ਆਪਣੀ ਸਿੰਘਣੀ ਦਾ ਬਚਨ ਕਦੇ ਨਾ ਮੋੜਿਆ।

ਭਾਈ ਸੰਤੋਖ ਸਿੰਘ ਦੇ ਨਿੱਕੇ ਨਿੱਕੇ ਪਰਸੰਗ ਵੱਡੇ ਅਰਥ ਰੱਖਦੇ ਹਨ। ਗੁਰੂ ਹਰੀ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦਾ ਕਿਵੇਂ ਸਤਕਾਰ ਕਰ ਕੇ ਉਹਨਾਂ ਦਾ ਘਰ ਸਾਂਭ ਰਹੇ ਹਨ ਇਹ ਵਾਰਤਾ ਜ਼ਿਕਰਯੋਗ ਹੈ: " ਅਤਰ ਸਿੰਘ ਕੇ ਬੈਠੇ ਏਕ ਸਿੰਘ ਨੇ ੫੦੦ ਰੁਪਯਾ ਆਇ ਮੱਥਾ ਟੇਕਿਆ। ਗਿਣ ਕੇ ਲੈ ਲਏ ਅਤਰ ਸਿੰਘ ਕਹਾ ਕਿ ਜੀ ਸ੍ਰੀ ਸਤਿਗੁਰੂ ਜੀ ਅਗੇ ਰੁਪਏ ਮੱਥਾ ਟੇਕਦੇ ਸੇ ਤਾਂ ਇਕ ਰੁਪਈਆ ਲੈਂਦੇ ਸੇ ਕਈ ਮੋੜ ਕਰਕੇ। ਤੁਸੀਂ ਐਉਂ ਲੈ ਲਏ ਹਨ ਜਿਸ ਤਰ੍ਹਾਂ ਕਰਜ਼ਾ ਲਈਦਾ ਹੈ। ਗੁਰੂ ਜੀ ਬਚਨ ਕੀਤਾ ਓਹ ਮਾਲਕ ਹੈਂ ਮੈਂ ਇਸ ਘਰ ਕਾ ਸੇਵਕ ਹਾਂ। ਏਸ ਘਰ ਜੇ ਮੈਂ ਨਾ ਲਵਾਂ ਤਾਂ ਦੇਣਦਾਰ ਹੋਵਾਂ।[24] ਸੰਗਤ ਨੂੰ ਗੁਰੂ ਹਰੀ ਸਿੰਘ ਜੀ ਅਕਸਰ ਖੁਸ਼ੀਆਂ ਬਖਸ਼ਦੇ ਹੁੰਦੇ ਸਨ। 'ਜਦ ਬਚਨ ਕਰਨਾ ਏਹੋ ਕਰਨਾ ਬੜੇ ਰੰਗ ਦਿਖਾਵਾਂਗੇ ਬੜੇ ਸੁਖ ਹੋਣਗੇ।'

ਭਾਈ ਸੰਤੋਖ ਸਿੰਘ ਨੇ ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਆਪਣੇ ਗਰੰਥ ਸਤਿਗੁਰੂ ਬਿਲਾਸ ਦੀ ਜਿਸਨੂੰ ਉਹ 'ਗ੍ਰੰਥ ਬਾਰ੍ਹਵੇਂ ਗੁਰੂ ਜੀ ਕਾ' ਵੀ ਕਹਿੰਦਾ ਹੈ, ਆਪ ਦੇ ਸਾਹਵੇਂ 'ਆਦ ਥੀਂ ਲੈ ਕੇ ਅੰਤ ਪ੍ਰਯੰਤ ਦੋ ਵਾਰ ਕਥਾ ਕੀਤੀ। ਸਤਿਗੁਰੂ ਜੀ ਦੀ ਪ੍ਰਵਾਨਗੀ ਅਤੇ ਖੁਸ਼ੀਆਂ ਲਈਆਂ। 'ਏਕ ਦਿਨ



Namdhari Elibrary NamdhariElibrary@gmail.com

ਬਚਨ ਕੀਤਾ ਸੰਤੋਖ ਸਿੰਘ ਧੰਨ ਜਨਮ ਹੈ ਤੇਰਾ, ਤੈਨੇ ਸਾਖੀਆਂ ਲਿਖੀਆਂ ਹੈ ਗੁਰੂ ਜੀ ਕੀਆਂ। ਸੰਤੋਖ ਸਿੰਘ ਨੇ ਕਹਿਆ ਕਿ ਮਾਰੇ ਗਰੀਬਾਂ ਨੂੰ। ਧੰਨ ਜਨਮ ਤੁਆਡਾ ਹੈ ਜਿਨਾਂ ਕੇ ਦਰਸ਼ਨ ਨਾਲ ਸ਼ਾਂਤੀ ਆਇ ਜਾਂਦੀ ਹੈ। ਆਪਨੇ ਲੱਖਾਂ ਜੀਵ ਧਰਮ ਵੰਨੀ ਲਾਏ ਹੈ।[25]

੧੯੬੨ ਬਿਕ੍ਰਮੀ ਦੇ ਹੋਲੇ ਸਮੇਂ, ਮਾਨਾਂ ਵਾਲੇ ਉਥੋਂ ਦਾ ਸਰਦਾਰ ਸੁੰਦਰ ਸਿੰਘ ਮਾਨ ਅਰਜ ਕਰ ਕੇ ਲੈਣ ਆਇਆ ਸੀ। 'ਗੁਰੂ ਜੀ ਬਚਨ ਕੀਤਾ ਸਾਹਿਬਜ਼ਾਦੇ ਪਰਤਾਪ ਸਿੰਘ ਨੂੰ ਹੁਣ ਤੁਸੀਂ ਕਰੋ ਦੌਰੇ, ਅਸੀਂ ਕਰ ਚੁੱਕੇ ਹਾਂ। ਤਿੰਨੇ ਸਾਹਿਬਜ਼ਾਦੇ ਨਾਲ ਮਾਈ ਜਿਊਣ ਕੌਰ, ਮਾਨਾਂ ਵਾਲੇ ਹੋਲੇ ਤੇ ਗਏ।

ਕੁਝ ਦਿਨ ਬੀਮਾਰ ਰਹਿ ਕੇ, ਆਪਣੇ ਚਲਾਣੇ ਬਾਬਤ ਸਿੰਘਾਂ ਨੂੰ ਅਗਾਊਂ ਕਹਿ ਕੇ, ਘਰ ਦੇ ਮਾਲਕ ਮਾਈ ਜਿਊਣ ਕੌਰ (ਸਤਿਗੁਰੂ) ਪ੍ਰਤਾਪ ਸਿੰਘ, (ਮਹਾਰਾਜ) ਨਿਹਾਲ ਸਿੰਘ ਤੇ (ਮਹਾਰਾਜ) ਗੁਰਦਿਆਲ ਸਿੰਘ ਨੂੰ ਥਾਪ ਕੇ, ਗੱਦੀ ਵਾਰਸ ਵੱਡੇ ਸਾਹਿਬਜ਼ਾਦੇ, ਸਤਿਗੁਰੂ ਪਰਤਾਪ ਸਿੰਘ ਨੂੰ ਐਲਾਨ ਕੇ, ਗੁਰੂ ਹਰੀ ਸਿੰਘ ਜੀ ੧੯੬੩ ਜੇਠ ਵਦੀ ਦਸਵੀਂ ਵੀਰਵਾਰ ਮੁਤਾਬਿਕ ੧੭ ਮਈ ੧੯੦੬ ਈ. ਨੂੰ ਜੋਤੀ ਜੋਤ ਸਮਾ ਗਏ। "ਧਰਤੀ ਨੇ ਭਰਮ ਕੀਤਾ ਗੁਰੂ ਮਹਾਰਾਜ ਜੀ ਕੇ ਜਾਣੇ ਕਾ, ਪੌਣ ਨੇ ਭੀ ਸ਼ੋਕ ਕੀਤਾ। ਅੱਠ ਪਹਿਰ ਕਿਸੇ ਨੇ ਕਿਸੇ ਕਾ ਪਤਾ ਨਹੀਂ ਲਿਆ।"[26] ਸਸਕਾਰ ਉਸੇ ਸ਼ਾਮ ਕਰ ਦਿੱਤਾ ਹਾਲਾਂਕਿ ਭਾਈ ਕੰਧਾਰਾ ਸਿੰਘ ਰਾਤ ਰੱਖਣ ਲਈ ਕਹਿੰਦਾ ਰਿਹਾ ਕਿ ਸਤਿਗੁਰੂ ਜੀ ਸਮਾਧੀ ਵਿਚ ਹਨ। ਪਰ ਇਹ ਗੁਰ ਮਰਿਆਦਾ ਨਹੀਂ ਸੀ। ਕੰਧਾਰਾ ਸਿੰਘ ਨੂੰ ਚਿਖਾ ਵਿਚ ਡਿੱਗਦੇ ਨੂੰ ਵੀ ਸਿੰਘਾਂ ਖਿੱਚ ਕੇ ਕੱਢਿਆ। ਰਾਤ ਭਰ ਵਿਜੋਗੀ ਸਿੰਘਾਂ ਦੇ ਡਰੋਂ ਚਿਖਾ ਤੇ ਪਹਿਰੇ ਰਹੇ। ਅਗਲੀ ਸਵੇਰ ਆਸ ਦੀ ਵਾਰ ਦੇ ਦੀਵਾਨ ਵਿਚ ਹੀਰਾ ਸਿੰਘ ਟਿੱਕੇ ਅਤੇ ਬੀਰ ਸਿੰਘ ਚੂੰਨ੍ਹੀ ਨੇ ਆਸਣ ਵਿਛਾ ਕੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਮੱਥਾ ਟੇਕਿਆ। ਨਿਮਾਣੀ ਦੇ ਮੌਕੇ ਤੇ ਗੁਰੂ ਹਰੀ ਸਿੰਘ ਦੇ ਨਮਿਤ ਪਾਠਾਂ ਦੇ ਭੋਗ ਸਮੇਂ ਬਹੁਤ ਵੱਡਾ ਮੇਲਾ ਹੋਇਆ ਜਿਸ ਵਿਚ ਸਮੁੱਚਾ ਨਾਮਧਾਰੀ ਪੰਥ ਤੇ ਹੋਰ ਭੇਖਾਂ ਦੇ ਲੋਕ ਵੀ ਜੁੜੇ ਸ਼ਰਧਾ ਸਤਿਕਾਰ ਭੇਟ ਕਰਨ।

ਭਾਈ ਸੰਤੋਖ ਸਿੰਘ ਦੀ ਬੋਲੀ ਪੁਆਧੀ ਹੈ। ਸ਼ੈਲੀ ਆਪਣੀ ਨਿਵੇਕਲੀ। ਜਿਸ ਵਿਚ ਸਪਸ਼ਟਤਾ, ਸੰਜਮ ਅਤੇ ਸਰਲਤਾ ਹੈ। ਵਾਕ ਬਣਤਰ ਢੁੱਕਵੀਂ ਅਤੇ ਫੱਬਵੀਂ ਹੈ। ਛੋਟੇ ਛੋਟੇ ਵਾਕ ਘਟਨਾ ਵਰਣਨ ਜਾਂ ਪਰਸੰਗ ਦੀ ਲੜੀ ਟੁੱਟਣ ਨਹੀਂ ਦਿੰਦੇ। ਛੋਟੇ ਵਾਕਾਂ ਦੀ ਪਹਿਲਾਂ ਵਰਤੋਂ ਸਤਿਗੁਰੂ ਰਾਮ ਸਿੰਘ ਜੀ ਆਪਦੇ ਹੁਕਮਨਾਮਿਆਂ ਵਿਚ ਕਰ ਚੁੱਕੇ ਹਨ ਅਤੇ ਭਾਈ ਸੰਤੋਖ ਸਿੰਘ ਆਪਣੀ ਰਚਨਾ ਵਿਚ ਉਹਨਾਂ ਦਾ ਪ੍ਰਭਾਵ ਕਬੂਲ ਕੇ ਹੀ ਛੋਟੀ ਵਾਕ ਬਣਤਰ ਵੱਲ ਰੁਚਿਤ ਹੁੰਦਾ ਹੈ। ਉਹ ਨਿਸ਼ਚੇ ਹੀ ਸ਼ਰਧਾ ਰਾਮ ਫਲੌਰੀ ਨਾਲੋਂ ਵੱਧ ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀਆਂ ਜਿਹਾ ਸਤਿਕਾਰਿਤ ਸਥਾਨ ਰੱਖਦਾ ਹੈ। ਉਹ ਗੁਰਬਾਣੀ ਦਾ ਵੀ ਚੰਗਾ ਗਿਆਤਾ ਹੈ ਅਤੇ ਅਨੇਕ ਕਥਾਵਾਂ ਤੇ ਸਮੇਂ ਸਥਾਨ ਤੇ ਢੁੱਕਦੀਆਂ ਤੁਕਾਂ ਦੀ ਵਰਤੋਂ ਕਰਦਾ ਹੈ। ਪੰਜਾਬੀ ਦੇ ਮੱਧਕਾਲੀ ਕਿੱਸਾ ਕਾਵਿ ਦਾ ਭਾਈ ਜੀ ਤੇ ਵਿਆਪਕ ਪ੍ਰਭਾਵ ਹੈ। ਸਾਡੇ ਕਿੱਸਾਕਾਰ ਦੇਸ ਵਾਸਤੇ ਸ਼ਬਦ ਵਿਲਾਇਤ ਵਰਤਦੇ ਹਨ :

"ਫੇਰ ਵਲਾਇਤ ਸ਼ਿਅਰ ਸੁਖਨ ਦੀ ਅਹਿਮਦ ਯਾਰ ਸੰਭਾਲੀ।
ਧੌਂਸਾ ਮਾਰ ਤਖਤ ਪਰ ਬੈਠਾ ਮਲਿ ਪੰਜਾਬ ਹਵਾਲੀ।"[27]

ਭਾਈ ਜੀ ਲਿਖਦੇ ਹਨ— "ਫਰੰਗੀ ਸੇ ਚੇਤਾ ਸਿੰਘ ਨੇ ਪੁੱਛਿਆ ਸਾਡੀ ਵਲਾਇਤ ਕਾ ਸਤਿਗੁਰੂ ਰਾਮ ਸਿੰਘ ਆਇਆ ਹੋਇਆ ਹੈ ਉਸ ਕਾ ਦਰਸ਼ਨ ਕਰਨਾ ਹੈ।[28]

ਸ਼੍ਰੋਮਣੀ ਕਿੱਸਾਕਾਰ ਵਾਰਿਸ ਸ਼ਾਹ ਲਿਖਦਾ ਹੈ— 'ਤਕਦੀਰ ਸੇਤੀ ਮੌਜੂ ਫੌਤ ਹੋਇਆ— ਭਾਈ ਸੰਤੋਖ ਸਿੰਘ ਲਾਰਡ ਮੇਓ ਦੇ ਕਤਲ ਦੀ ਘਟਨਾ ਦੀ ਪਿੱਠ ਭੂਮੀ ਇਉਂ ਬਿਆਨਦੇ ਹਨ, ਐਸਾ ਸਬੱਬ ਜਦ ਫੱਟੇ ਵਲ ਲਾਟ ਆਉਂਦਾ ਸੀ, ਅਗੋਂ ਉਹ ਪਠਾਨ ਮਿਲ ਪਿਆ ਗੁਲਸ਼ੇਰ ਖਾਂ। ਤਕਦੀਰ ਕਾ ਤੇ ਕਾਲ ਕਾ ਜੋ ਪ੍ਰੇਰਕ ਹੈ ਅੰਤਰਜਾਮੀ, ਉਸ ਦੇ ਪ੍ਰੇਰੇ ਹੋਏ ਨੇ ਕੋਲੋਂ ਕੱਢ ਕੇ ਛੁਰਾ ਲਾਟ ਕੇ ਪੇਟ ਮੇਂ ਛਾਤੀ ਸੇ ਫੇਰ ਦੀਆ। ਫਰੰਗੀ ਪਾਣੀ ਮੇਂ ਜਾਇ ਪਿਆ[29]

ਸੰਖੇਪ ਵਾਕ ਬਣਤਰ ਵਿਚ ਭਾਈ ਜੀ ਨੂੰ ਕਮਾਲ ਹਾਸਿਲ ਹੈ। ਇਉਂ ਭਾਸਦਾ ਹੈ ਜਿਵੇਂ ਉਹ ਛੋਟੀ ਬਹਿਰ ਦੀ ਗ਼ਜ਼ਲ ਕਹਿ ਰਹੇ ਹੋਣ। ਸਿਪਾਹੀਆਂ ਲਈ ਸ਼ਬਦ 'ਟੌਡਿਆਂ' ਦੀ ਵਰਤੋਂ ਵੀ ਨਿਵੇਕਲੀ ਸ਼ੈਲੀ ਦੀ ਸੂਚਕ ਹੈ। ਇਸ ਵਿਚ ਇਤਿਹਾਸ ਦੇਸ਼ ਭਗਤੀ, ਦਲੇਰੀ, ਸੱਭਿਆਚਾਰ ਤੇ ਸਾਹਿਤ ਸਭ ਕੁਝ ਇੱਕ ਜਗ੍ਹਾ ਇਕੱਠਾ ਹੋਇਆ ਹੈ— "ਹੌਲਦਾਰ ਨਵਾਂ ਆਇਆ ਸੀ। ਪੱਕੀ ਰਸਤ ਮੰਗੇ। ਨਾਂ ਦੇਦੇ ਸੇ ਸਿੰਘਾਂ ਕੋ ਗਾਲ ਕੱਢੀ। ਸਿੰਘ ਮਾਝੇ ਕੇ ਸੇ। ਏਕ ਸਪਾਹੀ ਨੂੰ ਕਹਿਆ, ਇਸ ਕੀ ਦਾਹੜੀ ਪੁੱਟ। ਸਪਾਹੀ ਨੇ ਕਹਿਆ ਮੈਨੂੰ ਦਾਹੜੀ ਪੁੱਟਣ ਕਾ ਹੁਕਮ ਨਹੀਂ। ਗੁਰੂ ਜੀ ਸੁਣਿਆ ਤਾਂ ਬਚਨ ਹੋਇਆ, ਸਾਨੂੰ ਨਹੀਂ ਹੈ ਡਰ ਟੌਡਿਆਂ ਕਾ। ਰਸਤ ਨਹੀਂ ਪੱਕੀ ਦੇਣੀ। ਜਿਵੇਂ ਅੱਗੇ ਖਾਂਦੇ ਹੋ ਤਿਵੇਂ ਹੀ ਖਾਈ ਜਾਵਣ।"[30]

ਭਾਈ ਜੀ ਨੇ ਆਪੇ ਗਰੰਥ ਵਿਚ ਕੁਝ ਨਵੀਆਂ ਕਹਾਵਤਾਂ ਵੀ ਗੁਰਸਿੱਖਾਂ ਦੀਆਂ ਦਰਜ ਕੀਤੀਆਂ ਹਨ— 'ਸਤਿਗੁਰ ਮੇਰਾ ਲੋੜੀਦਾ। ਸਭ ਕੁੜਮ ਕਬੀਲਾ ਤੋੜੀਦਾ।'

ਇਸ ਤਰ੍ਹਾਂ ਇਸ ਮਹਾਨ ਗਰੰਥ ਦੀ ਪੰਜਾਬੀ ਵਾਰਤਕ ਦਾ ਮੂੰਹ ਮੁੰਹਾਦਰਾਂ ਨਿਖਾਰਨ ਵਾਲੀ ਪੁਸਤਕ ਦੇ ਰੂਪ ਵਿਚ ਵੀ ਇਕ ਵੱਖਰੀ ਪਹਿਚਾਣ ਸਥਾਪਤ ਹੁੰਦੀ ਹੈ। ਇਸ ਨੂੰ ਗੁਰੂ ਹਰੀ ਸਿੰਘ ਜੀ ਦੇ ਵਿਸਤ੍ਰਿਤ ਜੀਵਨ ਵੇਰਵੇ ਪੇਸ਼ ਕਰਨ ਲਈ



Namdhari Elibrary NamdhariElibrary@gmail.com

ਜੀਵਨੀ ਸਾਹਿਤ ਵਿਚ ਵੀ ਮਹੱਤਵਪੂਰਨ ਵਾਧਾ ਮੰਨਿਆ ਜਾ ਸਕਦਾ ਹੈ ਅਤੇ ਪੰਜਾਬ ਵਿਚ ਚੱਲਣ ਵਾਲੇ ਕੂਕਾ ਅੰਦੋਲਨ ਦਾ ਤਾਂ ਇਹ ਇਕ ਇਤਿਹਾਸਕ ਦਸਤਾਵੇਜ਼ ਹੈ। ਪੰਜਾਬੀ ਜਨ-ਜੀਵਨ ਅਤੇ ਸਭਿਆਚਾਰ ਦੇ ਝਲਕਾਰੇ ਵੀ ਇਸ ਵਿਚੋਂ ਮਿਲਦੇ ਹਨ।

ਇਸ ਪੁਸਤਕ ਨੂੰ ਕੋਈ ਸੁਯੋਗ ਸੰਪਾਦਕ ਨਾ ਮਿਲਣ ਕਾਰਨ ਵੀ ਲਿਖੇ ਜਾਣ ਤੋਂ ਇਕ ਸਦੀ ਬਾਅਦ ਇਸਨੂੰ ਛਾਪੇ ਦਾ ਜਾਮਾ ਨਸੀਬ ਹੋਇਆ। ਇਸ ਦੀ ਸੰਪਾਦਨਾ ਦਾ ਬਿਖਮ ਕਾਰਜ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਨੇ ਨਿਭਾਇਆ ਪਹਿਲੇ ਭਾਗ ਜਿਉਂ ਹੀ। ਲੱਗਦਾ ਹੈ ਕਿ ਬਾਹੋਵਾਲ ਜੀ ਨੂੰ ਦਰਗਾਹੀ ਸੱਦੇ ਪੁਸਤਕ ਦਾ ਤਤਕਰਾ ਲਿਖਣ ਤੋਂ ਵੀ ਪਹਿਲਾਂ ਹੀ ਆ ਗਏ ਸਨ। ਹਿਸਟੋਰੀਅਨ ਹੋਰਾਂ ਨੂੰ ਤਤਕਰੇ ਤੋਂ ਇਲਾਵਾ ਹੈਡਿੰਗ ਤੇ ਉਪ ਹੈਡਿੰਗ ਵੀ ਖੁਦ ਦੇਣੇ ਪਏ। ਉਹਨਾਂ ਨੇ ਘਟਨਾਵਾਂ ਨੂੰ ਤਰਤੀਬਵਾਰ ਵੀ ਕੀਤਾ। ਭਾਈ ਜੀ ਨੇ ਤਾਂ ਬਿਕਰਮੀ ਸੰਮਤ ਅਤੇ ਸੁਦੀ ਵਦੀ ਦੀਆਂ ਤਾਰੀਕਾਂ ਦਿੱਤੀਆਂ ਸਨ। ਮਹੱਤਵਪੂਰਨ ਘਟਨਾਵਾਂ ਦੀਆਂ ਅੰਗ੍ਰੇਜ਼ੀ ਤਰੀਕਾਂ, ਦਿਨ ਵਾਰ ਨਾਲ ਫੁੱਟ ਨੋਟਾਂ ਵਿਚ ਦੇਣ ਦਾ ਔਖਾ ਕੰਮ ਵੀ ਆਪ ਨੇ ਨੇਪਰੇ ਚਾੜ੍ਹਿਆ। ਜਿੱਥਿ ਬਾਹੋਵਾਲ ਜੀ ਦੀ ਲਿਖਤ ਵਿਚ ਅਧੂਰੀ ਜਾਣਕਾਰੀ ਸੀ ਉਸਨੂੰ ਸਰਕਾਰੀ ਦੱਸਤਾਵੇਜ਼ਾਂ ਨਾਲ ਮੇਲ ਕੇ ਮੁਕੰਮਲ ਜਾਣਕਾਰੀ ਵੀ ਹਾਸਲ ਕਰਵਾਈ। ਜਿੱਥਿ ਦੁਹਰਾਉ, ਬੇਲੋੜਾ ਵਿਸਥਾਰ ਜਾਂ ਨਾਮਧਾਰੀ ਆਦ੍ਰਸ਼ ਦੇ ਅਨਕੂਲ ਕੋਈ ਘਟਨਾ ਨਹੀਂ ਸੀ, ਉਸਨੂੰ ਸੰਪਾਦਿਤ ਵੀ ਕਰ ਦਿੱਤਾ। ਨਾਮਧਾਰੀ ਸਿੰਘਾਂ ਦੇ ਜਿਹਨਾਂ ਦੇ ਨਾਮ ਇਸ ਗਰੰਥ ਵਿਚ ਆਏ ਉਹਨਾਂ ਦੇ ਪਿਤਾ, ਪਿੰਡ, ਸ਼ਹਿਰ ਆਦਿ ਦੇ ਨਾਮ ਫੁੱਟ ਨੋਟਾਂ ਵਿਚ ਕਾਫੀ ਮਿਹਨਤ ਕਰਕੇ ਦੇ ਦਿੱਤੇ ਗਏ ਹਨ। ਜਸਵਿੰਦਰ ਸਿੰਘ ਇਸ ਤੋਂ ਪਹਿਲਾ ਇਸੇ ਗਰੰਥ ਦਾ ਭਾਗ ਪਹਿਲਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਨੂੰ ਸੰਪਾਦਿਤ ਕਰ ਕੇ ਸੰਪਾਦਨ ਕਲਾ ਵਿਚ ਚੋਖੇ ਪ੍ਰਵੀਨ ਹੋ ਗਏ ਹਨ। ਅਲਾਹਾਬਾਦ ਦਾ ਕਿਲਾ, ਰੰਗੂਨ ਮਰਗੋਈ ਦੇ ਬੰਗਲੇ ਆਦਿ ਜਿੱਥਿ ਸਤਿਗੁਰੂ ਜੀ ਟਿਕੇ ਸਨ, ਉਹਨਾਂ ਦੇ ਫੋਟੋ ਨਕਸ਼ੇ ਆਦਿ ਅਤੇ ਕੁਝ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਸਤ ਕਵਲਾਂ ਦੁਆਰਾ ਲਿਖਿਤ ਹੁਕਮਨਾਮਿਆਂ ਦੇ ਫੋਟੋ ਚਿਹਰੇ ਛਪਣ ਨਾਲ, ਸੋਨੇ ਤੇ ਸੁਹਗੇ ਵਾਲਾ ਕੰਮ ਹੋਇਆ ਹੈ। ਜਸਵਿੰਦਰ ਸਿੰਘ ਹੋਰਾਂ ਦੀ ਮਿਹਨਤ ਦੀ ਦਾਦ ਦੇਣੀ ਬਣਦੀ ਹੈ।

ਗੁਰੂ ਤੇ ਸਿਖ ਦੇ ਰਿਸ਼ਤੇ ਨੂੰ ਸੁਦ੍ਰਿੜ ਕਰਵਾਉਣ ਵਾਲੀ ਇਹ ਇਕ ਮਹੱਤਵਪੂਰਨ ਪੁਸਤਕ ਹੈ। ਨਾਂ ਕੇਵਲ ਨਾਮਧਾਰੀ ਸਗੋਂ ਸਮੁੱਚਾ ਪੰਜਾਬੀ ਸਾਹਿਤਕ ਜਗਤ ਅਜੇਹੀ ਪ੍ਰਕਾਸ਼ਨਾ ਨਾਲ ਸਮਰਿਧ ਹੋਇਆ ਹੈ। ਇਸ ਭਾਰੀ ਗੌਰੀ ਰਚਨਾ ਦਾ ਬਹੁ ਭਾਂਤੀ ਮਹੱਤਵ ਜਿਵੇਂ ਜਿਵੇਂ ਸਮਾ ਬੀਤਦਾ ਜਾਏਗਾ, ਵਧਦਾ ਜਾਏਗਾ। ਅਜੇਹਾ ਮੇਰਾ ਪੱਕਾ ਵਿਸ਼ਵਾਸ ਹੈ।

—ਕਰੀਵਾਲਾ (ਸਿਰਸਾ)
੧੨-੧੧-੨੦੦੫

ਫੁੱਟ ਨੋਟ –

1. ਪਹਿਲ ਦਾ ਇਤਿਹਾਸ ਅੰਕ (੪੩-੪੪ ਸਾਂਝਾ ਅੰਕ) (ਨਵੰਬਰ ਦਸੰਬਰ ੧੯੯੧ ਜਨਵਰੀ ਫਰਵਰੀ ੧੯੯੨ ਜੱਬਲਪੁਰ ਸਫਾ ੧੪੨
2. ਸਤਿਗੁਰ ਬਿਲਾਸ (ਭਾਗ ਦੂਜਾ)– ਸੰਪਾਦਕ ਜਸਵਿੰਦਰ ਸਿੰਘ– ਸ੍ਰੀ ਭੈਣੀ ਸਾਹਿਬ ੨੦੦੫ ਈ. ਸਫਾ. 50
3. ਸਤਿਗੁਰੂ ਬਿਲਾਸ– ਸਫਾ ੨੧੧
4. ਉਹੀ ....................... ਸੰਫਾ ੨੨
5. ਉਹੀ ....................... ਸਫਾ ੩੨
6. ਉਹੀ ....................... ਸਫਾ ੩੪
7. ਉਹੀ ....................... ਸਫਾ ੩੮
8. ਉਹੀ ....................... ਸਫਾ ੯੪-੯੫
9. ਉਹੀ ....................... ਸਫਾ ੧੦੧
10. ਉਹੀ ....................... ਸਫਾ ੧੧੧
11. ਉਹੀ ....................... ਸਫਾ ੧੪੭
12. ਉਹੀ ....................... ਸਫਾ ੧੪੯
13. ਉਹੀ ....................... ਸਫਾ ੧੫੭
14. ਉਹੀ ....................... ਸਫਾ ੧੬੧
15. ਉਹੀ ....................... ਸਫਾ ੧੬੫
16. ਉਹੀ ....................... ਸਫਾ ੧੬੬
17. ਉਹੀ ....................... ਸਫਾ ੧੭੧
18. ਉਹੀ ....................... ਸਫਾ ੧੭੨-੭੩
19. ਉਹੀ ....................... ਸਫਾ ੧੭੫
20. ਉਹੀ ....................... ਸਫਾ ੨੧੫
21. ਉਹੀ ....................... ਸਫਾ ੨੨੧
22. ਉਹੀ ....................... ਸਫਾ ੩੧੮-੧੯
23. ਉਹੀ ....................... ਸਫਾ ੩੧੯-੨੦
24. ਉਹੀ ....................... ਸਫਾ ੩੭੧
25. ਉਹੀ ....................... ਸਫਾ ੩੯੩
26. ਉਹੀ ....................... ਸਫਾ ੩੯੮
27. ਸੈਫ ਮਲੂਕ ਭਾਸ਼ਾ ਵਿਭਾਗ ੧੯੭੧... ਸਫਾ ੬੫੯
28. ਸਤਿਗੁਰੂ ਬਿਲਾਸ ਭਾਗ ਦੂਜਾ ਸਫਾ ੨੮੯
29. ਸਤਿਗੁਰੂ ਬਿਲਾਸ ਭਾਗ ਦੂਜਾ ਸਫਾ ੨੪
30. ਸਤਿਗੁਰੂ ਬਿਲਾਸ ਭਾਗ ਦੂਜਾ ਸਫਾ ੨੯੬



Namdhari Elibrary NamdhariElibrary@gmail.com

ਲਲਿਤ ਨਿਬੰਧ

# ਰਿਸ਼ਤੇ-ਨਾਤੇ ਅਤੇ ਸਬੰਧ

—ਮਹਿਮਾ ਸਿੰਘ ਹਲਵਾਰਵੀ

ਔਰਤ ਅਤੇ ਪੁਰਸ਼ ਇਕ ਦੂਸਰੇ ਦੇ ਪੂਰਕ ਹੁੰਦੇ ਹਨ। ਉਨ੍ਹਾਂ ਵਿਚੋਂ ਕੋਈ ਵੀ ਜ਼ਿਆਦਾ ਉੱਚਾ ਜਾਂ ਨੀਵਾਂ ਨਹੀਂ ਹੁੰਦਾ। ਦੋਵੇਂ ਮਿਲ ਕੇ ਹੀ ਇਕ ਤਰ੍ਹਾਂ ਦੀ ਸੰਪੂਰਣਤਾ ਅਤੇ ਪਵਿੱਤਰਤਾ ਦੀ ਸਿਰਜਣਾ ਕਰ ਸਕਦੇ ਹਨ। ਫਿਰ ਵੀ ਅਕਸਰ ਇਸ ਤਰ੍ਹਾਂ ਹੋ ਜਾਂਦਾ ਹੈ ਕਿਸੇ ਔਰਤ-ਮਰਦ ਦੇ ਪ੍ਰੇਮ-ਸਬੰਧ ਜ਼ਿਆਦਾ ਦੇਰ ਨਹੀਂ ਟਿਕਦੇ, ਅਤੇ ਉਨ੍ਹਾਂ ਦੇ ਪ੍ਰੇਮ-ਪ੍ਰਸੰਗਾਂ ਦਾ ਅੰਤ ਪੀੜਾਦਾਇਕ ਹੁੰਦਾ ਹੈ।

ਇਸ ਦਾ ਕਾਰਨ ਹੁੰਦਾ ਹੈ ਲਗਾਤਾਰ ਰਹਿ ਸਕਣ ਵਾਲੇ ਆਨੰਦ ਦੀ ਘਾਟ। ਆਨੰਦ ਵਾਲੀ ਪ੍ਰਸਥਿਤੀ ਨੂੰ ਲਗਾਤਾਰ ਬਣਾਈ ਰੱਖਣ ਲਈ ਦੋਵਾਂ ਦਾ ਇਕ ਤਰ੍ਹਾਂ ਦੇ ਯੋਗੀ ਬਣਨਾ ਜ਼ਰੂਰੀ ਹੁੰਦਾ ਹੈ। ਐਵੇਂ ਤਾਂ ਨਹੀਂ ਕੋਈ ਗਹਿਰੇ ਜਜ਼ਬਾਤ ਵਾਲੀ ਨਾਰੀ ਕਹਿ ਉਠਦੀ 'ਨੀ ਮੈਂ ਜਾਣਾ ਜੋਗੀ ਦੇ ਨਾਲ ਕੰਨੀਂ ਮੁੰਦਰਾਂ ਪਾ ਕੇ, ਮੱਥੇ ਤਿਲਕ ਲਗਾ ਕੇ'। ਯੋਗੀ ਹੋਣ ਦਾ ਮਤਲਬ ਸੱਚਮੁਚ ਘਰ ਬਾਰ ਛੱਡ ਜਾਣ ਤੋਂ ਨਹੀਂ ਹੈ। ਇਹ ਤਾਂ ਇਕ ਤਰ੍ਹਾਂ ਧਿਆਨ-ਯੋਗ ਨਾਲ ਜੁੜਨ ਦੀ ਪ੍ਰਕ੍ਰਿਆ ਹੈ। ਔਰਤ-ਮਰਦ ਜੇ ਦੋਨੋਂ ਹੀ ਸੱਚੇ ਦਿਲੋਂ ਧਿਆਨ-ਯੋਗੀ ਹੋਣਗੇ ਤਾਂ ਉਨ੍ਹਾਂ ਦਾ ਆਨੰਦ ਐਸਾ ਗਹਿਰਾ ਹੋਵੇਗਾ ਕਿ ਕਦੇ ਤਲਾਕ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੋਵੇਗਾ।

ਕਿਸੇ ਵੀ ਨਵੇਂ ਵਿਅਕਤੀ ਨਾਲ ਸਬੰਧ ਬਨਾਉਣ ਵੇਲੇ ਸਾਨੂੰ ਇਕ ਨਵੀਂ ਸ਼ੁਰੂਆਤ ਕਰਨੀ ਪੈਂਦੀ ਹੈ, ਪਰ ਜੇ ਸਾਡੀ ਸਾਂਝ ਪੁਰਾਣੇ ਸਬੰਧਾਂ ਵਿਚ ਹੀ ਧਿਆਨ-ਯੋਗ ਵਾਲੀ ਹੋਵੇ ਤਾਂ ਸਾਨੂੰ ਕਿਸੇ ਐਸੀ ਲੋੜ ਲਈ ਨਵੇਂ ਵਿਅਕਤੀ ਦੀ ਲੋੜ ਹੀ ਨਹੀਂ ਪੈਂਦੀ ਕਿਉਂਕਿ ਇਕ ਦੂਜੇ ਨੂੰ ਸਮਰਪਤ ਹੋਣ ਤੋਂ ਬਾਅਦ ਸਿਰਫ ਸਰੀਰਕ ਕ੍ਰੀੜਾ ਦਾ ਕੋਈ ਖਾਸ ਮਹੱਤਵ ਨਹੀਂ ਰਹਿ ਜਾਂਦਾ। ਵੈਸੇ ਮਿੱਤਰਤਾ ਦੋ ਬਰਾਬਰ ਦੇ ਸਤਰ ਦੇ ਵਿਅਕਤੀਆਂ ਵਿਚ ਹੀ ਹੋ ਸਕਦੀ ਹੈ ਜੋ ਸਮਾਜ, ਸੰਸਕ੍ਰਿਤੀ ਅਤੇ ਸੱਭਿਅਤਾ ਦੇ ਸਭ ਤਰ੍ਹਾਂ ਦੇ ਹੀ ਬੰਧਨਾਂ ਤੋਂ ਮੁਕਤ ਹੋਣ। ਵੈਸੇ ਕੋਈ ਵੀ ਇਕ ਦੂਜੇ ਲਈ ਹੀ ਨਹੀਂ ਬਣਿਆ ਹੁੰਦਾ। ਵਿਚਕਾਰ ਇਕ ਸਮਝ ਦੀ ਲੋੜ ਹੁੰਦੀ ਹੈ।

ਸੱਚੇ ਪੁਰਸ਼ਤਵ ਦੇ ਲਈ ਪੁਰਸ਼ ਨੂੰ ਸਾਹਸੀ ਹੋਣਾ ਹੁੰਦਾ ਹੈ। ਉਸ ਨੂੰ ਸਿਰਜਣਾਤਮਕ ਹੋਣਾ ਹੁੰਦਾ ਹੈ। ਜੀਵਨ ਵਿਚ ਹਰ ਸੰਭਵ ਪਹਿਲ ਲੈਣ ਲਈ ਗੰਭੀਰ ਹੋਣਾ ਹੁੰਦਾ ਹੈ ਅਤੇ ਇੰਜ ਹੀ ਸੱਚੇ ਇਸਤ੍ਰੀਤਵ ਲਈ ਇਸਤ੍ਰੀ ਨੂੰ ਪੁਰਸ਼ ਦੇ ਪਿੱਛੇ ਊਰਜਾ ਦਾ ਇਕ ਸਰੋਵਰ ਬਣ ਕੇ ਸਕ੍ਰਿਅ ਰਹਿਣਾ ਹੁੰਦਾ ਹੈ। ਇਸ ਤਰ੍ਹਾਂ ਦੇ ਸੱਚੇ ਜੋੜੇ ਘੱਟ ਹੀ ਮਿਲਦੇ ਹਨ ਜੋ ਇਕ ਦੂਜੇ ਪ੍ਰਤੀ ਸਾਕਾਰਾਤਮਕ ਰੂਪ ਨਾਲ ਸੰਯੁਕਤ ਹੋ ਗਏ ਹੋਣ। ਇਹੋ ਕਾਰਨ ਹੈ ਕਿ ਦੁਨੀਆਂ ਵਿਚ ਐਨਾ ਦੁਖ ਹੈ। ਇਸ ਤਰ੍ਹਾਂ ਸੰਯੁਕਤ ਹੋ ਕੇ ਜਿਊਣਾ ਇਕ ਬਹੁਤ ਵੱਡਾ ਸਾਹਸੀ ਕਰਮ ਹੁੰਦਾ ਹੈ। ਇਸ ਤਰ੍ਹਾਂ ਦੋਵੇਂ ਹੀ ਇਕ ਦੂਜੇ ਦਾ ਪੋਸ਼ਣ ਕਰ ਕੇ ਸਹਾਇਤਾ ਕਰ ਕੇ ਸਮੁੱਚੀ ਮਾਨਵਤਾ ਨੂੰ ਉਚਾਈ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਜੋ ਪਾਰੰਪਰਕ ਰੂਪ ਵਿਚ ਇਕ ਦੂਜੇ ਦੇ ਪੂਰਕ ਹੁੰਦੇ ਹਨ ਉਹ ਨਾ ਕਿਸੇ ਤੋਂ ਉੱਚੇ ਹੁੰਦੇ ਹਨ ਨਾ ਹੀ ਨੀਵੇਂ। ਪੂਰਕ ਤਾਂ ਹਮੇਸ਼ਾ ਬਰਾਬਰ ਹੁੰਦੇ ਹਨ।

ਇਸ ਤਰ੍ਹਾਂ ਹੀ ਦੋ ਸੱਚੇ ਮਿੱਤਰਾਂ ਦੇ ਸਬੰਧ ਵੀ ਇਕ ਦੂਜੇ ਦੇ ਪੂਰਕ ਹੁੰਦੇ ਹਨ ਤੇ ਜੀਵਨ ਭਰ ਨਿਭਣ ਵਾਲੇ। ਉਨ੍ਹਾਂ ਵਿਚ ਵੀ ਨਾ ਕੋਈ ਛੋਟਾ ਹੁੰਦਾ ਹੈ ਨਾ ਵੱਡਾ।


Namdhari Elibrary NamdhariElibrary@gmail.com

## .ਗ਼ਜ਼ਲ

—ਅਮਰਜੀਤ ਸਿੰਘ ਸੰਧੂ

(ਸਤਿਗੁਰੂ ਮਹਾਰਾਜ ਦੇ ਮਹਾਂਵਾਕ ਨੂੰ
ਮੁੱਖ-ਬੋਲ (ਮਤਲਾ) ਬਣਾ ਕੇ ਲਿਖੀ ਗਈ ਗ਼ਜ਼ਲ।)

ਸਤਿਸੰਗਤ ਐਸੀ ਜਾਣੀਐ॥
ਜਿਥੈ ਇਕੋ ਨਾਮ ਵਖਾਣੀਐ॥

ਕਰ ਸੰਗਤ ਸੱਚੇ ਸੰਤ ਦੀ,
ਖ਼ੁਦ ਵਿੱਚੋਂ ਰੱਬ ਪਛਾਣੀਐ॥

ਜੇ ਧੁੱਪ ਸਤਾਵੇ ਦੁੱਖ ਦੀ,
ਬਾਣੀ ਦਾ ਚੰਦੋਆ ਤਾਣੀਐ॥

ਜੇ ਕਾਂਬਾ ਪਾਪਾਂ ਦਾ ਛਿੜੇ,
ਤਾਂ ਸਤਿਗੁਰ ਦਾ ਨਿੱਘ ਮਾਣੀਐ॥

ਜਿਉਂ ਮਾਂ ਬਾਲਕ ਦੇ ਅੰਗ-ਸੰਗ,
ਸਤਿਗੁਰ ਨੂੰ ਏਵੇਂ ਜਾਣੀਐ॥

ਲੱਖ ਦੁਰਮਤ ਉੱਤਰੇ, ਕੀਤਿਆਂ
ਇਸ਼ਨਾਨ ਨਾਮ ਦੇ ਪਾਣੀਐ॥

ਬਿਖ 'ਚੋਂ ਵੀ ਅੰਮ੍ਰਿਤ ਨਿੱਕਲੂ,
ਜੇ ਰਿੜਕੇਂ ਨਾਮ-ਮਧਾਣੀਐ॥

ਇਕ ਨਾਮ ਹੈ ਕਰਤਾ ਸਭਸ ਦਾ,
ਇਹ ਗਿਆਨ ਮਿਲੇ ਗੁਰਬਾਣੀਐ॥

ਕਿਉਂ ਸੁੱਤੀ ਕੰਤ ਵਿਸਾਰਕੇ,
ਉਠ ਸਿਮਰ ਪ੍ਰਭੂ ਪ੍ਰਭਾਣੀਐ॥

ਬੇਮੁਖ ਨੂੰ ਪੀੜੇ ਧਰਮਰਾਜ,
ਤਿਲ ਪੀੜੀਦੇ ਜਿਉਂ ਘਾਣੀਐ॥

ਅਮਲਾਂ 'ਤੇ ਨਿਬੜੂ ਮਾਮਲਾ
'ਸੰਧੂ' ਤਾਂ ਗੱਲ ਸਮਝਾਣੀ ਐ॥

421, ਦਕੋਹਾ (ਜਲੰਧਰ)

'ਜ਼ਿੰਦਗੀ ਬਿਲਾਸ' ਪੰਨਾ-੪੫

## ੬੦ਵੇਂ ਸਾਲ ਦਾ ਹਾਲ

—ਸਾਧੂ ਦੈਯਾ ਸਿੰਘ ਆਰਫ਼

ਚੜ੍ਹਿਆ ਸੱਠਵਾਂ ਸਾਲ ਕਰ ਖਿਆਲ ਦੇਖੀਂ :
ਸਿਖੀ ਗੁਰੂ ਗੁਰਦੇਵ ਦੀ ਪਰੇ ਸਿਖਾ
ਸਿਖੀ ਵਿਚ ਤਾਂ ਉਤਰੇ ਓਹ ਪੂਰਾ,
ਜਿਹੜਾ ਵਾਂਗ ਸ਼ਹਿਜਾਦਿਆਂ ਮਰੇ ਸਿਖਾ
ਸਿਖੀ ਵਿਚ ਤਾਂ ਉਤਰੇ ਓਹ ਪੂਰਾ,
ਜੀਵਨ ਸਿੰਘ ਦੇ ਵਾਂਗ ਨ ਡਰੇ ਸਿਖਾ
ਸਿਖੀ ਵਿਚ ਤਾਂ ਉਤਰੇ ਓਹ ਪੂਰਾ,
ਦੇਵੇ ਸੀਸ ਨਾ ਸੀ ਉਚਰੇ ਸਿਖਾ
ਸਿਖੀ ਵਿਚ ਤਾਂ ਉਤਰੇ ਉਹ ਪੂਰਾ,
ਪੰਜਾਂ ਪਿਆਰਿਆਂ ਵਾਕਰਾਂ ਕਰੇ ਸਿਖਾ
ਸਿਖੀ ਵਿਚ ਤਾਂ ਉਤਰੇ ਓਹ ਪੂਰਾ,
ਧਰਮ ਹੇਤ ਜੋ ਦੁਖੜੇ ਜਰੇ ਸਿਖਾ
ਸਿਖੀ ਵਿਚ ਤਾਂ ਉਤਰੇ ਓਹ ਪੂਰਾ,
ਜੇਹੜਾ ਵਾਂਗ ਮਸਕੀਨੀਏ ਹਰੇ ਸਿਖਾ
ਪਿੱਛੇ ਗੁਰੂ ਦੇ ਜਾਨ ਕੁਰਬਾਨ ਕਰਦੇ,
ਦੇਵੇ ਸੀਸ ਜੇ ਸਿਖ ਤੋਂ ਸਰੇ ਸਿਖਾ
ਸਿਖੀ ਵਿਚ ਤਾਂ ਉਤਰੇ ਓਹ ਪੂਰਾ,
ਅੱਗੇ ਗੁਰੂ ਦੇ ਸੀਸ ਨੂੰ ਧਰੇ ਸਿਖਾ
ਸਿਖੀ ਵਿਚ ਤਾਂ ਉਤਰੇ ਓਹ ਪੂਰਾ,
ਜੇਹੜਾ ਜਗਤ ਭਵ ਸਾਗਰੋਂ ਤਰੇ ਸਿਖਾ
ਸਿਖੀ ਵਿਚ ਤਾਂ ਉਤਰੇ ਓਹ ਪੂਰਾ,
ਭਾਣਾ ਗੁਰੂ ਗੁਰਦੇਵ ਦਾ ਜਰੇ ਸਿਖਾ
ਸਿਖੀ ਵਿਚ ਤਾਂ ਉਤਰੇ ਓਹ ਪੂਰਾ,
ਜਾਵੇ ਅਗ੍ਹਾਂ ਨਾ ਪਿਛਾਂਹ ਨੂੰ ਟਰੇ ਸਿਖਾ
ਸਿਖੀ ਵਿਚ ਤਾਂ ਉਤਰੇ ਓਹ ਪੂਰਾ,
ਜੇਹੜਾ ਆਪਣੇ ਦੀਨ ਤੇ ਲਰੇ ਸਿਖਾ
ਸਿਖੀ ਸਿਦਕ ਨਿਭਾਉਣ ਦੀ ਦੂਰ ਮਨਜ਼ਲ,
ਗੱਲਾਂ ਮਾਰਦਾ ਬੈਠ ਕੇ ਘਰੇ ਸਿਖਾ
ਦੈਯਾ ਸਿੰਘ ਨਹੀਂ ਸਿਖਿਆ ਸਿਖੀ ਤੈਨੋਂ,
ਪਾਈ ਕੱਛ ਨੂੰ ਗੁਜ਼ਰ ਗਏ ਵਰ੍ਹੇ ਸਿਖਾ।


Namdhari Elibrary NamdhariElibrary@gmail.com

## ਮਹਾਨ ਬਾਲ ਸ਼ਹੀਦ— ਕਾਕਾ ਬਿਸ਼ਨ ਸਿੰਘ

(ਪੰਜਾਬ ਦੀ ਕੂਕਾ ਲਹਿਰ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ)

*—ਪ੍ਰਿੰ: ਕਰਤਾਰ ਸਿਘ ਕਾਲੜਾ*

ਬੂਟਾ ਦਾੜ੍ਹੀ ਨੂੰ ਪਕੜ ਕੇ ਲਿਆ ਬੱਚੇ
ਉਹਨੂੰ ਪੀਂਘ ਹੁਲਾਰੇ 'ਤੇ ਚੜ੍ਹੀ ਲੱਗੀ।

ਝਟਕਾ ਮਾਰਿਆ ਪੈਰ ਨੂੰ ਦੇ ਠੁਮ੍ਹਣਾ,
ਸ਼ਕਤੀ ਓਸ ਨੂੰ ਅੰਮ੍ਰਿਤ ਵਿਚ ਬੜੀ ਲੱਗੀ।

ਲੱਗ੍ਹਸ ਕਹਿਕਸ਼ਾਂ 'ਤੇ ਜੀਕਣ ਹੋਏ ਪੁੱਜਿਆ,
ਲੱਗ੍ਹਸ ਅਰਸ਼ ਤੋਂ ਫੁੱਲਾਂ ਦੀ ਝੜੀ ਲੱਗੀ।

ਕਾਵਨ ਕੂਕਿਆ : "ਕੂਕਿਆਂ ਮਾਰ ਸੁੱਟਿਆ,"
ਬਹਿੰਦੀ ਝੱਗ ਜਿਉਂ ਹਾਕਮ ਦੀ ਤੜੀ ਲੱਗੀ।

ਮੂੰਹੋਂ ਕੂਕਿਆ ਪਕੜ ਲਉ ਇਹ ਜ਼ਾਲਿਮ
ਮੈਂ ਤਾਂ ਮੇਮ ਦੇ ਕਹੇ 'ਤੇ ਰਹਿਮ ਖਾਧਾ।

ਛੋਟੇ ਕੂਕੇ ਵੀ ਸੂਰਮੇ ਬਹੁਤ ਵੱਡੇ,
ਇਨ੍ਹਾਂ ਤੋਪਾਂ ਤੋਂ ਰੱਤੀ ਨਾ ਸਹਿਮ ਖਾਧਾ॥

---

## .ਗਜ਼ਲ / *ਪ੍ਰਿੰ: ਕਰਤਾਰ ਸਿਘ ਕਾਲੜਾ*

ਨੇਤਾਵਾਂ ਦੀ ਫੂਹੜੀ ਉੱਤੇ ਯਾਦ ਕਰੋ ਪੰਜ ਆਬਾਂ ਨੂੰ।
ਹਾਕਮ ਬਨਣ ਲਈ ਵੰਡ ਮੰਨੀ ਗੱਦੀਆਂ ਦੇ ਬੇ-ਤਾਬਾਂ ਨੂੰ।

ਅਕਲ ਵਾਲਿਓ ਕੱਠੇ ਹੋ ਕੇ ਸਾਂਭੋ ਇਨ੍ਹਾਂ ਉਕਾਬਾਂ ਨੂੰ,
ਦੁਨੀਆਂ ਅਜੇ ਵੀ ਬੁਸ-ਬੁਸ ਕਰਦੀ ਲਭਦੀ ਹੈ ਪੰਜ-ਆਬਾਂ ਨੂੰ।

ਮਾੜੀ ਨੀਯਤ ਵਾਲੜਿਆਂ ਨੇ ਜਨਤਾ ਭੁੰਨ ਭੁੰਨ ਖਾਧੀ ਹੈ,
ਖਾਲੀ ਹੱਡਾਂ ਦੇ ਵਿਚੋਂ ਵੀ ਚੂੰਡਣ ਪਏ ਕਬਾਬਾਂ ਨੂੰ।

ਲਾਲਚ ਨੇ ਐਸੇ ਰੰਗ ਚਾੜ੍ਹੇ ਵਿਰਸੇ ਮਿਲੀ ਸਿਆਸਤ ਨੂੰ,
ਸੁੱਤੇ-ਜਾਗੇ ਲੋਕ-ਮਨਾਂ 'ਚੋਂ ਖਾ ਗਈ ਸੋਹਣੇ ਖ਼੍ਵਾਬਾਂ ਨੂੰ।

ਧਰਮੀ-ਚੰਡਾਲਾਂ ਦੀ ਬਸਤੀ ਸੁੱਖ ਦਾ ਸਾਹ ਕਿੰਝ ਆਵੇਗਾ,
'ਕੱਠੇ ਹੋ ਕੇ ਜੇ ਨਾ ਜੂਝੇ ਝੱਲਸੋ ਘੋਰ ਅਤਾਬਾਂ ਨੂੰ।

ਕੁਝ ਜ਼ਹਿਰੀਲੇ ਬੂਟੇ ਪਲਦੇ ਹਰ ਮਾਲੀ ਦੇ ਵਿਹੜੇ ਵਿਚ,
ਆਉਂਦੇ ਵਕਤ ਲਈ ਲਾ ਰਖਿਐ ਇਨ੍ਹਾਂ ਜ਼ਹਿਰੀ ਦਾਬਾਂ ਨੂੰ।

ਤਿੱਖੇ ਕਰੀਏ ਕੰਡੇ ਆਪਾਂ ਹਰ ਬੂਟੇ ਦੀ ਟਹਿਣੀ 'ਤੇ,
ਤਾਂ ਜੋ ਤੋੜ ਸਕੇ ਨਾ ਕੋਈ ਖਿੜਦੇ ਸੁਰਖ਼ ਗੁਲਾਬਾਂ ਨੂੰ।

ਨਸ਼ਿਆਂ ਦੀ ਮਾਰੋਂ ਜੇ ਆਪਾਂ ਸਕੀਏ ਰੋਕ ਜਵਾਨੀ ਨੂੰ,
ਸਮਝ 'ਕਾਲੜਾ' ਖੱਟ ਲਿਆ ਹੈ ਮਰਦੇ ਹੋਏ ਸ਼ਬਾਬਾਂ ਨੂੰ।

*੩੮੨੯/੩ ਕਰਤਾਰ ਨਗਰ, ਜਵੱਦੀ ਰੋਡ,*
*ਲੁਧਿਆਣਾ-੧੪੧੦੦੨*

## ਗਜ਼ਲ

*ਗੁਰਦਿਆਲ ਸਿੰਘ ਢਿਲੋਂ ਪ੍ਰੀਤ*

ਹਰ ਬੰਦੇ ਦੀ ਇਛਾ ਰਹਿੰਦੀ ਜੀਵਾਂ ਸਧਰਾਂ ਚਾਵਾਂ ਨਾਲ
ਪਰ ਬੰਦੇ ਨੂੰ ਜੀਣਾ ਪੈਂਦਾ ਵਿਚ ਸਮਾਜ ਤਨਾਵਾਂ ਨਾਲ

ਰਿਸ਼ੀਆਂ ਮੁਨੀਆਂ ਪੀਰ ਫਕੀਰਾਂ ਅਵਤਾਰਾਂ ਦੀ ਧਰਤੀ ਤੇ
ਸਚੇ ਨਿਰਬਲ ਨਿਰਦੋਸ਼ਾਂ ਨੂੰ ਜਿਉਣਾ ਪੈਂਦਾ ਹਾਵਾਂ ਨਾਲ

ਪਾਕ ਪਵਿੱਤਰ ਇਕੋ ਰਿਸ਼ਤਾ ਦੁਨੀਆਂ ਵਿਚ ਭਾਈਚਾਰੇ ਦਾ
ਵਾਸਾਂ ਵਾਂਗੂੰ ਖਹਿ ਖਹਿ ਬਲਦੇ ਆਪੋ ਵਿਚ ਭਰਾਵਾਂ ਨਾਲ

ਅੱਤਵਾਦੀ ਕਹਿਕੇ ਕੁਝ ਮਾਰੇ ਕੁਝ ਤਾੜੇ ਵਿਚ ਜੇਲ੍ਹਾਂ ਦੇ
ਕਿਧੇ ਬਹਿਕੇ ਦੁਖ ਵੰਡਾਵਣ ਪੁਤਰ ਆਪਣੀ ਮਾਵਾਂ ਨਾਲ

ਕਦੀ ਕਿਸੇ ਨੇ ਅਜ ਤੀਕਰਾਂ ਕਲੇ ਨੇ ਜੰਗ ਜਿਤਿਆ ਨਹੀਂ
ਜਦੋਂ ਵੀ ਤਾਕਤ ਬਣੀ ਏ ਕਿਧਰੇ ਭਾਈਚਾਰੇ ਦੀਆਂ ਬਾਹਵਾਂ ਨਾਲ

ਰੀਝਾਂ ਚਾਵਾਂ ਸਧਰਾਂ ਮਰਦੀਆਂ ਧੀਆਂ ਵਾਂਗੂੰ ਕੁੱਖ ਦੇ ਵਿਚ
ਨ ਪਲੀਆਂ ਗੋਦੀ ਵਿਚ ਬਹਿਕੇ ਮਾਂ ਦੀਆਂ ਠੰਡੀਆਂ ਛਾਵਾਂ ਨਾਲ।

ਸੁਪਨ ਸੁਨਹਿਰੀ ਮਿਠੀਆਂ ਯਾਦਾਂ ਚੇਤਾ ਆਏ ਮੁਸਕਾਨਾਂ ਦਾ
ਮਿਤਰਾਂ ਵਾਂਗੂੰ ਮਿਤਰ ਬਣ ਕੇ ਆਵਨ ਜਾਵਨ ਸਾਹਵਾਂ ਨਾਲ

ਨੂੰਹ ਸਸ ਵਿਚ ਪੈ ਗਿਆ ਰੋਲਾ ਪਿਉ ਪੁਤਰ ਦੀ ਬਣਦੀ ਨਹੀਂ
ਪੀੜੀ ਦਰ ਪੀੜੀ ਸੀ ਜਿਉਂਦੀ ਵਡਿਆਂ ਦੀਆਂ ਦੁਆਵਾਂ ਨਾਲ

ਹੁਣ ਤਾਂ ਚੌਧਰ ਦੇ ਭੁੱਖੇ ਜੋ ਵੈਰ ਕਮਾਵਣ ਵੀਰਾਂ ਨਾਲ
ਰਾਜਾ ਹੋ ਕੇ ਰਾਜ ਕਰ ਗਿਆ ਵੀਰੇ ਦੀਆਂ ਖੜਾਵਾਂ ਨਾਲ

ਪੈਸੇ ਦੇ ਪੁਤ ਹਉਮੈਂ ਅੰਦਰ ਕਰਦੇ ਨੇ ਗਲ ਨਖਰੇ ਦੀ
ਬੇਰੁਖੀ ਜਿਹੀ ਗਲ ਨੇ ਕਰਦੇ ਕਰਦੇ ਗਲ ਅਦਾਵਾਂ ਨਾਲ

ਇਕ ਮੰਜ਼ਿਲ ਦੇ ਸਾਰੇ ਪਾਂਧੀ ਇਕੋ ਥਾਵੇਂ ਪੁਜਣਾ ਹੈ
ਰਾਹਗੀਰਾਂ ਦਾ ਵਾਹ ਪੈ ਗਿਆ ਆਪੋ ਆਪਣੇ ਰਾਹਵਾਂ ਨਾਲ

ਮੋਹ ਮੁਹਬਤ ਸਾਝਾਂ ਦੀ ਗੱਲ ਬੜੀ ਪਿਆਰੀ ਲਗਦੀ ਏ
ਪ੍ਰੀਤ ਪਾ ਕੇ ਸਦਾ ਜੀਵਣੇ ਸਜਣਾ ਦੀਆਂ ਇਛਾਵਾਂ ਨਾਲ।



Namdhari Elibrary NamdhariElibrary@gmail.com

# ਦੋ ਵੇਰ ਭੁਚਾਲ

*—ਗੁਰਦਿਆਲ ਸਿੰਘ ਢਿੱਲੋਂ ਪ੍ਰੀਤ*

ਆਈ ਕ੍ਰੋਪੀ ਜੋ ਹਿੰਦ ਤੇ ਪਾਕ ਅੰਦਰ,
ਚੰਦਰਾ ਦੇ ਗਿਆ ਆ ਕੇ ਭੁਚਾਲ ਸਾਨੂੰ।
ਹੋਈ ਨਾਲ ਜੋ ਕਿਸੇ ਨਾ ਨਾਲ ਹੋਵੇ,
ਕਰ ਗਿਆ ਏ ਹਾਲੋਂ ਬੇਹਾਲ ਸਾਨੂੰ।
ਪਿੱਛੋ ਅਗੇ ਹੰਢਾਈਆਂ ਚਨੌਤੀਆਂ ਨੇ,
ਦਿਸੀ ਜ਼ਿੰਦਗੀ ਮੌਤ ਦਾ ਕਾਲ ਸਾਨੂੰ।
ਪ੍ਰੀਤ ਮੋਏ ਪ੍ਰਵਾਰਾ ਨੂੰ ਬੈਠ ਰੋਈਏ,
ਆਉਂਦੇ ਜਾਂਦੇ ਦਿਤਾ ਤੋਹਫਾ ਸਾਲ ਸਾਨੂੰ।

ਮੌਤ ਉਠੀ ਸਮੁੰਦਰ ਚੋਂ ਛੱਲ ਬਣਕੇ,
ਲੱਖਾਂ ਮਰ ਗਏ ਵਿਚ ਭੂਚਾਲ ਮਰ ਗਏ।
ਜਾਨ ਮਾਲ ਦਾ ਏਨਾ ਨੁਕਸਾਨ ਹੋਇਆ,
ਭੈੜੀ ਮੌਤ ਮਰ ਗਏ ਭੈੜੇ ਹਾਲ ਮਰ ਗਏ।
ਇਕ ਦੋ ਨਹੀਂ ਘਰਾਂ ਦੇ ਘਰ ਉਜੜੇ,
ਇਕੋ ਵੇਰ ਪੈ ਕੇ ਸਾਰੇ ਕਾਲ ਮਰ ਗਏ।
ਰਿਹਾ ਰੋਣ ਜੋਗਾ ਨਾ ਕਿਸੇ ਘਰ ਅੰਦਰ,
ਨਾਲ ਮਾਵਾਂ ਦੇ ਮਾਵਾਂ ਦੇ ਲਾਲ ਮਰ ਗਏ।

ਫੇਰ ਸੁਣ ਕੇ ਰੋਇਆ ਜਹਾਨ ਸਾਰਾ,
ਪਹਿਲੋਂ ਰੋਇਆ ਸੀ ਖਬਰ ਸੁਣਨ ਵਾਲਾ।
ਏਸ ਦੁਖ ਨੇ ਮਾਰਿਆ ਸਾਰਿਆਂ ਨੂੰ,
ਰਿਹਾ ਕੋਈ ਨਹੀਂ ਦੁਖ ਵੰਡਾਣ ਵਾਲਾ।
ਘਰ ਘਰ ਵਿਚ ਲਾਸ਼ਾਂ ਦੇ ਢੇਰ ਲੱਗੇ,
ਉਤੇ ਰਿਹਾ ਕੋਈ ਨਹੀਂ ਖਫਣ ਪਾਣ ਵਾਲਾ।
ਧੀ ਪੁਤ ਜਾਂ ਸਾਰਾ ਪ੍ਰਵਾਰ ਮਰਿਆ,
ਰਿਹਾ ਕੋਈ ਨਹੀਂ ਚੁਪ ਕਰਾਣ ਵਾਲਾ।

ਧਰਤੀ ਕੰਬੀ ਤੇ ਨਾਲ ਅਸਮਾਨ ਕੰਬਿਆ,
ਆਪੇ ਡੋਬੇ ਸਮੁੰਦਰ ਕਿਨਾਰੇ ਡੁਬ ਗਏ।
ਡੁਬ ਗਏ ਨੇ ਏਹਨਾਂ ਵਿਚ ਵਸਣ ਵਾਲੇ,
ਸਣੇ ਕੁਲੀਆਂ ਮਹਿਲ ਮੁਨਾਰੇ ਡੁਬ ਗਏ।
ਨਾ ਹੀਰਾਂ ਤੇ ਨਾਂ ਹੀ ਰਹੇ ਰਾਂਝੇ,
ਨਾਲ ਝੰਗ ਦੇ ਤਖਤ ਹਜਾਰੇ ਡੁੱਬ ਗਏ।
ਕਹਿਰੀ ਕੁਦਰਤ ਦਾ ਕਿਹ ਤੂਫਾਨ ਆਇਆ,
ਜੀਹਦੇ ਵਿਚ ਏ ਸਾਰੇ ਦੇ ਸਾਰੇ ਡੁਬ ਗਏ।

ਕੁਦਰਤ ਜੀਆਂ ਦੇ ਜਦੋਂ ਖਿਲਾਫ ਹੋ ਜਾਏ,
ਦਸੋ ਜੀਆਂ ਨੂੰ ਫੇਰ ਬਚਾਏ ਕੇਹੜਾ।
ਧੀਆਂ ਪੁੱਤਾਂ ਤੋਂ ਮਾਂ ਪਿਉ ਰੁਸ ਜਾਏ,
ਧੀਆਂ ਪੁੱਤਾਂ ਨੂੰ ਗਲ ਨਾਲ ਲਾਏ ਕੇਹੜਾ।
ਗਮ ਦੇਣ ਵਾਲਾ ਗਮ ਹੋਰ ਦੇ ਜਾਏ,
ਦਿਤੇ ਗਮਾਂ ਨੂੰ ਹੋਰ ਵੰਡਾਏ ਕੇਹੜਾ।
ਹਸਦੇ ਖੇਡਦੇ ਅਣ ਰੁਵਾਏ ਜਿਸਨੇ,
ਰੋਇਆਂ ਮੋਇਆਂ ਨੂੰ ਚੁਪ ਕਰਾਏ ਕੇਹੜਾ।

ਜੰਮ ਜੰਮ ਆਵੇ ਤੇ ਜੀ ਆਇਆਂ ਕਹੀਏ,
ਨਵਾਂ ਸਾਲ ਆਵੇ ਤੇ ਸੁਖਾਂ ਦਾ ਸਾਲ ਆਵੇ।
ਮਰਿਆ ਹੋਇਆ ਨੂੰ ਹੋਰ ਨਾ ਮਾਰੇ ਆਕੇ,
ਸਾਡਾ ਰਖ ਕੇ ਇਹ ਖਿਆਲ ਆਵੇ।
ਬੜੀ ਵਾਰ ਭੁਚਾਲ ਨੇ ਮਾਰਿਆ ਏ,
ਸ਼ਾਲਾਂ ਫੇਰ ਨਾ ਕਦੇ ਭੁਚਾਲ ਆਵੇ।
ਜਦ ਵੀ ਜਾਵੇ 'ਪ੍ਰੀਤ' ਨੂੰ ਦੇ ਖੁਸ਼ੀਆਂ,
ਜਦ ਵੀ ਆਵੇ ਲੈਕੇ ਖੁਸ਼ੀਆਂ ਨਾਲ ਆਵੇ।

# ਰੁਬਾਈਆਂ

*—ਨਵਰਾਹੀ ਘੁਗਿਆਣਵੀ*

ਮਤ੍ਰਲਬਖੋਰ ਜ਼ਮਾਨਾ ਹੈ ਇਹ, ਨਫ਼ਰਤਖੋਰ ਫ਼ਿਜ਼ਾਵਾਂ,
ਵਗ ਰਹੀਆਂ ਹਰ ਤਰਫ ਅਵੱਲੀਆਂ, ਮਾਰੂ, ਤੇਜ਼ ਹਵਾਵਾਂ।
ਬੰਦਾ ਬੇਬਸ ਹੋ ਜਾਂਦਾ ਹੈ, ਗੁੱਝੀਆਂ ਪੀੜਾਂ ਮੂਹਰੇ,
'ਨਵਰਾਹੀ' ਮਾਯੂਸ ਕਰਦੀਆਂ, ਦਰਦਨਾਕ ਘਟਨਾਵਾਂ।

ਨਾਸ਼ੁਕਰਾਪਣ ਲਾਹਨਤ ਵੱਡੀ, ਕੋਰੀ ਗ਼ਰਜ਼-ਪ੍ਰਸੱਤੀ,
ਇਸ ਦੇ ਹੱਥੋਂ ਤੰਗ ਬੜੀ ਏ, ਕੁੱਲ੍ਹ ਮਨੁੱਖੀ ਹਸਤੀ।
ਲੋੜਾਂ ਤੀਕ ਯਰਾਨੇ ਏਥੇ, ਪਈਆਂ ਮਾਂਦ ਮੁਹੱਬਤਾਂ,
'ਨਵਰਾਹੀ' ਵਧ ਗਿਆ ਸ੍ਵਾਰਥ, ਜ਼ਿੰਦਗੀ ਹੋ ਗਈ ਸਸਤੀ।

ਹੋਣਾ ਨਹੀਂ ਉਪਰਾਮ ਮੇਰੇ ਮਨ, ਸਭ ਕੁਦਰਤ ਦੀ ਲੀਲ੍ਹਾ,
ਕਾਦਰ ਦੇ ਦਸਤੂਰ ਅਨੋਖੇ, ਮੇਲਾ ਰੰਗ-ਰੰਗੀਲਾ।
ਸਮੇਂ ਸਮੇਂ ਸਿਰ ਵਟਣ ਦਸ਼ਾਵਾਂ, ਆਉਂਦੀ ਰਹੇ ਤਬਦੀਲੀ,
'ਨਵਰਾਹੀ' ਜੇ ਹੀਲਾ ਕਰੀਏ, ਬਣੇ ਜ਼ਰੂਰ ਵਸੀਲਾ।



Namdhari Elibrary NamdhariElibrary@gmail.com

# ਯਾਦਾਂ— ਕੁਝ ਮਿੱਠੀਆਂ, ਕੁਝ ਖੱਟੀਆਂ

—*ਸੁਰਿੰਦਰ ਸਿੰਘ ਜੌਹਰ*

ਮਈ, ੧੯੫੪ ਵਿਚ ਭਾਈਆ ਜੀ (ਪਿਤਾ ਜੀ) ਅੰਬਾਲੇ ਸਖਤ ਬੀਮਾਰ ਹੋ ਗਏ। ਸਾਨੂੰ ਇਸ ਗੱਲ ਦਾ ਅਫਸੋਸ ਹੈ ਕਿ ਉਹ ਪਟਿਆਲੇ ਆ ਕੇ ਸਾਡੇ ਕੋਲ ਨਹੀਂ ਰਹਿ ਸਕੇ। ਇਕ ਦਿਨ ਅਸੀਂ ਉਨ੍ਹਾਂ ਦਾ ਹਾਲ-ਚਾਲ ਪੁੱਛਣ ਗਏ, ਉਨ੍ਹਾਂ ਦੀ ਤਬੀਅਤ ਕਾਫੀ ਖਰਾਬ ਸੀ। ਮੈਂ ਮਨ ਵਿਚ ਧਾਰ ਲਿਆ ਕਿ ਉਨ੍ਹਾਂ ਦੀ ਸੇਵਾ ਲਈ ਹਰਜੀਤ (ਪਤਨੀ) ਨੂੰ ਅੰਬਾਲੇ ਹੀ ਛੱਡ ਜਾਵਾਂਗਾ। ਮੈਂ ਉਹਦੇ ਨਾਲ ਗੱਲ ਕੀਤੀ। ਉਹ ਖੁਸ਼ੀ-ਖੁਸ਼ੀ ਮੰਨ ਗਈ। ਉਹ ਕਹਿਣ ਲੱਗੀ "ਬਜ਼ੁਰਗਾਂ ਦੀ ਸੇਵਾ ਕਰਨ ਤੋਂ ਉੱਪਰ ਹੋਰ ਕਿਹੜਾ ਪੁੰਨ ਹੋ ਸਕਦਾ ਹੈ।" ਮੈਂ ਅਗਲੇ ਦਿਨ ਸਵੇਰੇ ਪਟਿਆਲੇ ਪਰਤ ਆਇਆ। ਮਨ ਸੰਤੁਸ਼ਟ ਸੀ, ਪਰ ਭਾਬੀ ਜੀ ਨੂੰ ਹਰਜੀਤ ਦਾ ਅੰਬਾਲੇ ਰਹਿਣਾ ਪਸੰਦ ਨਹੀਂ ਸੀ। ਕਹਿਣ ਲੱਗੇ, "ਕੀ ਲੋੜ ਹੈ ਇਥੇ ਹਰਜੀਤ ਦੀ, ਮੈਂ ਜੋ ਹਾਂ।" ਪਰ ਮੈਂ ਚੁੱਪ ਕਰ ਗਿਆ ਤੇ ਹਰਜੀਤ ਨੂੰ ਉਥੇ ਹੀ ਛੱਡ ਦਿੱਤਾ।

ਭਾਬੀ ਜੀ (ਵੱਡੀ ਭਰਜਾਈ) ਦੀ ਨਾਂਹ-ਨੁੱਕਰ ਦੇ ਬਾਵਜੂਦ ਹਰਜੀਤ ਇਕ ਮਹੀਨਾ ਅੰਬਾਲੇ ਹੀ ਰਹੀ। ਮੈਂ ਸ਼ਨੀਵਾਰ ਸ਼ਾਮ ਨੂੰ ਚਲਾ ਜਾਂਦਾ ਸਾਂ ਤੇ ਸੋਮਵਾਰ ਸਵੇਰੇ ਵਾਪਸ ਆ ਜਾਂਦਾ ਸਾਂ। ਘਰ ਵਿਚ ਇਕ ਚੰਗੀ ਮਾਈ ਖਾਣਾ ਬਨਾਉਣ ਵਾਲੀ ਸੀ। ਇਸ ਕਰਕੇ ਮੈਨੂੰ ਕੋਈ ਦਿੱਕਤ ਮਹਿਸੂਸ ਨਾ ਹੋਈ। ਜੂਨ ਵਿਚ ਭਾਅ ਜੀ ਦੀ ਬਦਲੀ ਜਲੰਧਰ ਦੀ ਹੋ ਗਈ ਅਤੇ ਉਨ੍ਹਾਂ ਨਾਲ ਹੀ ਭਾਈਆ ਜੀ-ਬੇਜੀ ਚਲੇ ਗਏ। ਹਰਜੀਤ ਜਲੰਧਰ ਨਾ ਜਾ ਸਕੀ।

ਇਧਰ ਜੂਨ ਦੇ ਅੱਧ ਵਿਚ ਮੈਨੂੰ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਤੋਂ ਇੰਟਰਵੀਊ ਦੀ ਕਾਲ ਆ ਗਈ। ਇੰਟਰਵਿਊ ਸ਼ਿਮਲੇ ਰੱਖੀ ਗਈ ਸੀ। ਜੂਨ ਦਾ ਮਹੀਨਾ ਤੇ ਸ਼ਿਮਲੇ ਜਾਣ ਦਾ ਮੌਕਾ— ਮਨ ਬੜਾ ਖੁਸ਼ ਸੀ, ਖੂਬ ਰੌਣਕ ਹੋਵੇਗੀ। ਅਸਲ ਵਿਚ ਇਹ ਪਹਿਲੀ ਵਾਰ ਸੀ ਕਿ ਮੈਂ ਸ਼ਿਮਲੇ ਜਾ ਕੇ ਤਿੰਨ ਦਿਨ ਰਹਿਣਾ ਸੀ। ਹਰਜੀਤ ਵੀ ਮੇਰੇ ਨਾਲ ਹੀ ਤਿਆਰ ਹੋ ਗਈ। ਉਸ ਦੇ ਮਾਮਾ ਜੀ ਤਾਂ ਉਥੇ ਰਹਿੰਦੇ ਹੀ ਸਨ, ਰਹਿਣ ਦੀ ਕੋਈ ਦਿੱਕਤ ਨਹੀਂ ਸੀ ਹੋਣੀ। ਅਸੀਂ ਸ਼ਿਮਲੇ ਪਹੁੰਚੇ ਤਾਂ ਮੌਸਮ ਨਿਹਾਇਤ ਖੁਸ਼ਗਵਾਰ ਸੀ। ਸ਼ਾਮ ਨੂੰ ਮਾਲ ਰੋਡ 'ਤੇ ਤਿਲ ਧਰਨ ਦੀ ਥਾਂ ਨਹੀਂ ਸੀ ਹੁੰਦੀ, ਮੋਢੇ ਨਾਲ ਮੋਢਾ ਲਗਦਾ ਸੀ। ਸ਼ਿਮਲਾ ਸ਼ਾਇਦ ਦੇਸ਼ ਦਾ ਵਾਹਦ ਸ਼ਹਿਰ ਹੈ ਜਿਥੇ ਪੈਦਲ ਚਲਦੇ ਲੋਕਾਂ ਨੂੰ ਵੀ ਆਪਣੇ ਹੱਥ ਤੇ ਚੱਲਣਾ ਪੈਂਦਾ ਹੈ। ਹਰਜੀਤ ਨੂੰ ਆਪਣਾ ਅਤੀਤ ਯਾਦ ਆ ਰਿਹਾ ਸੀ। ਉਹਦੇ ਦਾਰ ਜੀ ਦੀ ਦੋ ਸਾਲ ਪੋਸਟਿੰਗ ਰਹੀ ਸੀ। ਉਸ ਜ਼ਮਾਨੇ ਵਿਚ ਐਸ. ਐਸ. ਪੀ. ਦੀ ਸ਼ਾਨ ਹੀ ਨਿਰਾਲੀ ਹੁੰਦੀ ਸੀ। ਬੜਾ ਰੁਅਬ-ਦਾਅਬ। ਭਾਵੇਂ ਉਸ ਸਮੇਂ ਪੁਲਿਸ ਹੈੱਡ ਕੁਆਰਟਰ ਵੀ ਉਥੇ ਹੀ ਸੀ ਜਿਥੇ ਆਈ. ਜੀ. ਤੇ ਡੀ. ਆਈ. ਜੀ. ਵੀ ਪੋਸਟਿਡ ਸਨ, ਰਾਜਪਾਲ ਤੇ ਪੰਜਾਬ ਸਰਕਾਰ ਦੇ ਸਾਰੇ ਦਫਤਰ ਵੀ ਉਥੇ ਹੀ ਸਨ ਪਰ ਜ਼ਿਲ੍ਹੇ ਦੇ ਐਸ. ਐਸ. ਪੀ. ਦੇ ਵਿਸ਼ੇਸ਼ ਅਧਿਕਾਰ ਹੁੰਦੇ ਸਨ। ਹਰਜੀਤ ਮੈਨੂੰ ਉਹ ਕੋਠੀ ਵੀ ਦਿਖਾਉਣ ਲੈ ਗਈ ਜਿਥੇ ਉਹ ਰਹਿੰਦੇ ਸਨ। ਜਦ ਉਸ ਨੇ ਨਵੇਂ ਐਸ. ਐਸ. ਪੀ. ਨੂੰ ਸਾਰੀ ਗੱਲ ਦੱਸੀ ਤਾਂ ਉਸ ਦੇ ਪਰਿਵਾਰ ਨੇ ਸਾਡੀ ਬਹੁਤ ਖਾਤਰ-ਤਵਾਜ਼ਾ ਕੀਤੀ। ਕਈ ਲੋਕ ਸੁਭਾਵਿਕ ਹੀ ਭਲੇਮਾਣਸ ਹੁੰਦੇ ਹਨ।

ਅਗਲੇ ਦਿਨ ਸਵੇਰੇ ਰੇਲਵੇ ਬੋਰਡ ਬਿਲਡਿੰਗ ਵਿਚ ਮੇਰੀ ਫੀਲਡ ਪਬਲਿਸਿਟੀ ਅਫਸਰ (ਇੰਡੀਅਨ ਇਨਫਾਰਮੇਸ਼ਨ ਸਰਵਿਸ) ਦੀ ਪੋਸਟ ਲਈ ਇੰਟਰਵਿਊ ਸੀ, ਬੋਰਡ ਸਾਹਮਣੇ ਪੇਸ਼ ਹੋਣ ਤੋਂ ਮੈਨੂੰ ਡਰ ਲੱਗ ਰਿਹਾ ਸੀ ਪਰ ਮੇਰੀ ਇੰਟਰਵੀਊ ਬਹੁਤ ਵਧੀਆ ਹੋ ਗਈ। ਜੋ ਕੁਝ ਮੈਨੂੰ ਪੁੱਛਿਆ ਗਿਆ ਉਸ ਦਾ ਉੱਤਰ ਮੈਂ ਪੂਰੇ ਵਿਸ਼ਵਾਸ ਨਾਲ ਦਿੱਤਾ। ਮੈਨੂੰ ਉਮੀਦ ਲੱਗ ਗਈ ਕਿ ਮੈਂ ਚੁਣਿਆ ਜਾਵਾਂਗਾ। ਸ਼ਿਮਲੇ ਤੋਂ ਵਾਪਸ ਆਉਣ ਦਾ ਮਨ ਬਿਲਕੁਲ ਨਹੀਂ ਸੀ ਪਰ ਹੋਰ ਚਾਰਾ ਵੀ ਕੀ ਸੀ, ਇਕ ਦਿਨ ਅਸੀਂ ਹੋਰ ਵਾਧੂ ਰਹਿ ਹੀ ਲਿਆ।

ਵਾਪਸ ਪਟਿਆਲੇ ਆਏ ਤਾਂ ਸਾਨੂੰ ਭਾਈਆ ਜੀ ਦੀ ਸਿਹਤ ਦੀ ਬਹੁਤ ਚਿੰਤਾ ਸੀ। ਗਰਮੀ ਕਾਫ਼ੀ ਸੀ। ਉਂਝ ਵੀ ਮਨ ਕਾਫ਼ੀ ਉਦਾਸ ਸੀ। ਸਮਾਂ ਬੀਤਦਾ ਗਿਆ। ਵਕਤ ਕਿਸਦੀ ਇੰਤਜ਼ਾਰ ਕਰਦਾ ਹੈ। ਜੁਲਾਈ ਵਿਚ ਬਰਸਾਤ ਸ਼ੁਰੂ ਹੋ ਗਈ। ਮੈਂ ਹਰ ਰੋਜ਼ ਨਾਭੇ ਜਾਂਦਾ ਤੇ ਸ਼ਾਮ ਤੱਕ ਵਾਪਸ ਆ ਜਾਂਦਾ। ਹੁਣ ਦਫਤਰ ਦਾ ਸਮਾਂ ਬਦਲ ਗਿਆ ਸੀ। ੧੫ ਜੁਲਾਈ ਦਾ ਦਿਨ ਰੋਜ਼ ਵਾਂਗ ਹੀ ਚੜ੍ਹਿਆ ਨਿਮ੍ਹੀ ਨਿਮ੍ਹੀ ਬਾਰਸ਼, ਮੌਸਮ ਖੁਸ਼ਗਵਾਰ। ਮੈਂ ਦਫਤਰੋਂ ਪਰਤਿਆ ਹੀ ਸਾਂ ਕਿ ਮੈਨੂੰ ਜਲੰਧਰ ਤੋਂ ਭਾਪਾ ਜੀ ਦੀ ਤਾਰ ਮਿਲੀ। ਭਾਈਆ ਜੀ


Namdhari Elibrary NamdhariElibrary@gmail.com

ਦੀ ਸਵੇਰੇ ਮੌਤ ਹੋ ਗਈ ਸੀ। ਦਿਲ ਨੂੰ ਡਾਢਾ ਸਦਮਾ ਹੋਇਆ। ਹਰਜੀਤ ਨੇ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ। ਮੇਰਾ ਮਨ ਅੰਦਰੋਂ ਰੋ ਰਿਹਾ ਸੀ। ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਜਿਹੜਾ ਜ਼ਿੰਦਗੀ ਵਿਚ ਇਕੋ ਇਕ ਸਹਾਰਾ ਸੀ ਉਹ ਵੀ ਟੁੱਟ ਗਿਆ। ਉਂਝ ਵੀ ਮਾਤਾ-ਪਿਤਾ ਤੋਂ ਉੱਪਰ ਦੁਨੀਆਂ ਵਿਚ ਕੋਈ ਚੀਜ਼ ਨਹੀਂ, ਪਰ ਭਾਈਆ ਜੀ ਖਾਸ ਕਿਸਮ ਦੇ ਬਾਪ ਸਨ। ਮੇਰੀ ਹਰ ਗਲਤੀ ਨੂੰ ਉਨ੍ਹਾਂ ਮੁਆਫ਼ ਕੀਤਾ। ਹਰ ਭੁੱਲ ਨੂੰ ਸੋਧਿਆ। ਮੈਂ ਪਠਾਨਕੋਟ ਰਹਿੰਦਿਆਂ ਹਜ਼ਾਰਾਂ ਰੁਪਏ ਦਾ ਨੁਕਸਾਨ ਕੀਤਾ, ਪਰ ਉਨ੍ਹਾਂ ਸਿਰਫ਼ ਇੰਨਾ ਹੀ ਆਖਿਆ "ਕੋਈ ਡਰ ਨਹੀਂ, ਕਾਕਾ, ਬਿਜਨਿਸ ਵਿਚ ਨਫੇ ਨੁਕਸਾਨ ਤਾਂ ਹੁੰਦੇ ਹੀ ਰਹਿੰਦੇ ਨੇ, ਤੂੰ ਕੋਈ ਚਿੰਤਾ ਨਾ ਕਰ। ਅਸੀਂ ਜੋ ਬੈਠੇ ਹੋਏ ਹਾਂ।" ਅਸੀਂ ਸਵੇਰ ਤਕ ਜਲੰਧਰ ਪਹੁੰਚ ਗਏ। ਹੁਣ ਜੁੱਗੀ (ਜਸਵਿੰਦਰ) ੪ ਸਾਲ ਦਾ ਹੋਣ ਵਾਲਾ ਸੀ। ਉਧਰ ਹਰਜੀਤ ਵੀ ਪ੍ਰੈਗਨਿਟ ਸੀ। ਸਸਕਾਰ ਦੁਪਿਹਰ ਨੂੰ ਹੋਣਾ ਸੀ।

ਮੇਰੀ ਬੇਜੀ ਤੇ ਦੋਵੇਂ ਭੈਣਾਂ ਭੁੱਬਾਂ ਮਾਰ ਕੇ ਰੋ ਰਹੀਆਂ ਸਨ। ਹਰਜੀਤ ਵੀ ਉਨ੍ਹਾਂ ਨਾਲ ਰਲ ਗਈ। ਮਾਂ-ਬਾਪ ਦੇ ਮਰਨ 'ਤੇ ਧੀਆਂ ਤਾਂ ਅਕਸਰ ਰੋਂਦੀਆਂ ਹੀ ਹੁੰਦੀਆਂ ਹਨ। ਉਹ ਸਮਝਦੀਆਂ ਹਨ ਕਿ ਉਨ੍ਹਾਂ ਦਾ ਪੇਕਾ ਘਰ ਅੱਧਾ ਖਤਮ ਹੋ ਗਿਆ ਹੈ। ਦਿਲ ਨੂੰ ਇਹੋ ਹੌਂਸਲਾ ਦਿੰਦੀਆਂ ਹਨ ਕਿ ਚਲੋ ਮਾਂ ਤਾਂ ਬੈਠੀ ਹੋਈ ਹੈ, ਪਰ ਜਦ ਮਾਂ ਵੀ ਵਿਛੜ ਜਾਂਦੀ ਹੈ ਤਾਂ ਆਪਣੇ ਆਪ ਨੂੰ ਲਾਵਾਰਸ ਸਮਝਣ ਲੱਗ ਪੈਂਦੀਆਂ ਹਨ। ਭੈਣਾ ਰੋ ਰਹੀਆਂ ਸਨ ਪਰ ਭਾਬੀ ਜੀ ਉਨ੍ਹਾਂ ਨੂੰ ਲੈਕਚਰ ਦੇ ਰਹੇ ਸੀ— 'ਰੋਣਾ ਬਿਲਕੁਲ ਨਹੀਂ। ਵਾਹਿਗੁਰੂ ਵਾਹਿਗੁਰੂ ਕਰੋ, ਉਸ ਦਾ ਭਾਣਾ ਮੰਨੋ।" ਗੱਲ ਤਾਂ ਉਨ੍ਹਾਂ ਦੀ ਠੀਕ ਸੀ ਪਰ 'ਜਿਸ ਤਨ ਲਾਗੇ ਸੋ ਤਨ ਜਾਣੇ' ਭਾਣਾ ਮੰਨਣ ਲਈ ਵੀ ਤਾਕਤ ਚਾਹੀਦੀ ਹੈ।

ਸਸਕਾਰ ਸਮੇਂ ਬੜੀ ਸਖਤ ਬਾਰਸ਼ ਹੋ ਰਹੀ ਸੀ। ਮੀਂਹ ਰੁਕਣ ਦਾ ਨਾਂ ਹੀ ਨਹੀਂ ਸੀ ਲੈ ਰਿਹਾ। ਇਸ ਲਈ ਲੋਕਾਂ ਦੀ ਹਾਜ਼ਰੀ ਕਾਫ਼ੀ ਘੱਟ ਸੀ। ਸਿਰਫ਼ ਨਜ਼ਦੀਕੀ ਰਿਸ਼ਤੇਦਾਰ ਹੀ ਪਹੁੰਚ ਪਾਏ ਸਨ। ਸ਼ਮਸ਼ਾਨ ਘਾਟ ਮਾਡਲ ਟਾਊਨ ਵਿਚ ਹੀ ਸੀ, ਜਿਥੇ ਭਾਪਾ ਜੀ ਰਹਿ ਰਹੇ ਸਨ। ਸ਼ਮਸ਼ਾਨ ਘਾਟ ਪਹੁੰਚੇ ਤਾਂ ਬਾਰਿਸ਼ ਹੋਰ ਤੇਜ਼ ਹੋ ਗਈ... ਮੂਸਲਾਧਾਰ ਬਾਰਿਸ਼। ਮ੍ਰਿਤਕ ਦੇਹ ਨੂੰ ਲਾਂਬੂ ਲਗਾਇਆ ਗਿਆ ਪਰ ਬਾਰਿਸ਼ ਕਾਰਨ ਅੱਗ ਬੁਝ ਜਾਂਦੀ। ਜਦ ਅੱਗ ਭੜਕ ਉਠੀ ਤਾਂ ਫਿਰ ਸ਼ੋਅਲੇ ਨਿਕਲਣ ਲੱਗੇ।

ਮੇਰੇ ਭਹਿਨੋਈ, ਡਾਕਟਰ ਹਰਨਾਮ ਸਿੰਘ, ਜਿਹੜੇ ਜਲੰਧਰ ਹੀ ਰਹਿੰਦੇ ਸਨ, ਮੈਨੂੰ ਇਕ ਪਾਸੇ ਵੱਲ ਲੈ ਗਏ। ਉਨ੍ਹਾਂ ਦੀ ਸੋਚ ਹਮੇਸ਼ਾ ਨਾਂਹ-ਪੱਖੀ ਹੁੰਦੀ ਸੀ। ਘਰ ਵਿਚ ਇਕ ਸਾਂਢੂ ਨੂੰ ਦੂਜੇ ਨਾਲ ਲੜਾ ਦੇਣਾ ਇਕ ਵਿਸ਼ੇਸ਼ ਗੁਣ ਸੀ। ਸਾਲਿਆਂ ਨੂੰ ਆਪਣੇ ਭਣਵੱਈਆਂ ਨਾਲ ਲੜਾਉਣ ਵਿਚ ਉਨ੍ਹਾਂ ਨੂੰ ਕਮਾਲ ਹਾਸਲ ਸੀ। ਮੈਨੂੰ ਇਸ ਗੱਲ ਦਾ ਪੂਰਾ ਗਿਆਨ ਸੀ। ਮੈਨੂੰ ਕਹਿਣ ਲੱਗੇ "ਕਾਕਾ ਲੋਕਾਂ ਵਿਚ ਖੱਜਲ ਖੁਆਰ ਨਾ ਹੋਣਾ। ਦੋਵੇਂ ਭਰਾ ਬੈਠ ਕੇ ਸੁਲਾਹ ਸਫਾਈ ਕਰ ਲੈਣਾ। ਬਾਹਰ ਕਿਸੇ ਨੂੰ ਭਿਣਕ ਵੀ ਨਾ ਪਵੇ।" ਮੈਨੂੰ ਉਨ੍ਹਾਂ ਦੀ ਗੱਲ ਦੀ ਸਮਝ ਨਾ ਆਈ, ਪਤਾ ਨਾ ਲਗੇ, ਉਹ ਕਹਿਣਾ ਕੀ ਚਾਹੁੰਦੇ ਹਨ? ਉਨ੍ਹਾਂ ਆਪਣੀ ਗੱਲ ਨੂੰ ਦੁਹਰਾਇਆ "ਕਾਕਾ ਗੱਲ ਸਮਝ ਲਈ ਆ ਨਾ, ਵੰਡ-ਵੰਡਾਈ ਆਪਸ ਵਿਚ ਬੈਠ ਕੇ ਹੀ ਕਰ ਲੈਣਾ।" "ਭਾਈਆ ਜੀ (ਭਹਿਨੋਈ) ਅੱਵਲ ਤਾਂ ਸਾਡੇ ਕੋਲ ਬਹੁਤਾ ਕੁਝ ਵੰਡਣ ਜੋਗਾ ਹੈ ਹੀ ਨਹੀਂ। ਜੋ ਕੁਝ ਕਰਨਾ ਹੈ, ਆਪੀਂ ਭਾਪਾ ਜੀ ਕਰ ਦੇਣਗੇ। ਵੱਡੇ ਬੈਠੇ ਹੋਏ ਹਨ।" ਉਨ੍ਹਾਂ ਕੋਈ ਉੱਤਰ ਨਾ ਦਿੱਤਾ। ਅਸੀਂ ਵਾਪਸ ਆਏ ਤਾਂ ਉਨ੍ਹਾਂ ਨੇ ਫਿਰ ਕਿਹਾ, "ਮੈਂ ਤਾਂ ਤੈਨੂੰ ਗੱਲ ਸਮਝਾਉਣੀ ਸੀ, ਅੱਗੋਂ ਤੇਰੀ ਮਰਜ਼ੀ।"

ਸਸਕਾਰ ਤੋਂ ਬਾਅਦ ਘਰ ਪਹੁੰਚੇ ਤਾਂ ਹੁਣ ਮਾਹੌਲ ਵੀ ਕੁਝ ਠੀਕ ਹੋ ਗਿਆ ਸੀ। ਅਸੀਂ ਸਾਰਿਆਂ ਨੇ ਖਾਣਾ ਖਾਧਾ, ਜਿਹੜਾ ਭਾਪਾ ਜੀ ਦਾ ਇਕ ਮਿੱਤਰ ਬਣਾ ਕੇ ਲਿਆਇਆ ਸੀ। ਮੈਂ ਭਾਅ ਜੀ ਨੂੰ ਇਕੱਲਿਆਂ ਬੈਠਾ ਵੇਖ ਕੇ ਉਨ੍ਹਾਂ ਨੂੰ ਕਿਹਾ, "ਤੁਸੀਂ ਦੱਸ ਦੇਣਾ, ਜਿਨ੍ਹਾਂ ਖਰਚਾ ਹੋਵੇਗਾ, ਅੱਧਾ-ਅੱਧਾ ਕਰ ਲਵਾਂਗੇ।' ਉਹ ਆਪਣੀ ਆਦਤ ਅਨੁਸਾਰ ਖਾਮੋਸ਼ ਹੀ ਰਹੇ ਕੋਈ ਜਵਾਬ ਨਾ ਦਿੱਤਾ। ਮੈਂ ਵੀ ਹਾਲ ਦੀ ਘੜੀ ਚੁੱਪ ਹੀ ਰਿਹਾ। ਸੱਤਵੇਂ ਦਿਨ ਅਖੰਡ ਪਾਠ ਦਾ ਭੋਗ ਪਾਇਆ ਗਿਆ। ਹੁਣ ਕਾਫ਼ੀ ਭੀੜ ਜਮ੍ਹਾਂ ਸੀ। ਭਾਪਾ ਜੀ ਟ੍ਰੈਫਿਕ ਇੰਸਪੈਕਟਰ ਸਨ ਇਸ ਲਈ ਸਾਰੇ ਟ੍ਰਾਂਸਪੋਰਟਰ ਹਾਜ਼ਰੀ ਭਰਨ ਆਏ ਸਨ। ਰਿਸ਼ਤੇਦਾਰ ਵੀ ਦੂਰ ਦੂਰ ਤੋਂ ਪਹੁੰਚੇ। ਭੋਗ ਪੈਣ ਤੋਂ ਬਾਅਦ ਮੈਂ ਫਿਰ ਭਾਪਾ ਜੀ ਤੋਂ ਪੁੱਛਿਆ, "ਕੁਲ ਖਰਚਾ ਤਾਂ ਦੱਸੋ, ਕਲ੍ਹ ਸਵੇਰੇ ਅਸੀਂ ਵਾਪਸ ਚਲੇ ਜਾਣਾ ਹੈ।" ਉਹ ਫਿਰ ਖਾਮੋਸ਼ ਰਹੇ, ਨਾ ਹਾਂ ਨਾ ਨਾਂਹ। ਜਲੰਧਰ ਤੋਂ ਤੁਰਨ ਲੱਗਿਆਂ ਮੈਨੂੰ ਬੇਜੀ ਨੇ ਦੱਸਿਆ ਕਿ "ਤੇਰੇ ਭਾਈਆ ਜੀ ਸਸਕਾਰ ਤੇ ਹੋਰ ਰਸਮਾਂ ਪੂਰੀਆਂ ਕਰਨ ਲਈ ਵੱਖਰਾ ਖਰਚਾ ਰੱਖ ਗਏ ਸਨ। ਉਹ ਨਹੀਂ ਸਨ ਚਾਹੁੰਦੇ ਕਿ ਕਿਸੇ ਪੁੱਤਰ 'ਤੇ ਭਾਰ ਪਵੇ।" ਹੁਣ ਮੇਰੀਆਂ ਅੱਖਾਂ ਵਿਚੋਂ ਅੱਥਰੂ ਵਗਣ ਲੱਗੇ। ਅਸੀਂ ਸ਼ਾਮ ਤੱਕ ਵਾਪਸ ਪਟਿਆਲੇ ਪਹੁੰਚ ਗਏ। ਸਾਡੇ ਕੁਝ



Namdhari Elibrary NamdhariElibrary@gmail.com

ਰਿਸ਼ਤੇਦਾਰ ਪਟਿਆਲੇ ਵੀ ਰਹਿੰਦੇ ਸਨ ਜਿਹੜੇ ਜਲੰਧਰ ਪਹੁੰਚ ਨਹੀਂ ਸਨ ਸਕੇ, ਹੁਣ ਉਹ ਅਫਸੋਸ ਕਰਨ ਲਈ ਆਏ।

ਰੋਜ਼ ਮੱਰਾ ਦੀ ਜ਼ਿੰਦਗੀ ਸ਼ੁਰੂ ਹੋ ਗਈ। ਇਹ ਜ਼ਿੰਦਗੀ ਝੂਠ ਹੈ 'ਤੇ ਮੌਤ ਸੱਚ। ਹੋਣੀ ਨੂੰ ਕੋਈ ਨਹੀਂ ਟਾਲ ਸਕਦਾ। ਸਬਰ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ। ਭਾਈਆ ਜੀ ਨੂੰ ਤਾਂ ਮੈਂ ਅੱਜ ਤੱਕ ਯਾਦ ਕਰਦਾ ਹਾਂ। ਅਸੂਲ ਦੇ ਪੱਕੇ, ਹਮੇਸ਼ਾ ਸੱਚ ਬੋਲਣਾ, ਕਿਸੇ ਦੀ ਪਰਵਾਹ ਨਹੀਂ ਕਰਨੀ। ਗੱਲ ਮੂੰਹ 'ਤੇ ਮਾਰਨੀ। ਲੋਕ ਆਖਦੇ ਹਨ ਕਿ ਮੇਰੀ ਵੀ ਇਹੋ ਆਦਤ ਹੈ।

ਅਗਸਤ ਦੇ ਪਹਿਲੇ ਹਫ਼ਤੇ ਹੀ ਮੈਨੂੰ ਆਪਣੀ ਚੋਣ ਦੇ ਆਰਡਰ ਆ ਗਏ। ਇਕ ਪਾਸੇ ਮਨ ਖੁਸ਼ ਸੀ ਤੇ ਦੂਜੇ ਪਾਸੇ ਉਦਾਸ। ਕਾਸ਼! ਕਿ ਮੈਂ ਆਪਣੇ ਆਰਡਰ ਲੈ ਕੇ ਭਾਈਆ ਜੀ ਕੋਲ ਜਾ ਕੇ ਅਸ਼ੀਰਵਾਦ ਲੈਂਦਾ, ਪਰ ਰੱਬ ਦੇ ਨਿਯਮਾਂ ਨੂੰ ਕੌਣ ਟਾਲ ਸਕਦਾ ਹੈ !

ਲੋਕ ਮੁਬਾਰਕਬਾਦ ਦੇ ਰਹੇ ਸਨ। ਸਾਰੇ ਸਾਥੀ ਆਏ। ਬਾਹਰੋਂ ਰਿਸ਼ਤੇਦਾਰਾਂ ਦੀਆਂ ਤਾਰਾਂ ਵੀ ਆਈਆਂ। ਇਕ ਦਿਨ ਸਾਡੇ ਪਿੰਡ ਦਾ ਸਰਪੰਚ ਅਰਜਨ ਸਿੰਘ, ਉਸ ਪਿੰਡ ਦਾ ਰਹਿਣ ਵਾਲਾ ਸੀ ਜਿਥੇ ਦੇਸ਼ ਦੀ ਵੰਡ ਤੋਂ ਬਾਅਦ ਜ਼ਮੀਨ ਅਲਾਟ ਹੋਈ ਸੀ। ਉਸ ਨੇ ਆ ਕੇ ਮੈਨੂੰ ਜੱਫੀ ਪਾਈ, ਮੁਬਾਰਕਬਾਦ ਦਿੱਤੀ। ਅਸੀਂ ਉਸ ਦਾ ਮੂੰਹ ਮਿੱਠਾ ਕਰਵਾਇਆ। ਬੈਠ ਕੇ ਕਹਿਣ ਲੱਗਾ, "ਸੁਰਿੰਦਰ, ਤੇਰੇ ਅਫਸਰ ਬਣਨ ਦੀ ਖੁਸ਼ੀ ਤਾਂ ਬਹੁਤ ਹੈ, ਤੂੰ ਵੱਡਾ ਅਫਸਰ ਬਣ ਗਿਆ ਏਂ, ਪਰ ਕੋਈ ਮਜ਼ਾ ਨਹੀਂ ਆਇਆ... ਕੋਸ਼ਿਸ਼ ਕਰਨੀ ਸੀ ਕਿਤੇ ਪਟਵਾਰੀ ਲਗ ਜਾਂਦਾ।" ਮੈਂ ਮੁਸਕਰਾਇਆ। ਮੈਨੂੰ ਅਹਿਸਾਸ ਹੋਇਆ ਕਿ ਪਿੰਡਾਂ ਦੇ ਲੋਕਾਂ ਦੇ ਮਨਾਂ ਵਿਚ ਪਟਵਾਰੀ ਦੀ ਕਿੰਨੀ ਕਦਰ ਹੈ। ਉਹ ਉਸ ਨੂੰ ਆਪਣਾ ਅੰਨਦਾਤਾ ਮੰਨਦੇ ਹਨ। ਪੇਂਡੂਆਂ ਦਾ ਜੀਵਨ ਪਟਵਾਰੀ ਬਗੈਰ ਅਧੂਰਾ ਹੈ।

ਮੈਂ ੬ ਸਤੰਬਰ, ੧੯੫੪ ਨੂੰ ਦਿੱਲੀ ਆ ਕੇ ਆਪਣੀ ਨਵੀਂ ਪੋਸਟ, ਫੀਲਡ ਪਬਲਿਸਿਟੀ ਅਫਸਰ ਦੀ ਤੇ ਹਾਜ਼ਰੀ ਲਗਾ ਦਿੱਤੀ। ੧੯੫੩-੧੯੫੪ ਵਿਚ ਪਟਿਆਲੇ-ਨਾਭੇ ਰਹਿਣ ਸਮੇਂ ਮੈਂ 'ਮੋਹਨ ਸਿੰਘ ਤੇ ਉਸ ਦੀ ਕਵਿਤਾ' ਤੋਂ ਬਿਨਾਂ ਦੋ ਹੋਰ ਕਿਤਾਬਾਂ ਵੀ ਲਿਖੀਆਂ। ਇਹ ਮੇਰੇ ਉਸੇ ਮਹਿਕਮੇ ਨਾਲ ਸਬੰਧਿਤ ਸਨ, ਭਾਵ ਖੇਤੀਬਾੜੀ, ਜਿਸ ਵਿਚ ਮੈਂ ਚਾਰ ਸਾਲ ਦੇ ਕਰੀਬ ਕੰਮ ਕਰਦਾ ਰਿਹਾ। ਮੈਨੂੰ ਖੇਤੀਬਾੜੀ ਦੀਆਂ ਵਿਧੀਆਂ ਅਤੇ ਕੀੜੇਮਾਰ ਦਵਾਈਆਂ ਆਦਿ ਦਾ ਪੂਰੀ ਤਰ੍ਹਾਂ ਗਿਆਨ ਹੋ ਗਿਆ ਸੀ। ਇਕ ਪ੍ਰਕਾਰ ਦਾ ਮੈਂ ਇਨ੍ਹਾਂ ਵਿਸ਼ਿਆਂ ਬਾਰੇ ਨਿਪੁੰਨ ਹੋ ਗਿਆ ਸੀ। ਕਿਤਾਬਾਂ ਸਨ—'ਫਸਲਾਂ ਬਾਰੇ' ਤੇ ਫਸਲ ਰੱਖਿਆ ਦੇ ਸਾਧਨ'। ਇਹ ਦੋਵੇਂ ਤਕਨੀਕੀ ਪੁਸਤਕਾਂ ਸਨ ਅਤੇ ਤਕਨੀਕੀ ਪੁਸਤਕਾਂ ਲਿਖਣਾ ਬਹੁਤ ਔਖਾ ਕੰਮ ਹੁੰਦਾ ਹੈ। ਸਮੱਗਰੀ ਇਕੱਠੀ ਕਰਨੀ ਪੈਂਦੀ ਹੈ ਅਤੇ ਉਸ ਨੂੰ ਇਕ ਤਰਤੀਬ ਦੇ ਕੇ ਮਾਂਜ ਸਵਾਰ ਕੇ ਕਾਗਜ਼ਾਂ ਉਤੇ ਉਲੀਕਿਆ ਜਾਂਦਾ ਹੈ, ਪਰ ਮੈਂ ਇਹ ਕੰਮ ਬੜੀ ਯੋਗਤਾ ਨਾਲ ਨਿਭਾਇਆ। ਕੋਈ ਵੀ ਪੁਸਤਕ ਲਿਖਣ ਲੱਗਿਆਂ ਹਰ ਲੇਖਕ ਦੇ ਮਨ ਵਿਚ ਤੌਖਲਾ ਰਹਿੰਦਾ ਹੈ ਕਿ ਕੀ ਕੋਈ ਪ੍ਰਕਾਸ਼ਕ ਮਿਲੇਗਾ ਕਿ ਨਹੀਂ ? ਮੈਂ ਖਰੜੇ ਲੈ ਕੇ ਆਪਣੇ ਮਿੱਤਰ ਸ. ਜੀਵਨ ਸਿੰਘ, ਮਾਲਕ ਲਾਹੌਰ ਬੁੱਕ ਸ਼ਾਪ ਨੂੰ ਲੁਧਿਆਣੇ ਜਾ ਕੇ ਮਿਲਿਆ। ਉਸ ਸਫ਼ੇ ਉਲਟਾਏ ਅਤੇ ਕਹਿਣ ਲੱਗਾ ਕਿ ਮੈਂ ਜ਼ਰੂ ਛਾਪਾਂਗਾ ਅਤੇ ੧੫ ਫੀਸਦੀ ਰਾਇਲਟੀ ਦੇਵਾਂਗਾ। ਮੈਂ ਬਹੁਤ ਖੁਸ਼ ਹੋਇਆ। ਪੁਸਤਕਾਂ ਛੇਤੀ ਹੀ ਛਪ ਜਾਣਗੀਆਂ। ਉਦੋਂ ਪ੍ਰਕਾਸ਼ਕ ਆਮ ਤੌਰ 'ਤੇ ਦੇਰ ਸਵੇਰ ਰਾਇਲਟੀ ਦੇ ਦਿੰਦੇ ਸਨ। ਸਰਦਾਰ ਜੀ ਨੇ ਮੇਰਾ ਪੂਰਾ ਹਿਸਾਬ ਕਰ ਦਿੱਤਾ।

## ਜੌਹਰ ਸਾਹਿਬ ਨੂੰ ਸਦਮਾ

ਸ. ਸੁਰਿੰਦਰ ਸਿੰਘ ਜੌਹਰ ਬਹੁਤ ਪ੍ਰਸਿੱਧ ਪੱਤਰਕਾਰ ਅਤੇ ਲੇਖਕ ਹਨ। ਉਹਨਾਂ ਦੇ ਲੇਖ ਅੰਗਰੇਜ਼ੀ ਅਤੇ ਪੰਜਾਬੀ ਦੀਆਂ ਪ੍ਰਸਿੱਧ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਹਨ।

ਵਰਿਆਮ ਵਿਚ ਆਪ ਦੀਆਂ ਯਾਦਾਂ ਵਾਲਾ ਇਹ ਲੇਖ ਛਪਣ ਲਈ ਤਿਆਰ ਸੀ ਤਾਂ ਅਖ਼ਬਾਰ ਵਿਚੋਂ ਖ਼ਬਰ ਪੜ੍ਹੀ, ਕਿ ਜੌਹਰ ਸਾਹਿਬ ਦੀ ਜੀਵਨ ਸਾਥਣ ਬੀਬੀ ਹਰਜੀਤ ਕੌਰ ਜਿਨ੍ਹਾਂ ਦਾ ਇਸ ਲੇਖ ਵਿਚ ਜ਼ਿਕਰ ਵੀ ਹੈ ਸਦੀਵੀ ਵਿਛੋੜਾ ਦੇ ਗਏ ਹਨ। ਕੈਸੀ ਵਿਡੰਬਨਾ ਹੈ ਕਿ ਆਪਣੇ ਪਿਤਾ ਜੀ ਦੀ ਮੌਤ ਨੂੰ ਯਾਦ ਕਰਦੇ ਲੇਖ ਦੇ ਛਪਣ ਵੇਲੇ ਉਹਨਾਂ ਦੀ ਜੀਵਨ ਸਾਥਣ ਸਾਥ ਪੁਗਾ ਗਈ ਹੈ।

ਅਸੀਂ ਜੌਹਰ ਸਾਹਿਬ ਦੇ ਇਸ ਗ਼ਮ ਵਿਚ ਸ਼ਰੀਕ ਹਾਂ ਅਤੇ ਪਰਿਵਾਰ ਨਾਲ ਪੂਰੀ ਹਮਦਰਦੀ ਪਰਗਟ ਕਰਦੇ ਹੋਏ ਬੀਬੀ ਹਰਜੀਤ ਕੌਰ ਦੀ ਜੀਵ ਆਤਮਾ ਲਈ ਅਰਦਾਸ ਕਰਦੇ ਹਾਂ।

—ਸੰਪਾਦਕ


Namdhari Elibrary NamdhariElibrary@gmail.com

# ਨਿਸ਼ਕਾਮ ਸੇਵਕ ਦਾ ਅਵਸਾਨ

*—ਗੁਰਬਚਨ ਸਿੰਘ ਨਾਮਧਾਰੀ*

ਸੰਤ ਮੰਗਲ ਸਿੰਘ ਦਾ ਦੇਹ ਅਵਸਾਨ, ਚੰਡੀਗੜ੍ਹ ਦੀ ਸੰਗਤ ਅਤੇ ਨਾਮਧਾਰੀ ਪੰਥ ਲਈ ਨਾ ਪੂਰਾ ਹੋਣ ਵਾਲਾ ਘੱਪਾ ਹੈ। ਸੇਵਾ, ਸਿਮਰਨ, ਸਤਿਗੁਰੂ ਸ੍ਰੀ ਚਰਣਾਂ ਤੇ ਸ਼ਰਧਾ ਅਤੇ ਸੰਗਤ ਦੀ ਸੰਗਠਨ-ਸ਼ਕਤੀ ਦੇ ਸ਼ਿਲਪਕਾਰ ਸੰਤ ਮੰਗਲ ਸਿੰਘ ਬਹੁਗੁਣ ਸੰਪੰਨ ਸ਼ਖਸੀਅਤ ਸਨ। ਉਨ੍ਹਾਂ ਦੀ ਸੂਝ ਬੂਝ ਭਰੀ ਕਾਰਜ-ਛਮਤਾ ਦਾ ਹੀ ਨਤੀਜਾ ਸੀ ਕਿ ਗੁਰੂ ਘਰ ਤੇ ਦੋਖੀਆਂ ਦੁਆਰਾ ਪੁਆਏ ਹੋਏ ਪੱਚੀ-ਪੱਚੀ ਮੁਕੱਦਮਿਆਂ ਦੀ ਨਕਲ ਤੋਂ ਲੈ ਕੇ ਫੈਸਲਿਆਂ ਤਕ ਹਰ ਕੰਮ ਦੀ ਦੇਖਭਾਲ ਇਤਨੀ ਕੁਸ਼ਲਤਾ ਨਾਲ ਕਰਨੀ ਕਿ ਕਈ ਵਾਰ ਸਤਿਗੁਰ ਸੱਚੇ ਪਾਤਸ਼ਾਹ ਅਤੇ ਮਹਾਰਾਜ ਬੀਰ ਸਿੰਘ ਜੀ ਨੇ ਕਹਿਣਾ, "ਸੰਤ ਮੰਗਲ ਸਿੰਘ ਹੁਰਾਂ ਦੀ ਕੋਈ ਰੀਸ ਨਹੀਂ ਕਰ ਸਕਦਾ।"

ਹਿੰਦੂ ਘਰਾਣੇ ਦੇ "ਲਾਲਾ ਸ਼ਿਵ ਦਿਆਲ" ਦੇ ਘਰ ਪੁੱਤਰ ਰੂਪ ਵਿਚ ਜੰਮਿਆਂ "ਮੰਗਲ" ਗੁਰਸਿੱਖ ਮਾਤਾ ਦੇ ਦੁੱਧ ਨਾਲ ਮਿਲੇ ਸੰਸਕਾਰਾਂ ਕਰਕੇ ਗੁਰਸਿੱਖ ਬਣ ਪੁੰਗਰਿਆ। ਪਰ ਅੰਗ੍ਰੇਜ਼ੀ ਹਕੂਮਤ ਅਧੀਨ ਉਚੇਰੀ ਸਿਖਿਆ ਲੈਣ ਵਾਲੇ, ਸਰਦਾਰ ਮੰਗਲ ਸਿੰਘ ਬਣ ਗਏ। ਹਰ ਸ਼ਨੀਵਾਰ ਲਾਹੌਰ ਦੇ ਰੇਸਕੋਰਸ ਮੈਦਾਨ ਵਿਚ ਹੋਣ ਵਾਲੀ ਘੋੜ—ਦੌੜ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਆਪਣੇ ਘੋੜੇ ਘੋੜੀਆਂ ਤੇ ਇਨ੍ਹਾਂ ਦੇ ਸਵਾਰ ਅਤੇ ਸਰਕਾਰੀ ਰਿਕਾਰਡ ਸਹਿਤ ਸਾਰੀ ਸਾਂਭ ਸੰਭਾਲ ਦਾ ਜ਼ਿੰਮਾ ਸਰਦਾਰ ਮੰਗਲ ਸਿੰਘ ਕਰਦੇ। ਇੱਕ ਵਾਰ ੧੯੪੬ ਦੀ ਬਸੰਤ ਤੇ ਸਤਿਗੁਰੂ ਸੱਚੇ ਪਾਤਸ਼ਾਹ ਨੇ ਲਾਹੌਰ ਦਰਸ਼ਨ ਦਿੱਤੇ। ਗੱਦੀ ਤੇ ਸ਼ੋਭਾਇਮਾਨ ਪਾਤਸ਼ਾਹ ਨੂੰ ਮੱਥਾ ਟੇਕ ਕੋਟ-ਪੈਂਟ, ਟਾਈ ਵਾਲੇ ਸਰਦਾਰ ਮੰਗਲ ਸਿੰਘ ਪਿੱਛੇ ਜਾ ਬੈਠੇ। ਸਤਿਗੁਰਾਂ' ਵਾਜ ਮਾਰੀ— "ਭਾਈ ਮੰਗਲ ਸਿੰਘ ਜੀ, ਅੱਗੇ ਆ ਜਾਓ।" ਸਾਹਮਣੇ ਆ ਕੇ ਸਿਰ ਸਤਿਗੁਰੂ ਚਰਣਾਂ ਤੇ ਰਖਿਆ। ਸਤਿਗੁਰਾਂ ਹੁਕਮ ਕੀਤਾ— "ਬਈ ਅਜੇ ਤਕ ਇਹ ਟੇਢੀ ਪੱਗ ਨਹੀਂ ਬਦਲੀ, ਬਾਣਾ ਵੀ ਨਹੀਂ ਬਦਲਿਆ ?" ਮੰਗਲ ਸਿੰਘ ਹੁਰਾਂ ਕਿਹਾ- "ਪਾਤਸ਼ਾਹ ਜੀ ਅੰਗ੍ਰੇਜ਼ਾਂ ਦੇ ਦਫਤਰ ਵਿਚ ਕੁੜਤਾ-ਪਜਾਮਾ ਅਤੇ ਸਫੇਦ ਸਿੱਧੀ ਪੱਗ ਵਿਚ ਇਤਰਾਜ਼ ਹੋਏਗਾ... ਨੌਕਰੀ ਕਰਨੀ ਔਖੀ ਹੋ ਜਾਏਗੀ। ਸੁਣ ਕੇ ਸਤਿਗੁਰੂ ਜੀ ਰੋਹ ਵਿਚ ਆ ਗਏ। ਛਾਤੀ ਤੇ ਹੱਥ ਮਾਰ ਕਿਹਾ, "ਜਾ ਓਏ ਮੰਗਲ ਸਿੰਘ ਅੱਜ ਤੋਂ ਤੇਰੀ ਨੌਕਰੀ ਦਾ ਮੈਂ ਜ਼ਿੰਮੇਵਾਰ। ਤੈਨੂੰ ਕੋਈ ਕੁਝ ਨਹੀਂ ਆਖਦਾ।" ਬਸ ਉਸੇ ਘੜੀ ਉਸੇ ਖਿਣ ਸਭ ਕੁਝ ਬਦਲ ਗਿਆ— ਸਫੈਦ ਕੁੜਤਾ ਪਜਾਮਾ, ਸਫੇਦ ਸਿੱਧੀ ਪੱਗ, ਖੁੱਲ੍ਹਾ ਦਾਹੜਾ। ਦਰਵੇਸ਼ ਰੂਪ ਸੰਤ ਮੰਗਲ ਸਿੰਘ ਨੂੰ ਆਪ ਅੰਗ੍ਰੇਜ਼ ਅਫਸਰ ਨੇ ਬੁਲਾ ਕੇ ਇਨਾਂ, ਦੀ ਕਰਤੱਵ ਨਿਸ਼ਠਾ, ਇਮਾਨਦਾਰੀ ਅਤੇ ਹੁਣ ਸਫੇਦ ਸਾਦੇ ਪਹਿਰਾਵੇ ਤੇ ਵਧਾਈ ਦਿੱਤੀ।

੧੯੪੭ ਦੀ ਵੰਡ ਤੋਂ ਬਾਦ ਪੰਜਾਬ ਦੀ ਰਾਜਧਾਨੀ ਸ਼ਿਮਲੇ ਬਣੀ। ਸਭ ਜੀਅ ਪਰਿਵਾਰ ਸਹਿਤ ਸ਼ਿਮਲੇ ਆ ਗਏ। ਸ਼ਿਮਲੇ 'ਖਜਾਂਚੀ ਦੇ ਬਾਗ", (ਜਿਸ ਮੁਹੱਲੇ ਵਿਚ ਸੰਤਾਂ ਦਾ ਨਿਵਾਸ ਸੀ) ਵਿਚ ਕਿਸੇ ਨਾ ਕਿਸੇ ਸੰਤ ਸਾਧ ਨੂੰ ਸੱਦ ਕੇ ਕਥਾ-ਕੀਰਤਨ ਅਤੇ ਹਰ ਸਾਲ ਸ੍ਰੀ ਸਤਿਗੁਰੂ ਜੀ ਦੀ ਛੱਤਰ ਛਾਇਆ ਹੇਠ ਹੁੰਦੇ ਬਸੰਤ ਮੇਲੇ ਕਰ ਕੇ ਸਾਰਾ ਮੁਹੱਲਾ ਹੀ ਜਿਵੇਂ ਖੁਸ਼ਬੋਦਾਰ ਬਾਗ ਬਣ ਗਿਆ। ੧੯੫੮ ਵਿਚ ਜਦੋਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣੀ ਤਾਂ ਦਫਤਰ ਦੇ ਨਾਲ ਹੀ ਚੰਡੀਗੜ੍ਹ ਆ ਡੇਰਾ ਜਮਾਇਆ।

੧੯੬੫ ਵਿਚ ਵੱਡੇ ਬੇਟੇ ਹਰਵਿੰਦਰ ਸਿੰਘ ਦਾ ਇੰਜੀਨੀਅਰਿੰਗ ਕਾਲਜ ਵਿਚ ਦਾਖਲਾ ਹੋਇਆ। ਪਰ ਪ੍ਰਿੰਸੀਪਲ ਨੇ ਸਿੱਧੀ ਪੱਗ ਤੇ ਰੋਕ ਲਾ ਦਿੱਤੀ। ਕਿਹਾ "ਜਾਂ ਰੰਗਦਾਰ ਟੇਢੀ ਪੱਗ ਬੰਨ੍ਹ ਜਾਂ ਕਾਲਜ ਛੱਡ ਦੇ।" ਸੰਤਾਂ ਨੇ ਕਿਹਾ— ਕਾਲਜ ਛੱਡਣਾ ਮੰਜ਼ੂਰ ਪਰ ਪੱਗ ਬਦਲਨੀ ਮੰਜ਼ੂਰ ਨਹੀਂ। ਪਤਾ ਲੱਗਣ ਤੇ ਆਪ ਹਜ਼ੂਰ ਸ੍ਰੀ ਸਤਿਗੁਰੂ ਜੀ ਪ੍ਰਿੰਸੀਪਲ ਨੂੰ ਮਿਲੇ—ਉਸੇ ਵੇਲੇ ਪ੍ਰਿੰਸੀਪਲ ਨੇ ਸਦਾ ਲਈ ਹਰ ਨਾਮਧਾਰੀ ਵਿਦਿਆਰਥੀ ਲਈ ਸਿੱਧੀ ਪੱਗ ਦੀ ਇਜਾਜ਼ਤ ਦੇ ਦਿੱਤੀ।

ਸੰਨ ੧੯੭੫ ਇੰਦਰਾ ਗਾਂਧੀ ਦੀ ਅਗਵਾਈ ਹੇਠ ਕਾਮਾਗਾਟਾਮਾਰੂ ਦੇ ਨਾਂ ਤੇ ਚੰਡੀਗੜ੍ਹ (ਮੋਹਾਲੀ) ਕਾਂਗ੍ਰੇਸ ਅਧਿਵੇਸ਼ਨ ਹੋਇਆ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਤਕਰੀਬਨ ਵੀਹ ਹਜ਼ਾਰ ਤੋਂ ਵੱਧ ਡੈਲੀਗੇਟਸ ਲਈ ਲੰਗਰ ਪਾਣੀ ਦਾ ਪ੍ਰਬੰਧ ਇਨਾ ਸੋਹਣਾ ਸੁਚੱਜਾ ਅਤੇ ਸੁਆਦਲਾ ਕੀਤਾ, ਕਿ ਇੰਦਰਾ ਗਾਂਧੀ ਨੇ ਆਪ ਸ੍ਰੀ ਸਤਿਗੁਰੂ ਜੀ ਦਾ ਇਡੇ ਸੋਹਣੇ ਪ੍ਰਬੰਧ ਲਈ ਧੰਨਵਾਦ ਕੀਤਾ।

ਸੰਤ ਜਿਸ ਹਾਲ ਵੀ ਰਹੇ, ਜਿਥੇ ਵੀ ਰਹੇ ਆਪਣੀ ਉੱਚੀ-ਸੁੱਚੀ ਰਹਿਣੀ, ਕਰਣੀ ਅਤੇ ਮਿਲਵਰਤਨ ਸੁਭਾਅ



Namdhari Elibrary NamdhariElibrary@gmail.com

ਸਦਕਾ-ਹਰਮਨ ਪਿਆਰੇ ਰਹੇ। ਸਾਰੀ ਜ਼ਿੰਦਗੀ ਆਪ ਵੀ ਜੁੜੇ ਰਹੇ ਅਤੇ ਸਾਰੀ ਸੰਗਤ ਨੂੰ ਵੀ ਸਤਿਗੁਰੂ ਚਰਨਾਂ ਨਾਲ ਜੋੜੀ ਰੱਖਿਆ। ਜੇ ਕਿਸੇ ਤੋਂ ਕਿਸੇ ਵੇਲੇ ਭੁੱਲ ਅਵੱਗਿਆ ਵੀ ਹੋ ਗਈ ਤਾਂ ਆਪ ਨਾਲ ਖੜੋ ਕੇ ਬਖਸ਼ਬੰਦੀ ਕਰਵਾਈ ਅਤੇ ਉਸ ਪ੍ਰੀਵਾਰ ਨੂੰ ਪੰਥਕ-ਪ੍ਰਵਾਰ ਨਾਲ ਤੋਰੀ ਰੱਖਿਆ। ਇਨ੍ਹਾਂ ਨੂੰ ਭਾਈ ਲੱਧਾ ਕਹੀਏ, ਬਾਬਾ ਬੁੱਢਾ ਜਾਂ ਭੀਸ਼ਮ ਪਿਤਾਮਾ ?

ਹਰਭਜਨ ਸਿੰਘ ਸਲੂਜਾ ਮੇਰਾ ਮਿੱਤਰ ਹੈ। ਭਾਪਾ ਜੀ ਦੇ ਚੋਲਾ ਤਿਆਗਣ ਤੋਂ ਬਾਦ ਕਈ ਵਾਰ ਮਿਲਿਆ। ਰੋਜ਼ ਘਰ ਵੀ ਜਾਂਦਾ ਰਿਹਾ- ਕੀਰਤਨ ਕਥਾ ਪ੍ਰਵਾਹ ਵਿਚ ਵੀ ਸ਼ਰੀਕ ਹੁੰਦਾ ਰਿਹਾ- ਹਰਭਜਨ ਦੀਆਂ ਅੱਖਾਂ ਵਿਚ ਪਿਤਰੀ-ਵਿਯੋਗ ਦੀ ਨਮੀ ਸਦਾ ਵੇਖਦਾ ਅਹਿਸਾਸ ਕਰਦਾ ਰਿਹਾ। ਇਕ ਦਿਨ ਕਿਸੇ ਇਕਾਂਤ ਖਿਣ ਵਿਚ ਹਰਭਜਨ ਦੇ ਅੱਗੋਂ ਸਮਾ ਖਿਸਕ ਕੇ ਕਾਫੀ ਪਿਛੇ ਚਲਾ ਗਿਆ, ੧੯੫੬-੫੭ ਦੇ ਲਾਗੇ। ਕਹਿਣ ਲੱਗਾ, "ਸ਼ਿਮਲੇ ਭਾਪਾ ਜੀ ਪੰਜਾਬ ਸੈਕ੍ਰੇਟੇਰੀਅਟ ਵਿਚ ਲੱਗੇ ਸਨ- ਸ਼ਾਮ ਦੇ ਧੁੰਧਲਕੇ ਵਿਚ ੬ ਕੁ ਵਜੇ ਮੈਂ ਸਾਮ੍ਹਣੇ ਦੀ ਪਹਾੜੀ ਤੋਂ ਸੱਪ ਵਾਂਗ ਵਲ ਖਾਂਦੀ, ਥੱਲੇ, "ਖਜਾਂਚੀ ਦੇ ਬਾਗ" ਸਾਡੇ ਘਰ ਨੂੰ ਆਉਂਦੀ ਪਗਡੰਡੀ ਵਲ ਤੱਕਦਾ ਰਹਿੰਦਾ। ਸੱਤ-ਅੱਠ ਸਾਲ ਦੀ ਬਾਲ ਉਮਰ ਵਿਚ ਮੇਰੇ ਸਤਰਕ ਕੰਨ ਰਹਿਰਾਸ ਦੀਆਂ ਤੁੱਕਾਂ ਨੂੰ ਦੂਰੋਂ ਸੁਣ ਲੈਂਦੇ ਤੇ ਮੈਂ ਭੱਜ ਕੇ ਅਗੋਂ ਜਾ ਭਾਪਾ ਜੀ ਦੇ ਪੈਰਾਂ ਨਾਲ ਲਿਪਟ ਜਾਂਦਾ।" ਇਨੀ ਕੁ ਗੱਲ ਕਰਦਿਆਂ ਹਰਭਜਨ ਦਾ ਗਲਾ ਰੁੰਧ ਜਾਂਦੈ, ਅੱਖਾਂ 'ਚੋਂ ਜਲ ਚੱਲ ਪੈਂਦੇ ਤੇ ਥਰਥਰਾਂਦੀ ਆਵਾਜ਼ ਵਿਚ ਫਿਰ ਕਹਿੰਦੈ- "ਰੋਜ ਦੀ ਤਰਾਂ ਹੱਥ ਵਿਚ ਸਾਡੇ ਚਾਰੇ ਭੈਣ-ਭਰਾਵਾਂ ਲਈ ਕਦੀ ਗਰਮ ਗੁਲਾਬ ਜਾਮੁਨ ਜਾਂ ਦੇਸੀ ਘਿਓ ਦੀ ਜਲੇਬੀ ਦਾ ਡੂਨਾ ਹੁੰਦਾ।" ਅਗਲੀ ਵਾਜਾਂ ਯਾਦਾਂ ਦੇ ਝਰੋਖੇ 'ਚੋਂ ਬਾਹਰ ਤਾਂ ਨਿਕਲਦੀ ਰਹੀ, ਪਰ ਮੈਂ ਵੇਖ ਸਕਿਆ, ਹਰਭਜਨ ਦੇ ਸਜਲ ਨੇਤਰਾਂ ਵਿਚ ਬਾਣੀ ਮੋਨ ਹੋ ਚੁੱਕੀ ਸੀ, ਇਸ ਕਰਕੇ ਸੁਣ ਨਾ ਸਕਿਆ।

ਸੰਤਾਂ ਨੇ ਪੰਜਵੇਂ ਪਾਤਸ਼ਾਹ ਦੀ ਬਾਣੀ ਆਪਣੇ ਹਿਰਦੇ ਤੇ ਹੰਢਾਈ-

"ਆਗਿਆ ਆਵੈ, ਆਗਿਆ ਜਾਏ
ਨਾਨਕ ਜਾ ਭਾਵੈ ਤਾਂ ਲਏ ਸਮਾਏ॥"

ਸਾਰੀ ਉਮਰ ਸਤਿਗੁਰੂ ਦੀ ਰਜਾ ਨੂੰ ਪਰਵਾਨ ਚੜ੍ਹਾਉਂਦੇ ਹੋਏ ੩੦ ਅਕਤੂਬਰ ੨੦੦੫ ਨੂੰ ਸਤਿਗੁਰੂ ਲੋਕ ਵਿਚ ਸਮਾ ਗਏ। ਅਤੇ ਦੂਜੇ ਪਾਸੇ ਸਤਿਗੁਰਾਂ ਭੀ ਪੰਜਵੇਂ ਪਾਤਸ਼ਾਹ ਦਾ ਅਗਲਾ ਵਾਕ "ਸਤਿਗੁਰ ਸਿੱਖ ਕੀ ਕਰੈ ਪ੍ਰਤਿਪਾਲ ਸੇਵਕ ਕੋ ਗੁਰੂ ਸਦਾ ਦਇਆਲ" ਪੂਰੀ ਤਰ੍ਹਾਂ ਚਰਿਤਾਰਥ ਕੀਤਾ। ਆਪਣੇ ਵਿਸ਼ੇਸ਼ ਹੁਕਮ ਭੇਜ ਕੇ ਸੰਤਾਂ ਦੀ ਦੇਹ ਸ੍ਰੀ ਭੈਣੀ ਸਾਹਿਬ ਮੰਗਾ ਕੇ ਸਸਕਾਰ ਕੀਤਾ। ਅਗੋਂ ੨ ਨਵੰਬਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਚਲ ਕੇ ੩ ਨਵੰਬਰ ਇੰਗਲੈਂਡ ਅਤੇ ਕੈਨੇਡਾ ਦਾ ਦੌਰਾ ਸੀ। ਦਿੱਲੀ ਚਲੇ ਗਏ- ਸਾਰੇ ਕਾਫਲੇ ਸਹਿਤ ਟਿਕਟਾਂ ਹਵਾਈ ਜਹਾਜ ਦੀ, ਵੀਜ਼ਾ ਵਗੈਰਾ ਦੀ ਉਪਚਾਰਕਤਾ ਸਾਰੀ ਪੂਰੀ ਹੋ ਗਈ - ਪਰ ਸਾਰਾ ਕੁਝ ਕੈਂਸਲ ਕਰਵਾ ਕੇ ਵਾਪਸ ਸ੍ਰੀ ਭੈਣੀ ਸਾਹਿਬ ਆ ਗਏ ਤੇ ਚੰਡੀਗੜ੍ਹ ਫੋਨ ਤੇ ਹੁਕਮ ਆ ਗਿਆ-ਸੰਤਾਂ ਦਾ ਭੋਗ ਇਥੇ ਭੈਣੀ ਸਾਹਿਬ ਹੀ ਪਾਉਣਾ ਹੈ... ੬ ਨਵੰਬਰ ਇਤਵਾਰ ਨੂੰ। ਆਪਣੀ ਹੱਥੀਂ ਸੰਤਾਂ ਦਾ ਸਾਰਾ ਕਾਜ ਕੀਤਾ। ਆਪਣੇ ਸੇਵਕ ਨੂੰ ਆਪ ਅੰਤਮ ਅਰਦਾਸ ਕਰਵਾ ਕੇ ਗੁਰ-ਪੁਰੀ ਵੱਲ ਤੋਰਿਆ।

"ਆਪਣੇ ਜਨ ਕਾ ਪਰਦਾ ਢਾਕੈ
ਆਪਣੇ ਸੇਵਕ ਕੀ ਸਰ ਪਰ ਰਾਖੈ॥"

## ਲੇਖਕਾਂ ਪ੍ਰਤੀ ਬੇਨਤੀ

ਵਰਿਆਮ ਵਿਚ ਛਪਣ ਵਾਸਤੇ ਲਿਖਤਾਂ ਭੇਜਣ ਵਾਲੇ ਲੇਖਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਜਾਂ ਰਿਪੋਰਟਾਂ ਨੂੰ ਚੰਗੇ ਕਾਗਜ਼ ਤੇ ਖੁਲਾ ਖੁਲਾ ਕੇਵਲ ਇਕੋ ਪਾਸੇ ਸਾਫ ਸੁਥਰੇ ਮੋਟੇ ਅੱਖਰਾਂ/ਸ਼ਬਦਾਂ ਵਿਚ ਲਿਖ ਕੇ ਭੇਜਣ। ਸਤਰਾਂ ਖੁਲੀਆਂ ਹੋਣ ਤੇ ਦੋਵੇਂ ਪਾਸੇ ਖਾਲੀ ਥਾਂ, ਹਾਸ਼ੀਆ ਵੀ ਛੱਡਿਆ ਹੋਵੇ। ਚੰਗਾ ਹੋਵੇ ਜੇ ਮਸ਼ੀਨ ਨਾਲ ਜਾਂ ਕੰਪਿਊਟਰ ਨਾਲ ਟਾਈਪ ਕਰਵਾ ਕੇ ਭੇਜਣ। ਆਮ ਹੱਥ ਲਿਖਤਾਂ ਤਾਂ ਕਈ ਵਾਰ ਪੜ੍ਹੀਆਂ ਹੀ ਨਹੀਂ ਜਾਂਦੀਆਂ।

ਕਈ ਸਜਨ ਤਾਂ ਚਿਠੀ ਵਾਲੇ ਲਫਾਫੇ ਨੂੰ ਬਹੁਤ ਗੂੰਦ ਲਾ ਦਿੰਦੇ ਹਨ ਜਾਂ ਪਿੰਨਾਂ ਹੀ ਬਹੁਤ ਲਾ ਦਿੰਦੇ ਹਨ ਜਿਸ ਨਾਲ ਲਫਾਫਾ ਖੋਹਲਣ ਦੇ ਨਾਲ ਹੀ ਲਿਖਤ ਦਾ ਨੁਕਸਾਨ ਹੋ ਜਾਂਦਾ ਹੈ ਅਤੇ ਅਸੀਂ ਪੜ੍ਹ ਵੀ ਨਹੀਂ ਸਕਦੇ ਕਈ ਜ਼ਰੂਰੀ ਕਾਗਜ਼ ਲਿਫਾਫੇ ਵਿਚੋਂ ਕਢਦਿਆਂ ਹੀ ਪਾਟ ਜਾਂਦੇ ਹਨ। ਲਫਾਫੇ ਵਿਚ ਕਾਗਜ਼ ਪਤਰਾਂ ਦੇ ਸਾਹ ਲੈਣ ਜੋਗੀ ਥਾਂ ਤਾਂ ਹੋਣੀ ਚਾਹੀਦੀ ਹੈ। ਆਪਣੀ ਰਚਨਾ ਨਾਲ ਆਪਣਾ ਪੂਰਾ ਪਤਾ ਟੈਲੀਫੋਨ ਨੰਬਰ ਆਦਿਕ ਜ਼ਰੂਰ ਲਿਖਿਆ ਕਰੋ।

ਸੰਪਾਦਕ


Namdhari Elibrary NamdhariElibrary@gmail.com

# ਖ਼ਬਰਨਾਮਾ

## ਸ਼ਹੀਦ ਵਰਿਆਮ ਸਿੰਘ ਨੂੰ ਸਮਰਪਿਤ ਕਨਵੈਨਸ਼ਨ

ਪਿਛਲੇ ਦਿਨੀਂ ਕੂਕਾ ਲਹਿਰ ਦੇ ਸ਼ਹੀਦ ਵਰਿਆਮ ਸਿੰਘ ( ਤੋਪ ਅੱਗੇ ਢੀਆਂ ਰੱਖ ਕੇ ਤੋਪ ਦੇ ਬਰਾਬਰ ਹੋ ਕੇ ਸ਼ਹੀਦੀ ਪ੍ਰਾਪਤ ਕਰਨ ਵਾਲੇ) ਨੂੰ ਸਮਰਪਿਤ ਰੁਜ਼ਗਾਰ ਚੇਤਨਾ ਪ੍ਰਾਪਤੀ ਮੁਹਿਮ ਅਧੀਨ ਲੜਕੀਆਂ ਲਈ ਰੁਜ਼ਗਾਰ ਵਿਸ਼ੇ 'ਤੇ ਵਿਸ਼ੇਸ਼ ਕਨਵੈਨਸ਼ਨ ਕਰਵਾਈ ਗਈ। ਸਰਬ ਭਾਰਤ ਨੌਜਵਾਨ ਸਭਾ ਵਲੋਂ ਇਤਿਹਾਸਕ ਪਿੰਡ ਮਹਿਰਾਜ ਵਿੱਚ ਕਰਵਾਈ ਗਈ ਇਸ ਕਨਵੈਨਸ਼ਨ ਦਾ ਉਦਘਾਟਨ ਸੂਬਾ ਸੁਰਿੰਦਰ ਕੌਰ ਖਰਲ ਵੱਲੋਂ ਕੀਤਾ ਗਿਆ ਜਦ ਕਿ ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ ਦੇ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਭੱਟੀ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਸਮਾਗਮ ਵਿੱਚ ਪਿੰਡ ਦੀਆਂ ਲੜਕੀਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਪਿੰਡ ਦੀਆਂ ਲੜਕੀਆਂ, ਪਿੰਡ ਮਹਿਰਾਜ ਦੇ ਮੋਹਤਬਰ ਵਿਅਕਤੀ, ਸ਼ਹੀਦ ਵਰਿਆਮ ਸਿੰਘ ਜੀ ਦਾ ਪਰਿਵਾਰ, ਸੂਬਾ ਸੁਰਿੰਦਰ ਕੌਰ ਖਰਲ, ਸੰਤ ਭਗਵੰਤ ਸਿੰਘ, ਸੂਬਾ ਜਰਨੈਲ ਸਿੰਘ ਜੀ ਬਠਿੰਡਾ, ਸੰਤ ਭਗਵਾਨ ਸਿੰਘ, ਸੰਤ ਹਰਦੇਵ ਸਿੰਘ, ਡਾ. ਗੁਰਭਗਤ ਸਿੰਘ, ਡਾ. ਲਖਵੀਰ ਸਿੰਘ ਮਾਸਟਰ ਰੂਪ ਸਿੰਘ ਜੀ ਦੀ ਅਗਵਾਈ ਵਿੱਚ ਸ਼ਹੀਦ ਵਰਿਆਮ ਸਿੰਘ ਮਹਿਰਾਜ ਦੀ ਸਮਾਧ ਤੋਂ ਜਾਗੋ ਕੱਢਦੇ ਹੋਏ ਸਮਾਗਮ ਵਾਲੀ ਜਗ੍ਹਾ ਸਕੂਲ ਵਿੱਚ ਦਾਖਲ ਹੋਏ। ਜਾਗੋ ਦੌਰਾਨ ੪੦-੪੫ ਬੇਰੁਜ਼ਗਾਰ ਨੌਜਵਾਨ ਲੜਕੀਆਂ ਦੇ ਗਰੁੱਪ ਨੇ ਪੂਰੇ ਉਤਸ਼ਾਹ ਅਤੇ ਜੋਸ਼ੋ ਖਰੋਸ਼ ਨਾਲ ਦੇਸ਼ ਭਗਤਾਂ ਦੇ ਗੀਤ ਗਾਏ ਅਤੇ ਸ਼ਹੀਦ ਵਰਿਆਮ ਸਿੰਘ ਅਤੇ ਸ਼ਹੀਦ ਭਗਤ ਸਿੰਘ ਅਮਰ ਰਹੇ ਦੇ ਨਾਅਰੇ ਵੀ ਲਗਾਏ। ਸੂਬਾ ਸੁਰਿੰਦਰ ਕੌਰ ਖਰਲ ਨੇ ਸਮਾਗਮ ਦਾ ਉਦਘਾਟਨ ਕਰਦੇ ਹੋਏ ਜਿੱਥੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਚਾਨਣਾ ਪਾਇਆ ਉਥੇ ਉਹਨਾਂ ਸਮਾਜ ਵਿੱਚ ਬੇਰੁਜ਼ਗਾਰੀ ਨਾਲ ਹੁੰਦੇ ਘਾਣ ਨੂੰ ਬਿਆਨ ਕਰਦੀ ਕਵਿਤਾ ਵੀ ਪੇਸ਼ ਕੀਤੀ। ਇਸ ਮੌਕੇ ਸਮਾਗਮ ਨੂੰ ਕਾਮਯਾਬ ਕਰਨ ਵਾਲਿਆਂ ਦੀ ਪ੍ਰਸੰਸਾ ਕਰਦਿਆਂ ਡਾ. ਸੁਰਜੀਤ ਸਿੰਘ ਭੱਟੀ ਨੇ ਔਰਤ ਦੀ ਵਿਦਿਆ ਤੇ ਜ਼ੋਰ ਦਿੱਤਾ। ਡਾ. ਭੱਟੀ ਸਾਹਿਬ ਜੀ ਨੇ ਦੱਸਿਆ ਕਿ ਇਕ ਫੌਜ ਦੇ ਸਿਪਾਹੀ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਪਿੰਡ ਵਿੱਚੋਂ ਉੱਠ ਕੇ ਅੰਗਰੇਜ਼ ਸਰਕਾਰ ਨੂੰ ਵੰਗਾਰ ਸੁੱਟਿਆ ਸੀ ਜੋ ਉਹਨਾਂ ਦੇ ਉਦੋਂ ਨਿਸ਼ਾਨੇ ਸਨ ਆਜ਼ਾਦੀ ਦੇ, ਅਸੀਂ ਆਜ਼ਾਦੀ ਵੀ ਪ੍ਰਾਪਤ ਕਰ ਲਈ ਹੈ ਪਰ ਨਿਸ਼ਾਨਿਆਂ ਦੀ ਪੂਰਤੀ ਅਜੇ ਤੱਕ ਬਾਕੀ ਹੈ। ਇਸ ਸਮੇਂ ਸੀ.ਪੀ. ਆਈ ਦੇ ਸੂਬਾ ਸਕੱਤਰ ਬਾਈ ਜਗਰੂਪ ਸਿੰਘ ਨੇ ਵੀ ਸੰਬੋਧਨ ਕੀਤਾ। ਉਹਨਾਂ ਨਾਮਧਾਰੀ ਲਹਿਰ ਦੀ ਪ੍ਰਸੰਸਾ ਕੀਤੀ ਪਰ ਨਾਲ ਗਿਲਾ ਵੀ ਜ਼ਾਹਿਰ ਕੀਤਾ ਕਿ ਉਹ ਇਤਿਹਾਸ ਘਰ-ਘਰ, ਬੱਚੇ-ਬੱਚੇ ਤੱਕ ਨਹੀਂ ਪਹੁੰਚ ਸਕਿਆ। ਉਹਨਾਂ ਦਿਨੋ-ਦਿਨ ਵਧ ਰਹੀਆਂ ਖੁਦਕਸ਼ੀਆਂ ਦਾ ਕਾਰਨ ਬੇਰੁਜ਼ਗਾਰੀ ਅਤੇ ਗਰੀਬੀ ਦੱਸਦਿਆਂ ਲੋਕਾਂ ਨੂੰ ਜਾਗ੍ਰਿਤ ਕੀਤਾ ਕਿ ਲੋਕ ਜਾਗਣ ਆਪਣੇ ਆਪ ਨੂੰ ਸੰਭਾਲਣ। ਰੁਜ਼ਗਾਰ ਪ੍ਰਾਪਤੀ ਚੇਤਨਾ ਮੁਹਿਮ ਦੇ ਸਰਪ੍ਰਸਤ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਪ੍ਰਧਾਨ ਮਾ. ਜਗਰੂਪ ਸਿੰਘ ਨੇ ਦੱਸਿਆ ਕਿ ਬੇਰੁਜ਼ਗਾਰੀ ਕਾਰਨ ਵਧ ਰਹੀਆਂ ਖੁਦਕਸ਼ੀਆਂ ਕਾਰਨ ਹੀ ਜਹਾਦ ਛੇੜਿਆ ਗਿਆ ਹੈ। ਉਹਨਾਂ ਮੰਗ ਕੀਤੀ ਕਿ ੧੮ ਸਾਲ ਤੋਂ ੫੮ ਸਾਲ ਤੱਕ ਦੇ ਹਰੇਕ ਵਿਅਕਤੀ ਲਈ ਰੁਜ਼ਗਾਰ ਯਕੀਨੀ ਬਣਾਇਆ ਜਾਵੇ ਕੰਮ ਦੇ ਇੰਤਜ਼ਾਰ ਵਿੱਚ ਬੈਠੇ ਬੇਰੁਜ਼ਗਾਰਾਂ ਨੂੰ ੨੩੦੦ ਰੁਪਏ ਮਹੀਨਾ ਭੱਤਾ ਦਿੱਤਾ ਜਾਵੇ। ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੀ ਪ੍ਰਧਾਨ ਨਰਿੰਦਰ ਕੌਰ ਨੇ ਭਰੂਣ ਹੱਤਿਆ ਅਤੇ ਲਿੰਗ ਅਨੁਪਾਤ ਦੇ ਵਧ ਰਹੇ ਪਾੜ੍ਹੇ ਤੇ ਚਿੰਤਾ ਜ਼ਾਹਰ ਕੀਤੀ। ਸਮਾਗਮ ਵਿੱਚ ਇਨਕਲਾਬੀ ਸੱਭਿਆਚਾਰ ਦੀ ਅਮਨਦੀਪ ਐਂਡ ਪਾਰਟੀ ਨੇ "ਲਾਡਲਾ" ਕੋਰੀਓਗਰਾਫੀ, ਸੁਖਦੀਪ ਐਂਡ ਪਾਰਟੀ ਵੱਲੋਂ "ਧਰਤੀ ਪੰਜਾਬ ਦੀ" ਨਾਟਕ ਪੇਸ਼ ਕੀਤੇ ਗਏ। ਰੁਪਿੰਦਰ ਗਰੁੱਪ ਵੱਲੋਂ ਵਿਆਹ ਸੰਬੰਧੀ ਸੱਭਿਆਚਾਰਕ ਗੀਤ, ਬਲਵਿੰਦਰ ਗਰੁੱਪ ਵੱਲੋਂ ਘੋੜੀ, ਇੰਦੂ ਬਾਲਾ ਅਤੇ ਅਮਨ ਪਾਰਟੀ ਵੱਲੋਂ ਪ੍ਰੋਗਰਾਮ ਪੇਸ਼ ਕੀਤੇ ਗਏ। ਸਮਾਗਮ ਨੂੰ ਕਾਮਯਾਬ ਕਰਨ ਵਿੱਚ ਮਹੰਤ ਪ੍ਰਭਜੋਤ ਸਿੰਘ, ਰੂਪ ਸਿੰਘ, ਸੁਖਦੇਵ ਸਿੰਘ ਕਲਕੱਤੇ ਵਾਲੇ, ਅਮਨਦੀਪ ਕੌਰ ਆਦਿ ਨੇ ਸਹਿਯੋਗ ਦਿੱਤਾ।

## ਸ. ਅਮਰੀਕ ਸਿੰਘ ਐਸ. ਡੀ. ਓ. ਨਮਿਤ ਪਾਠ ਕੀਰਤਨ

ਸੰਤ ਅਮਰੀਕ ਸਿੰਘ ਰਿਟਾਇਰਡ ਐਸ. ਡੀ. ਓ ਬਿਜਲੀ ਬੋਰਡ ਸ਼ੰਕਰ ਗਾਰਡਨ ਜਲੰਧਰ ਵਾਲੇ ਮਿਤੀ ੨੨ ਸਤੰਬਰ ੨੦੦੫ ਨੂੰ ਅਚਾਨਕ ਚਲਾਣਾ ਕਰ ਗਏ ਸਨ। ਜਲੰਧਰ ਦੇ ਸਮਾਜਕ ਖੇਤਰ, ਨਾਮਧਾਰੀ ਸੰਗਤ ਅਤੇ ਵਰਿਆਮ ਵਾਸਤੇ ਸੇਵਾ ਕਾਰਜਾਂ ਵਾਸਤੇ ਉਹ ਸਦਾ ਹੀ ਉੱਦਮ ਨਾਲ ਤੱਤਪਰ ਰਹੇ। ਬਹੁਤ ਉਦਮੀ, ਸਾਹਸੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਅਗਾਧ ਸ਼ਰਧਾ ਰੱਖਣ ਵਾਲੇ ਅਤੇ ਸਤਿਗੁਰਾਂ ਦੀ ਇੱਛਾ ਨੂੰ ਹੁਕਮ ਵਾਂਗ ਮੰਨਣ ਵਾਲੇ ਸਰਦਾਰ ਅਮਰੀਕ ਸਿੰਘ ਦੇ ਜਾਣ ਨਾਲ ਇਕ ਭਾਰੀ ਖਲਾਅ ਜਲੰਧਰ ਦੇ ਭਾਈਚਾਰੇ



Namdhari Elibrary NamdhariElibrary@gmail.com

ਨੂੰ ਪਿਆ ਹੈ। ਆਪ ਦੇ ਘਰੋਂ ਬੀਬੀ ਹਰਵੰਤ ਕੌਰ 'ਰਾਣੀ', ਸਪੁਤਰ ਸ. ਗੁਰਮੀਤ ਸਿੰਘ ਐਮ. ਐਸ. ਸੀ, ਮੈਥੇਮੈਟਿਕਸ ਅਤੇ ਦੋ ਸਪੁਤਰੀਆਂ ਅਤੇ ਨੂੰਹ ਸਾਰਾ ਪਰਿਵਾਰ ਹੀ ਪੜਿਆ ਲਿਖਿਆ ਸੁਸ਼ੀਲ ਪਰਿਵਾਰ ਹੈ। ੨ ਅਕਤੂਬਰ ੨੦੦੫ ਨੂੰ ਅਮਰੀਕ ਸਿੰਘ ਜੀ ਨਮਿਤ ਕੀਤੇ ਪਾਠ ਦਾ ਭੋਗ ਪਾਉਣ ਲਈ ਗੁਰਦੁਆਰਾ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ, ਲਾਡੋਵਾਲੀ ਰੋਡ ਜਲੰਧਰ ਵਿਖੇ ਇਕ ਭਾਰੀ ਸਮਾਗਮ ਹੋਇਆ। ਦਿਲੀ ਤੋਂ ਵਿਸ਼ੇਸ਼ ਤੌਰ ਤੇ ਆਏ ਸੰਤ ਬਲਜੀਤ ਸਿੰਘ ਗੁਰਮੀਤ ਸਿੰਘ ਨਾਮਧਾਰੀ ਹੋਰਾਂ ਦੇ ਰਾਗੀ ਜੱਥੇ ਨੇ ਵੈਰਾਗਮਈ ਕੀਰਤਨ ਕੀਤਾ। ਇਹਨਾਂ ਨਾਲ ਤਬਲੇ ਤੇ ਸੰਗਤ ਗੁਰਿੰਦਰ ਸਿੰਘ ਮਣੀ ਹੋਰਾਂ ਕੀਤੀ। ਸ. ਜਗਦੀਸ਼ ਸਿੰਘ ਵਰਿਆਮ ਸੰਪਾਦਕ ਵਰਿਆਮ ਹੋਰਾਂ ਭਾਵ ਭਿੰਨੀ ਸ਼ਰਧਾਂਜਲੀ ਅਰਪਿਤ ਕੀਤੀ। ਸ. ਅਮਰੀਕ ਸਿੰਘ ਜੀ ਦੇ ਮਾਨਵੀ ਗੁਣਾਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕਰਨ ਪੰਜਾਬ ਬਿਜਲੀ ਬੋਰਡ ਮਹਿਕਮੇ ਦੇ ਉਚ ਅਫਸਰ ਅਤੇ ਕਰਮਚਾਰੀ ਭਾਰੀ ਗਿਣਤੀ ਵਿਚ ਆਏ ਸਨ। ਚੌਧਰੀ ਰਾਜਕੁਮਾਰ ਪ੍ਰਧਾਨ ਇੰਜੀਨੀਅਰ ਐਸੋਸੀਏਸ਼ਨ ਨੇ ਮਹਿਕਮੇ ਵਲੋਂ ਸ਼ਰਧਾਂਜਲੀ ਭੇਟ ਕੀਤੀ। ਸ. ਗੁਰਚਰਨ ਸਿੰਘ ਐਸ.ਈ. ਸ. ਸਤਨਾਮ ਸਿੰਘ ਇੰਜੀਨੀਅਰ, ਸ. ਸੁਰਿੰਦਰ ਪਾਲ ਸਿੰਘ ਇੰਜੀਨੀਅਰ, ਸ. ਦੀਪ ਸਿੰਘ ਰਿਟ: ਹੈਡ ਡਰਾਫਟਸਮੈਨ ਅਤੇ ਅਮਰੀਕਾ ਤੋਂ ਆਏ ਮਿਤਰ ਜਮਾਤੀ ਸ. ਜ਼ੈਲ ਸਿੰਘ ਤੋਂ ਇਲਾਵਾ ਸੂਬਾ ਜਸਵੀਰ ਸਿੰਘ ਪੱਦੀ ਖਾਲਸਾ, ਸੂਬਾ ਸੁਰਜੀਤ ਸਿੰਘ ਕੁਤਬੇਵਾਲ, ਸੂਬਾ ਸੁਖਵਿੰਦਰ ਸਿੰਘ ਕਰਤਾਰਪੁਰ, ਸੂਬਾ ਜੁਗਿੰਦਰ ਸਿੰਘ ਜਲੰਧਰ, ਪ੍ਰਧਾਨ ਸੁਰਜੀਤ ਸਿੰਘ ਅਤੇ ਬਹੁਤ ਸਾਰੇ ਜਥੇਦਾਰ ਸਾਹਿਬਾਨ, ਵਿਦਿਅਕ ਜੱਥੇ ਦੇ ਨੌਜਵਾਨ ਅਤੇ ਬੀਬੀਆਂ, ਪਰਿਵਾਰਕ ਮੈਂਬਰ, ਰਿਸ਼ਤੇਦਾਰ ਸਨੇਹੀ ਇਲਾਕਾ ਨਿਵਾਸੀ ਬਹੁਤ ਦੂਰ ਦੂਰ ਤੋਂ ਪੁੱਜੇ ਹੋਏ ਸਨ। ਬੇਸ਼ੁਮਾਰ ਸੰਗਤ ਦਾ ਇਕੱਠ ਸੀ। ਨਾਵੇਂ ਮਹੱਲੇ ਦੇ ਸਲੋਕ ਪੜ੍ਹੇ ਗਏ ਅਤੇ ਸ. ਅਮਰੀਕ ਸਿੰਘ ਨੂੰ ਯਾਦ ਕਰਦਿਆਂ ਪਰਿਵਾਰ ਨਾਲ ਹਮਦਰਦੀ ਪਰਗਟ ਕੀਤੀ ਗਈ। ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਜਥੇਦਾਰ ਅਵਤਾਰ ਸਿੰਘ ਨਮਿਤ ਮੇਲਾ

ਨਾਮਧਾਰੀ ਪੰਥ ਦੇ ਪ੍ਰਸਿਧ ਜਥੇਦਾਰ ਸ੍ਰੀਮਾਨ ਸੰਤ ਅਵਤਾਰ ਸਿੰਘ ਜੀ ਜਲੰਧਰ ਵਾਲੇ ਆਪਣੀ ਨੌ ਦਹਾਕਿਆਂ ਤੋਂ ਵੱਧ ਆਯੂ ਭੋਗ ਕੇ ਮਿਤੀ ੭ ਅਕਤੂਬਰ ੨੦੦੫ ਨੂੰ ਆਪਣੀ ਜੀਵਨ ਯਾਤਰਾ ਸੰਪੂਰਨ ਕਰ ਗਏ ਹਨ। ਉਹਨਾਂ ਦੀ ਸਿਮ੍ਰਤੀ ਵਿਚ ਭਾਰੀ ਮੇਲਾ ਐਤਵਾਰ ੨੩ ਅਕਤੂਬਰ ੨੦੦੫ ਨੂੰ ਗੁਰਦੁਆਰਾ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਲਾਡੋਵਾਲੀ ਰੋਡ ਜਲੰਧਰ ਵਿਚ ਕੀਤਾ ਗਿਆ।

ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਪ੍ਰੇਮ ਭਿੰਨਾ ਕੀਰਤਨ ਸੰਤ ਬਲਬੀਰ ਸਿੰਘ ਜੀ ਨੇ ਸਾਥੀਆਂ ਸਮੇਤ ਕੀਤਾ। ਦੁਪਹਿਰ ਨੂੰ ਮੁਖ ਦੀਵਾਨ ਵਿਚ ਜਥੇਦਾਰ ਸੁਰਿੰਦਰ ਸਿੰਘ ਛਿੰਦਾ, ਜਥੇਦਾਰ ਬਲਬੀਰ ਸਿੰਘ ਮੌਜੀ ਅਤੇ ਜਥੇਦਾਰ- ਸੂਬਾ ਅਜੀਤ ਸਿੰਘ ਬਟਾਲੇ ਵਾਲਿਆਂ ਭਰਪੂਰ ਹਲੇ ਦੇ ਦੀਵਾਨ ਸਜਾਏ। ਸਾਰੀ ਸੰਗਤ ਮਾਈ ਭਾਈ ਇਕਠਿਆਂ ਹੋ ਕੇ ਸ਼ਬਦ ਪੜ੍ਹਦੀ ਰਹੀ। ਅੰਤ ਉਤੇ ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਹੋਰਾਂ ਨੇ ਜਥੇਦਾਰ ਜੀ ਬਾਰੇ ਆਪਣੇ ਵਿਚਾਰ ਰੱਖੇ।

ਜਥੇਦਾਰ ਅਵਤਾਰ ਸਿੰਘ ਜੀ ਨਮਿਤ ਬੋਲਣ ਵਾਲੇ ਸਭ ਬੁਲਾਰਿਆਂ ਨੇ ਜਥੇਦਾਰ ਜੀ ਦੇ ਜੀਵਨ ਤੇ ਵਿਸਥਾਰ ਨਾਲ ਚਾਨਣਾ ਪਾਇਆ। ਜਥੇਦਾਰ ਅਵਤਾਰ ਸਿੰਘ ਜੀ ਪਿੰਡ ਮਾਨਾਵਾਲਾ ਜ਼ਿਲਾ ਸਿਆਲਕੋਟ ਵਿਚ ਪੈਦਾ ਹੋਏ। ਪਹਿਲਾਂ ਰਾਵਲ ਪਿੰਡੀ ਅਤੇ ਸੰਨ ਉਨੀ ਸੌ ਸੰਤਾਲੀ ਬਾਦ ਜਲੰਧਰ ਵਿਚ ਜੌੜੇ ਪੁਲ ਦੇ ਇਲਾਕੇ ਵਿਚ ਆਪਣੇ ਭਰਾਵਾਂ ਸ. ਕਪੂਰ ਸਿੰਘ, ਹਰਬੰਸ ਸਿੰਘ ਅਜੀਤ ਸਿੰਘ, ਨਾਲ ਸਥਾਪਤ ਹੋ ਗਏ। ਸਾਰੀ ਉਮਰ ਉਨ੍ਹਾਂ ਨੇ ਹਥੀਂ ਕਿਰਤ ਕਰਕੇ ਸੁਚੀ ਕਮਾਈ ਕੀਤੀ ਅਤੇ ਪਰਿਵਾਰ ਦੀ ਪਾਲਣਾ ਕੀਤੀ।

ਰਾਵਲ ਪਿੰਡੀ ਅਤੇ ਜਲੰਧਰ ਵਿਚ ਉਹਨਾਂ ਹੱਲੇ ਦੇ ਦੀਵਾਨ ਲਾ ਕੇ ਕੀਰਤਨ ਰਾਹੀਂ ਗੁਰੂ ਜੱਸ ਕੀਤਾ। ਆਪ ਨੇ ਨਾਮਧਾਰੀ ਪੰਥ ਦੇ ਪ੍ਰਸਿੱਧ ਮਹਾਂ ਪੁਰਖ ਸ੍ਰੀਮਾਨ ਸੰਤ ਜਗਤ ਸਿੰਘ ਖੰਡੂਵਾਲਿਆਂ ਕੋਲ ਰਹਿ ਕੇ ਧਾਰਮਕ ਵਿਦਿਆ ਪ੍ਰਾਪਤ ਕੀਤੀ। ਇਸ ਤਰ੍ਹਾਂ ਉਹ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਦੇ ਸਹਿਪਾਠੀ ਰਹੇ। ਉਹਨਾਂ ਦੀ ਜ਼ਬਾਨ ਵਿਚ ਸਪਸ਼ਟਤਾ ਸੀ ਅਤੇ ਮਨ ਵਿਚ ਧਾਰਮਕ ਗਰੰਥਾਂ ਦਾ ਅਧਿਐਨ ਸੀ। ਜਲੰਧਰ ਵਿਚ ਜਥੇਦਾਰ ਅਵਤਾਰ ਸਿੰਘ, ਜਥੇਦਾਰ ਨੱਥਾ ਸਿੰਘ ਅਤੇ ਜਥੇਦਾਰ ਹਜ਼ਾਰਾ ਸਿੰਘ ਹੋਰਾਂ ਦਾ ਤਗੜਾ ਕੀਰਤਨੀ ਜੱਥਾ ਰਿਹਾ ਹੈ ਜੋ ਹਰ ਹਫਤੇ ਵੱਖ-ਵੱਖ ਥਾਵਾਂ ਤੇ ਹੱਲੇ ਦੇ ਦੀਵਾਨ ਸਜਾਉਂਦੇ ਰਹੇ ਇਸ ਦੇ ਨਾਲ ਸੰਤ ਸੁਦਾਗਰ ਸਿੰਘ ਨਿਰੰਤਰ ਆਸਾ ਦੀ ਵਾਰ ਦਾ ਕੀਰਤਨ ਕਰਦੇ ਰਹੇ। ਜਥੇਦਾਰ ਅਵਤਾਰ ਸਿੰਘ ਜੀ ਦੀ ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਤੇ ਅਪਾਰ ਸ਼ਰਧਾ ਰਹੀ ਹੈ ਅਤੇ ਸਾਰੀ ਉਮਰ ਉਹਨਾਂ ਨੇ ਗੁਰੂ ਚਰਨਾਂ ਨਾਲ ਸੱਚੀ ਸੁੱਚੀ ਪ੍ਰੀਤ ਨਿਬਾਹੀ ਹੈ। ਆਪ ਜੀ ਪੰਜ ਸੁਪਤਰੀਆਂ ਦੇ ਬਾਪ ਸਨ। ਇਸ ਤਰ੍ਹਾਂ ਵੱਡਾ ਪਰਿਵਾਰ ਹੋਣ ਦੇ ਬਾਵਜੂਦ ਉਹਨਾਂ ਨੇ ਬਹੁਤ ਮਿਹਨਤ ਨਾਲ ਪਰਿਵਾਰ ਦੀ ਪਾਲਣਾ ਕੀਤੀ ਅਤੇ ਥਾਓਂ ਥਾਈਂ ਵਿਆਹ ਸੰਜੋਗ ਕੀਤੇ ਅਤੇ ਨਾਲ ਹੀ ਕੀਰਤਨ ਦਾ ਅਭਿਆਸ ਜਾਰੀ ਰਖਿਆ। ਆਪਣੇ ਅੰਤਲੇ ਦਿਨਾਂ ਤਕ ਜਦੋਂ ਉਹਨਾਂ ਦਾ ਆਸਣ ਮੰਜਾ ਹੀ ਹੋ ਗਿਆ


Namdhari Elibrary NamdhariElibrary@gmail.com

ਅਤੇ ਆਵਾਜ਼ ਵਿਚ ਵੀ ਫਰਕ ਪੈ ਗਿਆ ਉਹ ਗੁਰੂ ਸਾਖੀਆਂ ਕਰਦੇ, ਧਾਰਮਿਕ ਸਾਹਿਤ, ਸਤਿਜੁਗ ਅਤੇ ਵਰਿਆਮ ਪੜਦੇ ਰਹੇ ਅਤੇ ਅਖਬਾਰ ਵੀ ਪੜਦੇ ਰਹੇ। ਉਹਨਾਂ ਦੇ ਘਰੋਂ ਮਾਤਾ ਸੁਖਵੰਤ ਕੌਰ ਅਤੇ ਸਪੁਤਰੀਆਂ ਨੇ ਬਹੁਤ ਸੇਵਾ ਕੀਤੀ।

ਜਥੇਦਾਰ ਜੀ ਦੇ ਸਰੀਰ ਦੀ ਅੰਤਿਮ ਯਾਤਰਾ ਇਕ ਭਾਰੀ ਜਲੂਸ ਦੀ ਸ਼ਕਲ ਲੈ ਗਈ। ਜਲੰਧਰ ਅਤੇ ਆਲੇ ਦੁਆਲੇ ਦੀ ਸਮੁਚੀ ਸੰਗਤ ਕੀਰਤਣ ਕਰਦੀ ਸ਼ਮਸ਼ਾਨ ਘਾਟ ਵਲ ਗਈ ਅਤੇ ਸ਼ਮਸ਼ਾਨ ਘਾਟ ਤੇ ਵੀ ਕੀਰਤਨ ਹੁੰਦਾ ਰਿਹਾ। ਬਾਦ ਵਿਚ ਘਰ ਵਿਚ ਨਾਮ ਸਿਮਰਨ ਅਤੇ ਕਥਾ ਕੀਰਤਨ ਰੋਜ਼ਾਨਾ ਉਹਨਾਂ ਦੇ ਘਰ ਵਿਚ ਹੁੰਦਾ ਰਿਹਾ।

ਸ਼ਰਧਾਂਜਲੀ ਮੇਲੇ ਸਮੇਂ ਕੀਰਤਨ-ਸ਼ਰਧਾਂਜਲੀਆਂ ਬਾਦ ਪੰਜ ਪਾਠਾਂ ਦੇ ਭੋਗ ਪਾਏ ਗਏ ਅਤੇ ਅੰਤ ਉਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਜਥੇਦਾਰ ਜੀ ਦੇ ਦਾਮਾਦ ਸ. ਦਲਬੀਰ ਸਿੰਘ, ਹਰਭਜਨ ਸਿੰਘ, ਗੁਰਨਾਮ ਸਿੰਘ ਅਤੇ ਸੁਰਜੀਤ ਸਿੰਘ (ਪ੍ਰਧਾਨ ਨਾਮਧਾਰੀ ਸੰਗਤ ਜਲੰਧਰ) ਅਤੇ ਭਤੀਜਿਆਂ ਨਿਰਮਲ ਸਿੰਘ, ਦਰਸ਼ਨ ਸਿੰਘ, ਸੁਖਵਿੰਦਰ ਸਿੰਘ ਰਾਜਿੰਦਰ ਸਿੰਘ ਅਤੇ ਸ. ਤਰਲੋਚਣ ਸਿੰਘ ਸਮੇਤ ਸਾਰੇ ਸਹਿਯੋਗੀਆਂ ਨੇ ਮੇਲੇ ਵਿਚ ਸੰਗਤ ਦੀ ਵਧ ਚੜ੍ਹ ਕੇ ਆਓ ਭਗਤ ਕੀਤੀ।

## ਬੀਬੀ ਹਰਬੰਸ ਕੌਰ ਨਮਿਤ ਸਮਾਗਮ

ਸੰਤ ਜੀਤ ਸਿੰਘ ਜੀ ਬਸਤੀ ਬੂਰੇ ਖਾਂ ਜਲੰਧਰ ਦੇ ਘਰੋਂ ਬੀਬੀ ਹਰਬੰਸ ਕੌਰ ਮਿਤੀ ੫-੧੧-੨੦੦੫ ਨੂੰ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਉਹਨਾਂ ਦੀ ਜੀਵ ਆਤਮਾਂ ਨਮਿਤ ਮਿਤੀ ੧੪ ਨਵੰਬਰ, ੨੦੦੫ ਸੋਮਵਾਰ ਨੂੰ ਨਾਮਧਾਰੀ ਗੁਰਦੁਆਰਾ ਬਸਤੀ ਬੂਰੇ ਖਾਂ ਜਲੰਧਰ ਵਿਚ ਸਮਾਗਮ ਹੋਇਆ। ਸੰਤ ਬਲਬੀਰ ਸਿੰਘ ਜੀ ਸੰਤੋਖ ਸਿੰਘ, ਮਨਰਾਜ ਸਿੰਘ ਦੇ ਜੱਥੇ ਨੇ ਕੀਰਤਨ ਕੀਤਾ। ਉਪਰੰਤ ਪਾਠ ਦਾ ਭੋਗ ਪਾਇਆ ਗਿਆ। ਸ. ਜਗਦੀਸ਼ ਸਿੰਘ ਵਰਿਆਮ ਨੇ ਇਸ ਮੌਕੇ ਦਸਿਆ ਕਿ ਸ. ਜੀਤ ਸਿੰਘ ਹੋਰਾਂ ਅਮਲੀ ਰੂਪ ਵਿਚ ਗੁਰਮਤ ਅਤੇ ਭਗਤੀ ਮਾਰਗ ਨੂੰ ਅਪਨਾਇਆ ਹੈ। ਉਹਨਾਂ ਦਸਾਂ ਨੌਹਾਂ ਰਾਹੀਂ ਸਚੀ ਸੁਚੀ ਕਿਰਤ ਵੀ ਕੀਤੀ ਹੈ ਅਤੇ ਸਾਰੀ ਉਮਰ ਕੀਰਤਨ ਵੀ ਕੀਤਾ। ਜਥੇਦਾਰ ਹਜ਼ਾਰਾ ਸਿੰਘ, ਜਥੇਦਾਰ ਨੱਥਾ ਸਿੰਘ ਨਾਲ ਉਹ ਜਥੇ ਵਿਚ ਸ਼ਾਮਲ ਹੋਕੇ ਸਰਗਰਮੀ ਨਾਲ ਕੀਰਤਨ ਕਰਦੇ ਅਤੇ ਸਾਜ਼ ਵਜਾਉਂਦੇ ਰਹੇ ਹਨ। ਸ. ਦੀਪ ਸਿੰਘ ਸਕੱਤਰ ਹੋਰਾਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਲੰਗਰ ਗੁਰੂ ਕਾ ਅਤੁੱਟ ਵਰਤਿਆ।

## ਮੇਲਾ ਗਦਰੀ ਬਾਬਿਆਂ ਦਾ

'ਮੇਲਾ ਗਦਰੀ ਬਾਬਿਆਂ ਦਾ' ਹਰ ਸਾਲ ਦੇਸ਼ ਭਗਤ ਯਾਦਗਾਰ ਜਲੰਧਰ ਦੇ ਖੁਲ੍ਹੇ ਵੇਹੜੇ ਵਿਚ ਮਨਾਇਆ ਜਾਂਦਾ ਹੈ। ਇਸ ਵਾਰ ਪੰਜ ਦਿਨ ਚਲੇ ਪ੍ਰੋਗਰਾਮ ਵਿਚ ਭਾਸ਼ਨ ਮੁਕਾਬਲੇ, ਸੰਗੀਤ ਮੁਕਾਬਲੇ, ਪੇਂਟਿੰਗ ਮੁਕਾਬਲੇ ਅਤੇ ਕਵਿਜ਼ ਆਦਿ ਦੇ ਪ੍ਰੋਗਰਾਮ ਚਲੇ। ਅੰਤਲੇ ਦਿਨ ੩੦ ਅਕਤੂਬਰ ੨੦੦੫ ਨੂੰ ਝੰਡੇ ਦੀ ਰਸਮ ਬਹੁਤ ਆਕਰਸ਼ਤ ਰਹੀ। ਖੁਲੇ ਪੰਡਾਲ ਵਿਚ ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਅਤੇ ਜਨਰਲ ਸਕੱਤਰ ਕਾਮਰੇਡ ਗੰਧਰਵ ਸੈਨ ਹੋਰਾਂ ਨੇ ਦਿਲ ਹਿਲਾਊ ਉਦਘਾਟਨੀ ਭਾਸ਼ਣ ਦਿੱਤੇ।

ਸੰਗੀਤ ਪ੍ਰੋਗਰਾਮ ਦਾ ਆਰੰਭ ਸਦਾ ਵਾਂਗ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਭੇਜੇ ਨਾਮਧਾਰੀ ਕਲਾਕਾਰਾਂ ਨੇ ਕੀਤਾ। ਸ. ਦਵਿੰਦਰ ਸਿੰਘ ਨੇ ਤਾਰ ਸ਼ਹਿਨਾਈ ਸਾਜ਼ ਤੇ ਮਧੁਰ ਧੁਨਾਂ ਵਜਾਈਆਂ। ਪਹਿਲਾਂ ਰਾਗ ਅਹੀਰ ਭੈਰਵ ਤੋਂ ਬਾਦ ਉਹਨਾਂ ਇਨਕਲਾਬੀ ਗੀਤ 'ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ' ਉਤੇ ਆਧਾਰਤ ਧੁਨ ਵਜਾਈ ਤਾਂ ਸਾਰਾ ਸਰੋਤਾ ਮੰਡਲ ਝੂਮ ਉਠਿਆ ਅਤੇ ਕਲਾਕਾਰਾਂ ਨੂੰ ਭਰਪੂਰ ਦਾਦ ਮਿਲੀ। ਤਬਲੇ ਤੇ ਸੰਗਤ ਨੌਜਵਾਨ ਕਲਾਕਾਰ ਗੁਰਿੰਦਰ ਸਿੰਘ ਮਣੀ ਨੇ ਬਹੁਤ ਯੋਗਤਾ ਨਾਲ ਕੀਤੀ। ਇਸ ਤੋਂ ਬਾਦ ਡਾ. ਨਿਵੇਦਤਾ ਸਿੰਘ ਨੇ ਵੀ ਰਾਗ ਅਧਾਰਿਤ ਗੀਤ ਅਤੇ ਗ਼ਜ਼ਲਾਂ ਪੇਸ਼ ਕੀਤੀਆਂ। ਸਾਰਾ ਦਿਨ ਅਤੇ ਰਾਤ ਗੀਤ ਸੰਗੀਤ ਅਤੇ ਨਾਟਕਾਂ ਦਾ ਲੜੀਵਾਰ ਪ੍ਰੋਗਰਾਮ ਚਲਦਾ ਰਿਹਾ। ਇਕ ਦਿਨ ਪਹਿਲਾਂ ਡਾ. ਵਰਿਆਮ ਸਿੰਘ ਸੰਧੂ ਦੇ ਸਟੇਜ ਪਰਬੰਧ ਵਿਚ ਇਕ ਬਹੁਤ ਯਾਦਗਾਰੀ ਕਵੀ ਦਰਬਾਰ ਵੀ ਹੋਇਆ।

## ਡਾ. ਗੁਰਲਾਲ ਸਿੰਘ ਨੂੰ ਸਦਮਾ

ਪੰਜਾਬੀ ਦੇ ਪ੍ਰਸਿਧ ਲੇਖਕ ਆਲੋਚਕ ਡਾ. ਗੁਰਲਾਲ ਸਿੰਘ ਜਲੰਧਰ ਦੇ ਦਾਮਾਦ ਡਾ. ਦਰਸ਼ਨ ਸਿੰਘ ੧੩ ਨਵੰਬਰ ਨੂੰ ਅਚਾਨਕ ਦਿਲ ਦੀ ਗਤੀ ਬੰਦ ਹੋਣ ਕਾਰਨ ਯਕਦਮ ਚੜ੍ਹਾਈ ਕਰ ਗਏ। ਡਾ. ਗੁਰਲਾਲ ਸਿੰਘ ਦੀ ਸਪੁਤਰੀ ਪ੍ਰੋ. ਅਮਰਜੀਤ ਕੌਰ ਪਹਿਲਾਂ ਤੋਂ ਹੀ ਬੀਮਾਰ ਹਨ। ਉਤੋਂ ਪਰਿਵਾਰ ਤੇ ਇਹ ਸੱਟ ਅਚਿੰਤੇ ਬਾਜ ਪਏ ਵਾਂਗ ਹੈ। ਪੰਜਾਬੀ ਸਾਹਿਤ ਜਗਤ ਦੀਆਂ ਪ੍ਰਸਿਧ ਹਸਤੀਆਂ, ਮਿਤਰ ਸਨੇਹੀ ਅਤੇ ਰਿਸ਼ਤੇਦਾਰ ਡਾ. ਗੁਰਲਾਲ ਸਿੰਘ ਜੀ ਦੇ ਇਸ ਅਸਹਿ ਅਕਹਿ ਸਦਮੇ ਸਮੇਂ ਉਹਨਾਂ ਨਾਲ ਅਫਸੋਸ ਪਰਗਟ ਕਰਨ ਵਾਸਤੇ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਵਾਸਤੇ ਪੁਜ ਰਹੇ ਹਨ। ਇਸ ਅਣਕਿਆਸੇ ਦੁੱਖ ਦੇ ਸਮੇਂ ਪਰਮਾਤਮਾ ਪਰਿਵਾਰ ਨੂੰ ਇਹ ਦੁਖ ਸਹਿਣ ਕਰਨ ਦੀ ਹਿੰਮਤ ਬਖਸ਼ੇ। ਇਹ ਹੀ ਅਰਦਾਸ ਹੈ।

—ਸੰਪਾਦਕ



Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

# GUNS

# MODERN GUN WORKS

**OPP. : INDUSTRIAL ESATE,**

**JAMMU CANTT.**



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਆਪ ਦੇ ਅਗਸਤ-ਸਤੰਬਰ ਅਤੇ ਅਕਤੂਬਰ ਦੇ ਵਰਿਆਮ ਦੇ ਅੰਕ ਪੜ੍ਹੇ। ਚਾਹੁੰਦਾ ਹੋਇਆ ਭੀ ਵਕਤ ਸਿਰ ਇਨ੍ਹਾਂ ਬਾਰੇ ਆਪਣੇ ਵਿਚਾਰ ਨਹੀਂ ਲਿਖ ਸਕਿਆ। ਅੱਜ ਲਿਖ ਰਿਹਾ ਹਾਂ। ਬੇਸ਼ਕ ਤਾਜ਼ਾ ਪੜ੍ਹਿਆਂ ਵੇਲੇ ਪੂਰੇ ਵਿਚਾਰ ਲਿਖਣ ਲਈ ਸੌਖ ਹੁੰਦੀ ਹੈ ਪਰ ਜਿਤਨਾ ਕੁ ਯਾਦ ਰਿਹਾ ਹੈ ਲਿਖ ਰਿਹਾ ਹਾਂ:-

ਪਹਿਲਾਂ ਅਗਸਤ ਮਹੀਨੇ ਦੇ 'ਵਰਿਆਮ' ਅੰਕ ਤੋਂ ਸ਼ੁਰੂ ਕਰਦਾ ਹਾਂ-'ਵਰਿਆਮ' ਇਕ ਮਾਸਕ ਪੱਤਰ ਤਾਂ ਹੈ ਹੀ, ਇਸ ਵਿਚ ਇਕ ਮਹੀਨੇ ਦੀਆਂ ਵਰਤਮਾਨ ਘਟੀਆਂ ਘਟਨਾਵਾਂ ਦਾ ਜ਼ਿਕਰ ਤਾਂ ਹੁੰਦਾ ਹੀ ਹੈ ਪਰ ਇਸ ਵਿਚ ਜੋ ਸਮੱਗਰੀ ਹੁੰਦੀ ਹੈ ਉਸ ਵਿਚ ਇਕ ਵਧੀਆ ਪੁਸਤਕ ਵਾਲੇ ਭੀ ਗੁਣ ਹੁੰਦੇ ਹਨ। ਇਸ ਲਈ ਤਿੰਨ ਮਹੀਨੇ ਬਾਅਦ ਭੀ ਲਿਖਣ ਲਈ ਕੋਈ ਮੁਸ਼ਕਿਲ ਜਾਂ ਲੇਟ ਵਾਲੀ ਕਮੀ ਨਹੀਂ ਮੈਂ ਮਹਿਸੂਸ ਕਰ ਰਿਹਾ। ਆਪ ਦਾ ਹਰ ਸੰਪਾਦਕੀ ਨੋਟ ਬਹੁਤ ਖੋਜ ਭਰਪੂਰ ਤਾਂ ਹੁੰਦਾ ਹੀ ਹੈ ਪਰ ਇਸ ਦੇ ਨਾਲ ਹਰ ਸੰਪਾਦਕੀ ਨੋਟ ਵਿਚ ਸੱਚੀ ਗੱਲ ਨੂੰ ਲਿਖਣ ਦੀ ਜੁਰੱਅਤ ਹੁੰਦੀ ਹੈ। ਭੂਤ ਅਤੇ ਵਰਤਮਾਨ ਕਾਲ ਦਾ ਚਿਤਰਣ ਬਹੁਤ ਸੁਚੇਤ ਹੋ ਕੇ ਕੀਤਾ ਹੁੰਦਾ ਹੈ, ਹਰ ਘਟਨਾ ਨੂੰ ਨੇੜੇ ਹੋ ਕੇ ਨਿਰਖ ਕੇ ਲਿਖਦੇ ਹੋ। ਸਭ ਤੋਂ ਵੱਧ ਆਪਣੇ ਅਕੀਦੇ ਨਾਲ ਸਦਾ ਹੀ ਜੁੜੇ ਰਹਿੰਦੇ ਹੋ। ਭਾਵ ਆਪ ਸਤਿਗੁਰੂ ਦੀ ਸਨੇਹ ਰੂਪੀ ਭਗਤੀ-ਦੀ ਹੋਂਦ ਨੂੰ ਹਰ ਸਮੇਂ ਮਹਿਸੂਸ ਕਰਦੇ ਹੋ ਅਤੇ ਕਰਾਉਂਦੇ ਹੋ। ਜਿਸ ਸਤਿਗੁਰੂ ਬਾਰੇ ਲਿਖਿਆ ਕਿ ਸਤਿਗੁਰੂ ਜੀ ਜੋ ਕਹਿੰਦੇ ਹਨ ਪ੍ਰਮਾਤਮਾ ਉਸੇ ਤਰ੍ਹਾਂ ਕਰਦਾ ਹੈ ਅਤੇ ਸਤਿਗੁਰੂ ਜੀ ਦੀ ਕਹੀ ਗੱਲ ਪ੍ਰਮਾਤਮਾ ਤੁਰੰਤ ਪੂਰੀ ਕਰਦਾ ਹੈ।

ਅਗਸਤ ਦੇ ਸੰਪਾਦਕੀ ਵਿਚ ਤੁਸੀਂ ਆਜ਼ਾਦੀ ਦਿਵਸ ਦਾ ਜੋ ਚਿਤਰਣ ਕੀਤਾ ਹੈ ਦਿਲ ਨੂੰ ਟੁੰਬਦਾ ਹੈ, ਅਸਲੀਅਤ ਨੂੰ ਨਿਖਾਰਦਾ ਹੈ, ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਯਾਦ ਦਿਲਾਉਂਦਾ ਹੈ, ਉਸ ਸਮੇਂ ਦੇ ਲੋਕਾਂ-ਟਾਊਟਾਂ-ਗਦਾਰਾਂ ਨੂੰ ਭੀ ਨੰਗਿਆ ਕਰਦਾ ਹੈ।

ਭਾਈ ਧਿਆਨ ਸਿੰਘ ਕਾਦਰਾਬਾਦੀ ਬਾਰੇ ਸ: ਸਵਰਨ ਸਿੰਘ ਵਿਰਕ ਦਾ ਲੇਖ ਬਹੁਤ ਹੀ ਰੰਗ ਵਿਚ ਭਿੱਜ ਕੇ ਪੁਰਾਤਨ ਅਤੇ ਵਰਤਮਾਨ ਇਤਿਹਾਸ ਨਾਲ ਜੁੜ ਕੇ ਲਿਖਿਆ ਹੋਇਆ ਹੈ ਅਤੇ ਢੇਰ ਸਾਰੀ ਸਮੱਗਰੀ ਇਹ ਲੁਕੋਈ ਬੈਠਾ ਹੈ ਅਤੇ ਸ਼ਰਧਾ-ਸਿਦਕ ਦੇ ਫੁੱਲ ਖਿੜਾਉਣ ਵਾਲਾ ਖੁਸ਼ਬੂਦਾਰ ਗੁਲਦਸਤਾ ਬਣਿਆ ਪਿਆ ਹੈ।

'ਯਾਦ ਬਾਕੀ ਹੈ'- ਵਿਚ 'ਸ੍ਰੀ ਤਰਲੋਕ ਮਨਸੂਰ' ਨਾਲ ਸ਼ਹੀਦ ਭਗਤ ਸਿੰਘ ਦੇ ਭਰਾ ਦੀ ਇਕ ਮੁਲਾਕਾਤ ਬਹੁਤ ਹੀ ਗੁਝੇ ਤੱਥ ਸਾਹਮਣੇ ਲਿਆਉਂਦੀ ਹੈ ਅਤੇ ਸ਼ਹੀਦ ਦੇ ਪਰਿਵਾਰ ਦੇ ਕਿਰਦਾਰ ਨੂੰ ਨਿਖੇਰਦੀ ਹੈ। ਸਾਦਗੀ ਅਤੇ ਸੰਤੁਸ਼ਟ ਜ਼ਿੰਦਗੀ ਦਾ ਜ਼ਿਕਰ ਹੈ। ਇਸ ਮੁਲਾਕਾਤ ਨੇ ਸ਼ਹੀਦ ਪਰਿਵਾਰ ਦੇ ਅਨੇਕ ਮੈਂਬਰਾਂ ਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਨਾਲ ਸਹਿ ਭੇਟ ਦੀ ਯਾਦ ਦਿਲਾ ਦਿੱਤੀ ਜੋ ਯੂ. ਪੀ. ਵਿਚ ਅਤੇ ਸ੍ਰੀ ਭੈਣੀ ਸਾਹਿਬ ਕਈ ਵਾਰ ਹੋਈ। ਸਤਿਗੁਰੂ ਜੀ ਉਨ੍ਹਾਂ ਨੂੰ ਨਿਵਾਜਦੇ ਰਹੇ ਹਨ, ਨਿਵਾਜਦੇ ਹਨ, ਸੰਭਵ ਸਾਥ ਭੀ ਦਿੰਦੇ ਹਨ ਅਤੇ ਸ਼ਹੀਦ ਪਰਿਵਾਰ ਭੀ ਅਕਸਰ ਸਤਿਗੁਰੂ ਜੀ ਦੇ ਚਰਨ ਪਰਸਦਾ ਰਹਿੰਦਾ ਹੈ।

ਮਲੇਰਕੋਟਲਾ ਦੀ ਉਨ੍ਹਾਂ ਸ਼ਹੀਦਾਂ ਦੀ ਲਿਸਟ ਬਾਰੇ, ਜੋ ਗਊ-ਗਰੀਬ ਅਤੇ ਦੇਸ਼ ਨੂੰ ਗੁਲਾਮੀ ਅਤੇ ਦੁਸ਼ਟਾਂ ਤੋਂ ਮੁਕਤ ਕਰਾਉਣ ਲਈ ਜਾਨਾਂ ਦੇ ਗਏ ਹਨ, ਜ਼ਿਕਰ ਹੈ। ਇਹ ਪ੍ਰੋ. ਮਾਲਵਿੰਦਰ ਜੀਤ ਸਿੰਘ ਵੜੈਚ ਜੀ ਦਾ ਸ਼ਲਾਘਾਯੋਗ ਕਦਮ ਹੈ ਕਿਉਂਕਿ ਸ਼ਹੀਦਾਂ ਨੂੰ ਆਪਣਾ ਨਾਮ ਚਮਕਾਉਣ ਅਤੇ ਮਨਾਉਣ ਨਾਲ ਕੋਈ ਵਾਸਤਾ ਨਹੀਂ ਹੁੰਦਾ। ਧਰਮੀ ਆਦਮੀ ਤਾਂ ਸਦਾ ਆਪਣੀ ਭਲਾਈ ਛੁਪਾਉਂਦੇ ਹਨ। ਸਿਆਸੀ 'ਚਾਪਲੂਸ' ਦੁਨੀਆਦਾਰ ਆਪਣੀ ਭਲਾਈ ਚਮਕਾਉਂਦੇ ਹਨ। ਆਪਣੀ ਬੁਰਾਈ ਛੁਪਾਉਂਦੇ ਹਨ ਅਤੇ ਆਪਣੀ ਬੁਰਾਈ ਨੂੰ ਅੱਛਾਈ ਵਿਚ ਨਸ਼ਰ ਕਰਦੇ ਹਨ ਅਤੇ ਹੋਰਨਾਂ ਦੀ ਅੱਛਾਈ ਨੂੰ ਬੁਰਾਈ ਵਿਚ ਪ੍ਰਗਟ ਕਰਦੇ ਹਨ। ਧਰਮੀ ਆਦਮੀ ਇਸ ਤਰ੍ਹਾਂ ਨਹੀਂ ਕਰਦੇ ਜੋ ਧਰਮ ਬਾਰੇ, ਸਤਿਗੁਰਾਂ ਦੇ ਹੁਕਮਾਂ 'ਤੇ ਹੱਸ-ਹੱਸ ਜਾਨ ਨਿਛਾਵਰ ਕਰਦਾ ਹੈ ਉਸ ਨੂੰ ਕਿਸੇ ਚੀਜ਼ ਦੀ ਲਾਲਸਾ ਹੁੰਦੀ ਹੈ ਨਾ ਝੋਰਾ। ਉਹ ਸਾਰੀਆਂ ਦੇਹਾਂ (ਸਰੀਰ) ਅਮਰ ਹੋ ਜਾਂਦੇ ਹਨ ਉਨ੍ਹਾਂ ਦੇ ਨਾਂਅ ਭੀ ਅਮਰ ਹੋ ਜਾਂਦੇ ਹਨ। ਉਨ੍ਹਾਂ ਦੇ ਨਾਮ ਲਿਆਂ ਹੀ ਆਦਮੀ ਦਾ ਭਲਾ ਹੋ ਜਾਂਦਾ ਹੈ। ਇਸ ਲਈ ਗੁਰੂ ਪੀਰਾਂ ਦਾ, ਸ਼ਹੀਦਾਂ-ਮੁਰੀਦਾਂ ਦਾ ਨਾਂਅ ਲੈਣ ਨਾਲ ਸਾਡਾ ਸਭ ਦਾ ਭਲਾ ਹੈ, ਇਸ ਨਾਲ ਸ਼ੁਭ ਗੁਣ ਸਾਡੇ ਅੰਦਰ ਆਉਂਦੇ ਹਨ-ਸੁੱਤੇ ਭਾਗ ਜਾਗਦੇ ਹਨ। ਅੱਛਾਈ ਸਾਡੇ ਅੰਦਰ ਪ੍ਰਵੇਸ਼ ਕਰਦੀ ਹੈ। ਇਹੋ ਜਿਹੀ ਅਮਰ ਆਤਮਾ ਦਾ ਨਾਮ ਲਵਾਂਗੇ ਉਹ ਸਾਨੂੰ ਭੀ ਅਮਰ ਕਰਨ ਵੱਲ ਲੈ ਜਾਵੇਗੀ। ਸ. ਨਾਹਰ ਸਿੰਘ ਜੀ ਐਮ. ਏ. ਦੀ ਸ੍ਰੀ ਸਤਿਗੁਰੂ



Namdhari Elibrary NamdhariElibrary@gmail.com

ਜਗਜੀਤ ਸਿੰਘ ਜੀ ਨਾਲ ਬਹੁਤ ਵਾਰੀ ਮਿਲਣੀ ਹੋਈ, ਹੁਕਮ ਮੁਤਾਬਕ ਇਕੱਲਿਆਂ ਭੀ ਮੈਂ ਉਨ੍ਹਾਂ ਨੂੰ ਮਿਲਿਆ। ਉਹ ਸਤਿਗੁਰੂ ਰਾਮ ਸਿੰਘ ਜੀ ਦੀ, ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਉਨ੍ਹਾਂ ਦੇ ਤਿਆਗੀ, ਵੈਰਾਗੀ, ਸੂਰਬੀਰ ਸ਼ਹੀਦ ਯੋਧਿਆਂ ਦੀ ਗਾਥਾ ਕਰਦੇ ਕਰਦੇ ਰੰਗ ਵਿਚ ਆ ਜਾਂਦੇ ਸਨ ਅਤੇ ਘੰਟਿਆਂ ਬੱਧੀ ਗਾਥਾ ਕਰਦੇ ਰਹਿੰਦੇ ਸਨ। ਉਨ੍ਹਾਂ ਅਤੇ ਬਾਬਾ ਵਿਰਸਾ ਸਿੰਘ ਜੀ ਦਿੱਲੀ ਵਾਲਿਆਂ ਇਸ ਮਿਸ਼ਨ ਵੱਲ ਬਹੁਤ ਧਿਆਨ ਦਿੱਤਾ ਹੈ। ਪ੍ਰੋ. ਮਾਲਵਿੰਦਰ ਜੀਤ ਸਿੰਘ ਜੀ ਉਨ੍ਹਾਂ ਦੇ ਇਸ ਵਿਸ਼ੇ ਵਿਚ ਸਹਿਯੋਗੀ ਰਹੇ ਹਨ। ਇਨ੍ਹਾਂ ਅੰਦਰ ਭੀ ਸਤਿਗੁਰੂ ਰਾਮ ਸਿੰਘ ਉਨ੍ਹਾਂ ਦੇ ਪਿਆਰੇ ਸ਼ਹੀਦ ਸਿੱਖਾਂ ਪ੍ਰਤੀ ਬਹੁਤ ਸ਼ਰਧਾ ਭਾਵਨਾ ਹੈ, ਲਗਨ ਹੈ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਭੀ ਬਹੁਤ ਸਨੇਹੀ ਹਨ। ਅਸੀਂ ਸਾਰੇ ਨਾਮਧਾਰੀ ਇਨ੍ਹਾਂ ਸੱਜਣਾਂ ਦੇ ਅਭਾਰੀ ਹਾਂ।

ਸਰਕਾਰੀ ਰਿਕਾਰਡ ਦੀ ਲਿਸਟ ਤਾਂ ਸ਼ਾਇਦ ਇਹ ਪਹਿਲੀ ਵਾਰ ਹੋਵੇ, ਪਰ ਸੰਤ ਨਿਧਾਨ ਸਿੰਘ ਜੀ ਆਲਮ ਜੀ ਨੇ 'ਯੁਗ ਪਲਟਾਊ ਸਤਿਗੁਰੂ 'ਪੁਸਤਕ ਵਿਚ ਭੀ ਲਿਸਟ ਦਿੱਤੀ ਹੋਈ ਹੈ। ਸੰਤ ਸੰਤੋਖ ਸਿੰਘ ਜੀ, ਬਾਹੋਵਾਲ ਦੇ ਗ੍ਰੰਥ ਸਤਿਗੁਰੂ ਬਿਲਾਸ ਵਿਚ ਭੀ ਲਿਸਟ ਛਪੀ ਹੈ, ਇਕ ਅਣਗੌਲਿਆਂ ਕਿਰਤੀ ਖੋਜੀ ਜਿਸ ਦਾ ਪਿਛੋਕੜ ਸਤਿਗੁਰੂ ਰਾਮ ਸਿੰਘ ਜੀ ਦੇ ਮਹਾਨ ਕਵੀਆਂ ਵਿਚੋਂ ਹੈ, ਉਸ ਦੇ ਅਤੇ ਵਹਿਮੀ ਜੀ ਲਿਖਣ ਮੁਤਾਬਕ ਅਤੇ ਮੈਨੂੰ ਮਿਲਣ ਮੁਤਾਬਕ ਉਸ ਨੇ ਭੀ ਆਪ ਖੋਜ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਮੁਤਾਬਕ ਸਬੰਧਤ ਸੱਜਣਾਂ ਨਾਲ ਪਹੁੰਚ ਕਰਕੇ ਸ਼ਹੀਦਾਂ ਦੇ ਨਾਵਾਂ ਦੀ ਸੂਚੀ ਪ੍ਰਕਾਸ਼ਿਤ ਕੀਤੀ ਹੈ ਜੋ ਅਸਲੀਅਤ ਦੇ ਨੇੜੇ ਹੈ, ਪਰ ਇਸ ਤੇ ਨਿਰਣਾ ਸਿਰਫ ਸਤਿਗੁਰੂ ਜਗਜੀਤ ਸਿੰਘ ਜੀ ਹੀ ਕਰ ਸਕਦੇ ਹਨ। ਸਰਕਾਰੀ ਸੂਚੀ ਦੀ ਸਹਾਇਤਾ ਤਾਂ ਲਈ ਜਾ ਸਕਦੀ ਹੈ ਪਰ ਇਸ ਨੂੰ ਆਧਾਰ ਬਣਾ ਲੈਣਾ ਉਕਾਈ ਹੀ ਹੋਵੇਗੀ। ਲੱਭੀ ਸੂਚੀ ਵਿਚ ਜ਼ਿਲ੍ਹਾ ਸਿਰਸਾ ਭੁਲੇਖੇ ਨਾਲ ਲਿਖਿਆ ਲਗਦਾ ਹੈ ਕਿਉਂਕਿ ਸਿਰਸਾ ਨੂੰ ਜ਼ਿਲ੍ਹਾ ਬਣਿਆ ਬਹੁਤ ਚਿਰ ਨਹੀਂ ਹੋਇਆ। ਕੋਈ ੨੦-੨੫ ਸਾਲ ਹੀ ਹੋਏ ਹਨ, ਪਹਿਲਾਂ ਜ਼ਿਲ੍ਹਾ ਹਿਸਾਰ ਸੀ। ਸੂਚੀ ਲੱਭਣੀ ਔਖੀ ਇਸ ਕਰਕੇ ਹੈ ਕਿ ਨਾਮਧਾਰੀ ਸ਼ਹੀਦ 'ਬਾਗੀ ਕੌਮ' ਅੰਗਰੇਜ਼ਾਂ ਵੱਲੋਂ ਗਰਦਾਨੀ ਗਈ ਸੀ। ਇਹ ਬਾਗੀ ਹੋਏ ਸਨ ਦੇਸ਼ ਨੂੰ ਆਜ਼ਾਦ ਕਰਾਉਣ ਲਈ, ਧਰਮ ਦੀ ਰੱਖਿਆ ਕਰਨ ਲਈ। ਬੇਸ਼ਕ ਅੰਗਰੇਜ਼ ਗੌਰਮਿੰਟ ਕੋਲ ਉਸ ਦੇ ਪਿਠੂਆਂ ਅਤੇ ਹੱਥ ਠੋਕਿਆਂ ਕੋਲ ਇਨ੍ਹਾਂ ਸਾਰੇ ਨਾਮਧਾਰੀਆਂ ਦੇ ਹੁਲੀਏ ਅਤੇ ਪਤੇ ਮੌਜੂਦ ਸਨ ਪਰ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰੇਰਣਾ ਅਜਿਹੀ ਅਸਰਦਾਇਕ ਅਤੇ ਫਲਦਾਇਕ ਸੀ ਕਿ ਅੰਗਰੇਜ਼ ਨੂੰ ਤਾਂ ਸਮਝ ਹੀ ਨਹੀਂ ਸੀ ਪਈ ਕਿ ਕੌਣ ਕੌਣ ਸਤਿਗੁਰੂ ਰਾਮ ਸਿੰਘ ਜੀ ਦੀ ਚਰਣ ਛੂਹ ਪ੍ਰਾਪਤ ਕਰ ਕੇ ਪ੍ਰੇਰਿਆ ਗਿਆ ਹੈ। ਉਹ ਕੌਣ ਅਤੇ ਕਿਥੇ ਹਨ ? ਅੰਗਰੇਜ਼ ਤਾਂ ਆਪਣੀ ਪਹੁੰਚ ਤਕ ਹੀ ਜਾਣ ਸਕਦੇ ਸਨ ਪਰ , ਸਤਿਗੁਰੂ ਰਾਮ ਸਿੰਘ ਜੀ ਦੀ ਇਹ ਪਲੈਨਿੰਗ ਬਹੁਤ ਗਹਿਰੀ ਅਤੇ ਬਹੁਤ ਗੁਪਤ ਸੀ ਜੋ ਇਸ ਸੂਚੀ ਲਈ ਨਾਮਧਾਰੀ ਜਗਤ ਅਤੇ ਇਨ੍ਹਾਂ ਦੇ ਵੱਡਵਿਆਂ ਤੋਂ ਹੀ ਸਹੀ ਤਾਂ ਨਹੀਂ ਪਰ ਬਹੁਤ ਜਾਣਕਾਰੀ ਮਿਲ ਸਕਦੀ ਹੈ, ਜਿਸ ਨੂੰ ਅਧਾਰ ਬਣਾ ਕੇ ਸਰਕਾਰੀ ਅਤੇ ਖੁਫੀਆ ਲਿਸਟ ਨੂੰ ਵਾਚ ਲੈਣਾ ਚਾਹੀਦਾ ਹੈ ਕਿਉਂਕਿ ੮੪ ਦੇ ਦੰਗੇ ਜੋ ਹੋਏ ਹਨ ਉਹ ਕਿਸ ਤਰ੍ਹਾਂ ਕਿਥੇ ਮਾਰੇ ਗਏ ਅਤੇ ਕਈ ਅਜੇ ਭੀ ਜਿਉਂਦੇ ਹਨ ਜੋ ਰਿਕਾਰਡ ਵਿਚ ਮਰੇ ਹੋਏ ਹਨ, ਕਿਵੇਂ ਮਰੇ-ਕਿਥੇ ਮਾਰੇ-ਕਈ ਜਿਹੜੇ ਮਾਰੇ ਉਨ੍ਹਾਂ ਦਾ ਪੁਲਿਸ ਰਿਕਾਰਡ ਵਿਚ ਕੋਈ ਨਾ ਥੇਹ ਨਹੀਂ, ਜਿਨ੍ਹਾਂ ਦੇ ਮਰੇ ਕਿਵੇਂ ਜਾਂ ਮਾਰੇ ਕਿਵੇਂ ਇਹ ਸਿਰਫ ਉਨ੍ਹਾਂ ਦੇ ਵਾਰਸਾਂ ਤੋਂ ਜਾਂ ਪਬਲਿਕ ਤੋਂ ਹੀ ਪਤਾ ਲਗ ਸਕਦਾ ਹੈ। ਇਸ ਬਾਰੇ ਸਭ ਜਾਣਦੇ ਹਨ। ਮੈਂ ਇਹ ਨਹੀਂ ਕਹਿ ਰਿਹਾ ਕਿ ਇਹ ਉਸ ਨਾਲ ਢੁਕਦੀ ਹੈ ਜਾਂ ਇਸ ਦਾ ਪੱਖ ਜਾਂ ਵਿਰੋਧ ਕਰ ਰਿਹਾ ਇਸ ਨੂੰ ਸਭ ਲੋਕ ਜਾਣਦੇ ਹਨ ਮੈਂ ਸਿਰਫ ਸਰਕਾਰੀ ਕਾਰਗੁਜ਼ਾਰੀ ਦੀ ਗੱਲ ਕਰਦਾ ਹਾਂ। ਇਹਦੇ ਵਿਚ ਕੋਈ ਬਹੁਤਾ ਫਰਕ ਨਹੀਂ ਹੁੰਦਾ ਪਰ ਮੈਂ ਵੜੈਚ ਸਾਹਿਬ ਦਾ ਦਿਲੋਂ ਧੰਨਵਾਦੀ ਹਾਂ। ਇਨ੍ਹਾਂ ਨਾਲ ਆਖਰੀ ਮੁਲਾਕਾਤ ਮੇਰੀ 'ਸੰਤ ਤਰਨ ਸਿੰਘ ਵਹਿਮੀ ਐਵਾਰਡ' ਸ. ਨਾਹਰ ਸਿੰਘ ਜੀ ਐਮ. ਏ. ਨੂੰ ਦੇਣ ਲਈ ਸ੍ਰੀ ਭੈਣੀ ਸਾਹਿਬ ਪ੍ਰੋਗਰਾਮ ਉਲੀਕਿਆ ਸੀ ਪਰ ਇਹ ਐਵਾਰਡ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਹਸਤ ਕੰਵਲਾਂ ਤੋਂ ਉਨ੍ਹਾਂ ਦੇ ਲੜਕੇ ਨੇ ਲੀਤਾ ਸੀ। ਵੜੈਚ ਸਾਹਿਬ ਉਸ ਸਮੇਂ ਬੋਲੇ ਸਨ। ਸ਼ਹੀਦੀ ਲਿਸਟ ਦਾ ਜ਼ਿਕਰ ਕੀਤਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਦੇ ਹੀ ਇਹ ਕੰਮ ਜ਼ੁੰਮੇ ਲਾਇਆ ਸੀ ਜੋ ਉਹ ਬਹੁਤ ਉਤਸ਼ਾਹ ਨਾਲ, ਲਗਨ ਨਾਲ, ਦਿਆਨਤਦਾਰੀ, ਇਮਾਨਦਾਰੀ, ਬਹੁਤ ਸੂਝ, ਸਾਹਸ ਅਤੇ ਮਿਹਨਤ ਸ਼ਰਧਾ ਨਾਲ ਕਰ ਰਹੇ ਹਨ, ਮੈਂ ਇਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਪ੍ਰੋਫੈਸਰ ਕਰਤਾਰ ਸਿੰਘ ਕਾਲੜਾ ਜੀ ਦੀਆਂ ਦੋ ਗ਼ਜ਼ਲਾਂ


Namdhari Elibrary NamdhariElibrary@gmail.com

ਬਹੁਤ ਖੂਬ ਹਨ। ਕਾਲੜਾ ਜੀ ਬਹੁਤ ਗੁਣੀ ਹਨ, ਨਿਰਮਾਣ ਭੀ ਬਹੁਤ ਹਨ। ਪ੍ਰੋ. ਕ੍ਰਿਪਾਲ ਸਿੰਘ 'ਕਸੇਲ' ਜੀ ਦੇ ਵਿਦਿਆਰਥੀ ਹਨ। ਉਨ੍ਹਾਂ ਵਾਲੇ ਕਾਫੀ ਸਦਗੁਣ ਇਨ੍ਹਾਂ ਵਿਚ ਹਨ। ਲੁਧਿਆਣੇ ਰਹਿੰਦੇ ਹਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰੇ ਹਨ। ਸਾਹਿਤਕਾਰ ਹਨ, ਕਵੀ ਅਤੇ ਲਿਖਾਰੀ ਅਤੇ ਬਹੁਤ ਵਧੀਆ ਬੁਲਾਰੇ ਹਨ ਇਨ੍ਹਾਂ ਤੋਂ ਕੁਝ ਸਿਖਿਆਰਥੀ ਨੂੰ ਸਿਖਿਆ ਪ੍ਰਾਪਤ ਕਰਨ ਦਾ ਲਾਹਾ ਲੈ ਲੈਣਾ ਚਾਹੀਦਾ ਹੈ। ਇਹੋ ਜਿਹੇ ਸੱਜਣਾਂ ਦਾ ਬਹੁਤ ਅਭਾਵ ਹੈ ਅਤੇ ਅਭਾਵ ਹੋ ਰਿਹਾ ਹੈ। 'ਸੋਨੇ ਦੇ ਸੰਦ', 'ਪੰਨਾ ਲਾਲ ਪਟੇਲ ਜੀ' ਦੇ ਲਿਖੇ ਨੂੰ ਪੰਜਾਬੀ ਵਿਚ ਖੁਰਸ਼ੀਦੀ ਜੀ ਨੇ ਅਨੁਵਾਦ ਕੀਤਾ। ਸਿੱਖਿਆ ਵਾਲੀ ਕਹਾਣੀ ਹੈ। ਇਕ ਸੰਤ ਅਤੇ ਇਕ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਮੋਚੀ ਦੀ ਕਹਾਣੀ ਹੈ। ਸਿਖਿਆਦਾਇਕ ਅਤੇ ਪ੍ਰੇਰਣਾਦਾਇਕ ਹੈ ਪਰ ਕਿਤਨਾ ਚੰਗਾ ਹੁੰਦਾ ਕਿ ਪਟੇਲ ਜੀ ਸੰਤ ਦੀ ਜਗ੍ਹਾ ਹੋਰ ਨਾਮ ਵਰਤ ਲੈਂਦੇ ਕਿਉਂਕਿ ਸੰਤ ਤਾਂ ਹੁੰਦਾ ਹੀ ਉਹ ਹੈ ਜੋ ਧਰਮ ਦੀ ਕਿਰਤ ਕਰਦਾ ਹੈ ਅਤੇ ਧਰਮ ਦੀ ਕਿਰਤ ਕਰਨ ਦਾ ਹੋਕਾ ਦਿੰਦਾ ਹੈ। ਇਹ ਦੋਵੇਂ ਚੀਜ਼ਾਂ ਇਕੱਠੀਆਂ ਹੋਣ ਤਾਂ ਸੰਤ ਬਣਦਾ ਹੈ। ਖੈਰ, ਪ੍ਰੇਰਨਾ ਸੋਹਣੀ ਹੈ ਅਧੂਰੇ ਸੰਤਾਂ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਹੈ।

ਸਤੰਬਰ ਦੇ ਅੰਕ ਦਾ ਸੰਪਾਦਕੀ ਨੋਟ 'ਜੋ ਸਲੀਬਾਂ ਤੇ ਟੰਗੇ ਨੇ'..... ਬਹੁਤ ਹੀ ਮਹੱਤਵਪੂਰਨ ਹੈ। ਭੂਤਕਾਲ ਨੂੰ ਸ਼ੁਰੂ ਕਰਕੇ ਕਿਵੇਂ ਵਰਤਮਾਨ ਕਾਲ ਤੱਕ ਲਿਆਂਦਾ ਗਿਆ, ਜੋ ਕਹਿਣਾ ਚਾਹਿਆ ਉਸ ਨੂੰ ਬਹੁਤ ਹੀ ਸੂਝ ਅਤੇ ਦਲੇਰੀ ਨਾਲ ਕਿਹਾ ਹੈ, ਸਹੀ ਤਸਵੀਰ ਸਾਹਮਣੇ ਲਿਆਂਦੀ ਹੈ, ਜਾਗਰਣ ਕੀਤਾ ਹੈ, ਬਹੁਤ ਪੱਖ ਛੋਹੇ ਹਨ। ਤਾਕਤ ਦੀ ਚਾਪਲੂਸੀ ਨਹੀਂ। ਦੁਖੀ ਅਤੇ ਸ਼ੈਤਾਨ ਦੋਵਾਂ ਦੀ ਤਸਵੀਰ ਵਿਖਾਈ ਹੈ। ਅਜਿਹਾ ਸਾਹਸੀ ਕੰਮ ਬਹੁਤ ਲਿਖਾਰੀ-ਪ੍ਰਚਾਰਕ ਛੱਡ ਕੇ ਝੋਲੀ ਚੁੱਕ ਬਣਨ ਨੂੰ ਪਹਿਲ ਦੇ ਰਹੇ ਹਨ। ਗੁਣੀ ਆਦਮੀ ਦੀ ਗੱਲ ਕੀਤੀ ਹੈ, ਉਹ ਭਾਵੇਂ ਕੋਈ ਭੀ ਹੋਵੇ।

'ਸ਼੍ਰੋਮਣੀ ਕਮੇਟੀ ਅਤੇ ਗੁਰਬਾਣੀ ਕੀਰਤਨ' ਇਹ ਜੋ ਜ਼ਿਕਰ ਹੈ ਬਹੁਤ ਸਿਖਿਆਦਾਇਕ ਹੈ, ਬਹੁਤ ਸੁਚੇਤ ਹੋਣ ਵਾਲਾ ਵਿਸ਼ਾ ਹੈ ਅਤੇ ਸਿੱਖਾਂ ਲਈ ਬਹੁਤ ਹੀ ਮਹੱਤਤਾ ਰਖਦਾ ਹੈ। ਸ: ਜਗਦੀਸ਼ ਸਿੰਘ ਜੀ ਕੀਰਤਨ ਬਾਰੇ ਸਮਝ ਭੀ ਰੱਖਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਜੋ ਮਹਾਨ ਕੀਰਤਨਕਾਰ ਤਾਂ ਹਨ ਹੀ, ਨਾਲ ਇਹ ਮਹਾਨ ਕੀਰਤਨਕਾਰ ਬਣਾਉਣ ਵਾਲੇ ਭੀ ਹਨ। ਇਨ੍ਹਾਂ ਅਨੇਕਾਂ ਕੀਰਤਨਕਾਰ ਬਣਾਏ ਹਨ। ਚੋਟੀ ਦੇ ਕੀਰਤਨਕਾਰਾਂ ਨੂੰ ਸੱਦ ਕੇ ਸਨਮਾਨ ਕਰਦੇ ਹਨ ਪਰਸਪਰ ਮਿਲਾਪ ਰੱਖਦੇ ਹਨ ਉਨ੍ਹਾਂ ਨਾਲ। ਇਹ ਸਾਰਾ ਕੁਝ ਜਗਦੀਸ਼ ਸਿੰਘ ਜੀ ਵੇਖਿਆ ਹੈ। ਅਨੰਦ ਮਾਣਿਆ ਹੈ। ਸੰਗੀਤ ਦੀ ਸੁਗੰਧ ਲੈਣ ਦੇ ਤੱਤ ਇਨ੍ਹਾਂ ਵਿਚ ਹਨ। ਯੋਗਤਾ ਰਖਦੇ ਹਨ ਤਾਂ ਹੀ ਇਨ੍ਹਾਂ ਇਸ ਬਾਰੇ ਠੋਸ ਗੱਲ ਕੀਤੀ ਹੈ, ਪਰ ਇਸ ਵਿਚ ਭੀ ਇਨ੍ਹਾਂ ਆਪਣੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਲ ਜ਼ਰੂਰ ਕੀਤੀ ਹੈ। ਬੇਸ਼ਕ ਇਹ ਅਸਲੀਅਤ ਭਰਪੂਰ ਹੈ ਪਰ ਚਾਪਲੂਸ-ਮੌਕਾ ਪ੍ਰਸਤ-ਸਿਆਸੀ ਲੋਕ ਤਾਂ ਇਹ ਗੱਲ ਸਮਝਦੇ ਹੋਏ ਭੀ ਕਰਨ ਤੋਂ ਝਿਜਕਦੇ ਹੀ ਨਹੀਂ ਸਗੋਂ ਬਿਪਰੀਤ ਗੱਲ ਕਰਕੇ ਇਹ ਪ੍ਰਗਟਾਵਾ ਕਰਦੇ ਹਨ ਕਿ ਸਾਡਾ ਅਜਿਹੇ ਕੰਮ ਅਤੇ ਲੋਕਾਂ ਨਾਲ ਕੋਈ ਸਰੋਕਾਰ ਨਹੀਂ। ਜਿਹੜੇ ਤੁਹਾਡੇ ਵਿਰੋਧ ਵਿਚ ਲਿਖਦੇ ਹਨ ਜਾਂ ਕਰਦੇ ਹਨ ਬੇਸ਼ਕ ਉਹ ਲਿਖਣ ਵਾਲੇ ਕਰਨ ਵਾਲੇ ਜਿਤਨੇ ਮਰਜ਼ੀ ਹਿਤੈਸ਼ੀ ਅਤੇ ਸਹੀ ਹੋਣ ਕਿਉਂਕਿ ਅਜਿਹੇ ਲੋਕਾਂ ਨੇ ਤਾਂ ਹਰ ਸਮੇਂ ਆਪਣੀ ਪ੍ਰਭਤਾਂ ਬਣਾਉਣੀ ਹੈ। ਨਿੱਜੀ ਮੁਫਾਦ ਵੇਖਣਾ ਹੈ-ਅਸਲੀਅਤ ਜਾਂ ਜਿਸ ਦਰੱਖਤ 'ਤੇ ਬੈਠੇ ਹਨ ਉਹ ਦਰਖਤ ਬੇਸ਼ਕ ਉਖੜ ਜਾਵੇ। ਇਹ ਉਸ ਆਦਮੀ ਨੂੰ ਭੁੱਲ ਹੀ ਜਾਂਦਾ ਹੈ ਕਿ ਜਿਸ ਦਰੱਖਤ ਦੇ ਟਾਹਣੇ 'ਤੇ ਮੈਂ ਬੈਠਾ ਹਾਂ ਜੇਕਰ ਉਹ ਦਰਖਤ ਹੀ ਉਖੜ ਗਿਆ ਤਾਂ ਮੈਂ ਕਿਥੇ ਬੈਠਣਾ ਹੈ। ਸਤਿਗੁਰੂ ਰਾਮ ਸਿੰਘ ਨੇ ਜੋ ਨਾਮਧਾਰੀ ਪੰਥ ਦਾ ਦਰੱਖਤ ਬਣਾਇਆ ਹੈ ਉਸ ਦੀ ਨੀਂਹ ਜੜ੍ਹ ਉਨ੍ਹਾਂ ਪਤਾਲ ਤੋਂ ਧਰੀ ਹੈ ਅਤੇ ਨਾਮ ਦੇ ਆਧਾਰ 'ਤੇ ਬਣਾਇਆ। ਇਸ ਦਰੱਖਤ ਨੂੰ ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਪਾਣੀ ਦੇਕੇ ਹਰਿਆਂ ਰੱਖਿਆ ਹੈ ਅਤੇ ਸਤਿਗੁਰੂ ਜਗਜੀਤ ਸਿੰਘ ਇਸ ਨੂੰ ਹਰਿਆਂ ਰੱਖਣ ਦਾ ਦਿਨ-ਰਾਤ ਯਤਨ ਕਰ ਰਹੇ ਹਨ। ਇਸ ਦਰੱਖਤ ਨੂੰ ਕੋਈ ਨਹੀਂ ਉਖੇੜ ਸਕਦਾ। ਉਸ ਪ੍ਰਤੀ ਦੂਰ ਭਾਵਨਾ, ਮਲੀਨ ਭਾਵਨਾ ਰੱਖਣ ਵਾਲਾ ਆਪ ਹੀ ਉਖੜ ਜਾਵੇਗਾ। ਤੁਹਾਡਾ ਇਹ ਸੰਪਾਦਕੀ ਨੋਟ ਪੜ੍ਹ ਕੇ ਬਹੁਤ ਅਨੰਦ ਆਇਆ। ਕੁਝ ਚਿਰ ਪਹਿਲਾਂ ਦੇ ਨਾਮਧਾਰੀ ਲਿਖਾਰੀ, ਪ੍ਰਚਾਰਕ ਅਜਿਹੀਆਂ ਸਾਹਸੀ ਅਤੇ ਸਹੀ ਗੱਲਾਂ ਕਰਦੇ ਸਨ, ਹੁਣ ਤੁਸੀਂ ਇਸ ਨੂੰ ਸਾਂਭਿਆ ਹੈ, ਹੋਰ ਭੀ ਕੁਝ ਲਿਖਾਰੀ ਅਜਿਹਾ ਕਰ ਰਹੇ ਹਨ।

ਸ. ਸੁਵਰਨ ਸਿੰਘ ਜੀ ਵਿਰਕ ਜਿਸ ਕੰਮ ਨੂੰ ਫੜਦੇ ਹਨ ਬਹੁਤ ਮਿਹਨਤ ਨਾਲ ਕਰਦੇ ਹਨ, ਸਮਾਂ ਅਤੇ ਧਿਆਨ


Namdhari Elibrary NamdhariElibrary@gmail.com

ਦਿੰਦੇ ਹਨ ਤਾਂ ਹੀ ਲਿਖਣ ਵੇਲੇ ਜਿਸ ਵਿਸ਼ੇ 'ਤੇ ਲਿਖਦੇ ਹਨ ਉਸ ਨੂੰ ਨਿਖਾਰ ਦਿੰਦੇ ਹਨ। 'ਖਿਲਰਿਆਂ ਪੱਤਰਿਆਂ' ਬਾਰੇ ਲਿਖਣ ਲੱਗਿਆਂ ਭੀ ਬਹੁਤ ਖੁੱਭ ਕੇ ਲਿਖਿਆ ਹੈ। ਹੋਰ ਕਿਸੇ ਕੋਲ ਕਿਸੇ ਦੇ ਕੀਤੇ ਦੀ ਸਿਫਤ ਕਰਨ ਲਈ ਸਮਾਂ ਕਿਥੇ, ਜ਼ਮੀਨ ਕਿਥੇ, ਮਨ ਕਿਥੇ, ਜੀਰਾਂਦ ਕਿਥੇ ?

ਮਾਸਟਰ ਅਮਰੀਕ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਦੇ ਆਸ਼ਕ ਹਨ। ਇਨ੍ਹਾਂ ਦੀ ਹਰ ਲਿਖਤ ਕਵਿਤਾ, ਭਾਵ ਕਿਸੇ ਭੀ ਰਚਨਾ ਨੂੰ ਪੜ੍ਹ ਕੇ ਪ੍ਰੇਮਾ ਭਗਤੀ ਡੁੱਲ, ਡੁੱਲ, ਪੈਂਦੀ ਹੈ। ਇਨ੍ਹਾਂ ਦੀ ਰਚਨਾ ਪੜ੍ਹ ਕੇ ਸੁਣ ਕੇ ਵਿਸਮਾਦ ਵਿਚ ਆ ਜਾਈਦਾ ਹੈ। ਕੋਈ ਰਚਨਾ ਬਨਾਵਟੀ ਨਹੀਂ ਕਰਦੇ, ਹਿਰਦਿਓਂ ਗੱਲ ਕਰਦੇ ਹਨ। ਹਿਰਦੇ ਦੀ ਕੀਤੀ ਗੱਲ ਹਰ ਹਿਰਦਾ ਪ੍ਰਵਾਨ ਕਰਦਾ ਹੈ, ਪਕੜਦਾ ਹੈ, ਅਸਰ ਕਬੂਲਦਾ ਹੈ ਅਤੇ ਸਤਿਗੁਰੂ ਪਿਆਰ ਵਿਚ ਗਦ-ਗਦ ਹੋ ਜਾਂਦਾ ਹੈ।

ਪ੍ਰੋਫੈਸਰ ਕਾਲੜਾ ਜੀ ਨੇ 'ਕਵਿਤਾ ਕੀ ਹੈ ?' ਬਾਰੇ ਜੋ ਲਿਖਿਆ ਹੈ ਬਹੁਤ ਹੀ ਵਿਦਵਤਾ ਭਰਪੂਰ ਹੈ। ਇਸ ਵਿਸ਼ੇ ਦੇ ਇਹ ਮਾਹਰ ਹਨ, ਕਵਿਤਾ ਰੁਚੀ ਰੱਖਣ ਵਾਲੇ ਅਤੇ ਇਹ ਰਸਤਾ ਅਪਨਾਉਣ ਵਾਲੇ ਸਿਖਿਆਰਥੀਆਂ ਨੂੰ ਇਸ ਗੁਣ ਦਾ 'ਕਾਲੜਾ ਜੀ' ਤੋਂ ਲਾਹਾ ਲੈਣਾ ਚਾਹੀਦਾ ਹੈ ਖਾਸ ਕਰਕੇ ਨਵੇਂ ਉਠ ਰਹੇ ਨਾਮਧਾਰੀਆਂ, ਕਵੀਆਂ, ਸਾਹਿਤਕਾਰਾਂ ਦੀ ਰੁਚੀ ਰੱਖਣ ਵਾਲੇ ਸਿਖਿਆਰਥੀਆਂ ਨੂੰ। ਬੇਸ਼ਕ ਇਸ ਪੱਖ ਦੇ ਭੰਡਾਰ ਭੀ ਨਾਮਧਾਰੀ ਜਗਤ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਫੁਲਵਾੜੀ ਵਿਚ ਭਰਪੂਰ ਹਨ ਅਤੇ ਪਹਿਲਾਂ ਭੀ ਸਨ ਪਰ ਜਦੋਂ ਉਤਮ ਚੀਜ਼ ਸਸਤੀ ਮਿਲ ਰਹੀ ਹੋਵੇ ਉਸ ਨੂੰ ਜ਼ਰੂਰ ਪ੍ਰਾਪਤ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ।

ਅਕਤੂਬਰ ਅੰਕ ਵਿਚ ਤੁਸੀਂ ਸੰਪਾਦਕੀ ਨੋਟ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਬਾਰੇ ਲਿਖਿਆ ਹੈ ਜੋ ਬਹੁਤ ਜ਼ਰੂਰੀ ਸੀ। ਜਿਸ ਬਾਰੇ ਹੋਰ ਬਹੁਤ ਲਿਖਣਾ ਅਤੇ ਪ੍ਰਚਾਰ ਬਾਕੀ ਹੈ ਜੋ ਅਤਿ ਜ਼ਰੂਰੀ ਹੈ। ਇਸੇ ਤਰ੍ਹਾਂ ਹੀ ਨਾਮਧਾਰੀ ਸੀਡਜ਼ ਬਾਰੇ, ਨਾਮਧਾਰੀ ਹਾਕੀ ਟੀਮ ਬਾਰੇ, ਸ. ਹਰਭਜਨ ਸਿੰਘ ਔਰੰਗਾਬਾਦ ਦੇ ਉਸ ਇਲਾਕੇ 'ਮਰਾਠਵਾੜ' ਵਿਚ ਉਥੋਂ ਦੇ ਸਥਾਨਕ ਲੋਕਾਂ ਵਿਚ ਗੁਰੂ ਰਾਮ ਸਿੰਘ, ਗੁਰੂ ਜਗਜੀਤ ਸਿੰਘ ਦੇ ਚਾਨਣ ਨੂੰ ਕਿਵੇਂ ਪ੍ਰਕਾਸ਼ਮਾਨ ਕਰ ਰਹੇ ਹਨ, ਦਾ ਜ਼ਿਕਰ ਤਸਵੀਰਾਂ ਸਹਿਤ ਜ਼ਰੂਰੀ ਹੈ ਅਤੇ ਅਜਿਹਾ ਹੀ ਉਦਮ ਜੇਕਰ ਕਰਨਾਟਕ ਅਤੇ ਹੋਰ ਸਟੇਟਾਂ ਵਿਚ ਭੀ ਹੋ ਜਾਏ ਤਾਂ ਬਹੁਤ ਲਾਹੇਵੰਦ ਹੋਵੇਗਾ। ਸ. ਹਰਭਜਨ ਸਿੰਘ ਨੇ ਬਹੁਤ ਸਹੁਜ ਭਰਿਆ ਇਹ ਉਦਮ ਜਾਰੀ ਕੀਤਾ ਹੈ।

'ਪੈਂਤੀ ਅੱਖਰੀ' ਵਾਲਾ ਗਿਆਨੀ ਕਾਹਲਾ ਸਿੰਘ 'ਨੰਗਲ', ਬਾਰੇ ਵਿਰਕ ਜੀ ਨੇ ਬਹੁਤ ਮਿਹਨਤ ਅਤੇ ਪਿਆਰ ਨਾਲ ਲਿਖਿਆ ਹੈ। ਹਰ ਵਧੀਆ ਪੁਸਤਕ ਬਾਰੇ ਅਗਰ ਅਜਿਹੇ ਤਰੀਕੇ ਨਾਲ ਚਰਚਾ ਹੋਵੇ ਤਾਂ ਹਰ ਪਾਠਕ ਉਸ ਪੁਸਤਕ ਪੜ੍ਹਨ ਵੱਲ ਜ਼ਰੂਰ ਹੀ ਰੁਚਿਤ ਹੋਵੇਗਾ। ਇਤਨੀ ਮਿਹਨਤ ਕਰਕੇ ਸਾਰੀ ਪੁਸਤਕ ਦਾ ਸਾਰਾ ਸਾਰ ਇਕ ਲੇਖ ਵਿਚ ਹੀ ਦੇ ਦੇਣਾ ਬਹੁਤ ਮਿਹਨਤ, ਲਗਨ ਅਤੇ ਸੂਝ ਦਾ ਲਖਾਇਕ ਹੈ, ਜੋ ਸ. ਸਵਰਨ ਸਿੰਘ ਵਿਰਕ ਦੇ ਹਿੱਸੇ ਆਇਆ ਹੋਇਆ ਹੈ। ਇਸ ਤਰ੍ਹਾਂ ਹੀ ਕਿਧਰੇ ਵਿਰਕ ਜੀ ਸ੍ਰੀ ਭੈਣੀ ਸਾਹਿਬ ਦੇ ਇਤਿਹਾਸਕ ਸਥਾਨਾਂ ਬਾਰੇ ਲਿਖਣ ਦੀ ਮਿਹਰਬਾਨੀ ਕਰਨ। ਕਿਧਰੇ ਨਵੀਨੀਕਰਨ ਵਿਚ ਹੀ ਅਸਲੀਅਤ ਤੱਥ ਨਵੀਨੀਕਰਨ ਹੇਠ ਨਾ ਆ ਜਾਵੇ; ਕਿਉਂਕਿ ਨਵੀਨੀਕਰਨ ਵਿਚ ਦੁਨੀਆਂ ਬਹੁਤ ਅੱਗੇ ਹੈ। ਪਰ ਸ੍ਰੀ ਭੈਣੀ ਸਾਹਿਬ ਦਾ ਜੋ ਇਤਿਹਾਸ ਜੋ ਪੁਰਾਤਨ, ਮਹਾਨ, ਦੁਰਲੱਭ ਅਤੇ ਅਸਲੀਅਤ ਭਰਪੂਰ ਜੋ ਖਜ਼ਾਨਾ ਹੈ ਉਹ ਹੋਰ ਕਿਧਰੇ ਨਹੀਂ, ਇਹ ਦੁਬਾਰਾ ਨਹੀਂ ਬਣਾਇਆ ਜਾ ਸਕਦਾ ਹੈ। ਇਸ ਸਾਦਗੀ ਭਰੇ ਖਜ਼ਾਨੇ, ਕੁਦਰਤੀ ਨਜ਼ਾਰਿਆਂ ਨੂੰ ਪਿਪਲਾਂ-ਬੋਹੜਾਂ ਦੇ ਸ਼ਾਂਤਮਈ ਮਹੌਲ ਨੂੰ ਸਿਰਜਨਾ ਚਾਹੇ ਇਹ ਸਿਰਜਿਆਂ ਸਿਰਜਿਆ ਨਹੀਂ ਜਾਂਦਾ। ਪੁਰਾਤਨ ਦਰਖਤ, ਪੁਰਾਤਨ ਮਹੌਲ ਅਗਰ ਖਤਮ ਕਰ ਦਿੱਤਾ ਤਾਂ ਮੋਰ ਕਿਥੋਂ ਬੋਲਣਗੇ। ਜਾਮਨਾਂ ਦੇ ਦਰਖਤ ਕਿਥੋਂ ਮਿਲਣਗੇ, ਛੱਪਰ-ਝੁੱਗੀਆਂ ਕਿਥੋਂ ਮਿਲਣਗੀਆਂ ? ਸਾਦਗੀ, ਸਵੱਛਤਾ, ਨਿਰਮਲਤਾ, ਨਿਰਮਾਣਤਾ ਕਿਥੋਂ ਲੱਭੇਗੀ ? ਮੈਨੂੰ ਯਾਦ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕੀਤਾ ਸੀ ਕਿ ਸਤਿਗੁਰੂ ਰਾਮ ਸਿੰਘ ਵਾਲਾ ਮੰਦਿਰ ਜਿਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਉਸਾਰਿਆ ਸੀ ਉਸੇ ਨਕਸ਼ੇ ਮੁਤਾਬਕ ਬਣਾਉਣਾ ਹੈ ਅਤੇ ਮੈਨੂੰ ਹੁਕਮ ਕੀਤਾ ਸੀ ਕਿ ਸ: ਨਿਰਮਲ ਸਿੰਘ ਨੂੰ ਨਾਲ ਲੈ ਕੇ, ਬਖਸ਼ੀ ਹਰਦੇਵ ਸਿੰਘ ਅਤੇ ਹੋਰ ਪੁਰਾਣੇ ਆਦਮੀਆਂ ਨੂੰ ਪੁੱਛ ਕੇ ਕਿ ਸਤਿਗੁਰੂ ਹਰੀ ਸਿੰਘ ਦਾ ਨਿਵਾਸ ਸਥਾਨ ਕਿਥੇ ਸੀ ? ਕਿਵੇਂ ਮੰਦਿਰ ਉੱਪਰ ਦੀ ਗਲੀ ਉਪਰ ਛੱਤੇ ਰਸਤੇ ਰਾਹੀਂ ਜਾਂਦੇ ਸਨ ਕਿਥੇ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਦੇ ਨਿਵਾਸ ਸਥਾਨ ਸਨ। ਉਸ ਤਰ੍ਹਾਂ ਦੇ ਨਕਸ਼ੇ ਬਣਾ ਕੇ ਤਿਆਰ ਕੀਤੇ ਜਾਣ ਮੈਂ ਸਰਦਾਰ ਨਿਰਮਲ ਸਿੰਘ ਜੀ ਨਾਲ ਲੈ ਕੇ ਉਨ੍ਹਾਂ ਸਥਾਨਾਂ 'ਤੇ ਗਿਆ ਭੀ ਸੀ। ਜਿਹੜਾ ਸਕੂਲ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਬਣਾਇਆ ਸੀ ਉਸ ਨੂੰ ਛੱਤ ਹੀਣਾ ਹੋਇਆਂ ਤਾਂ ਮੈਂ ਭੀ ਵੇਖਿਆ ਸੀ। ਕਿਤਨਾ ਜ਼ਰੂਰੀ ਸੀ ਇਸ ਦੀ ਸਾਂਭ ਸੰਭਾਲ। ਇਕ ਵਾਰ ਸੇਵਾ ਸਿੰਘ ਖਾਰੇ ਵਾਲੇ ਨੇ-


Namdhari Elibrary NamdhariElibrary@gmail.com

ਮਹਿੰਦਰ ਸਿੰਘ ਨੇ ਕੁਝ ਪੁਰਾਣੇ ਦਰਖਤ ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ ਵੇਲੇ ਦੇ ਜਾਮਣਾਂ ਦੇ, ਨਿੰਮਾਂ ਦੇ, ਬੋਹੜਾਂ ਦੇ ਵੱਢੇ ਸਨ ਅਤੇ ਮਾਤਾ ਜੀਵਨ ਕੌਰ ਵਾਲੇ ਮੰਦਿਰ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਹੱਥਾਂ ਦੇ ਬਣਾਏ ਪਿੱਲਰ ਢਾਹ ਦਿੱਤੇ ਸਨ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਦੋਵਾਂ ਨੂੰ ਸੰਗਲ ਲੁਆ ਦਿੱਤੇ ਸਨ ਅਤੇ ਉਹ ਸਾਰਾ ਮੈਟੀਰੀਅਲ ਇਕੱਠਾ ਕਰਵਾ ਕੇ ਫਿਰ ਉਸ ਤਰ੍ਹਾਂ ਪਿੱਲਰ ਬਣਵਾਏ ਸਨ। ਤਬੇਲੇ ਨੂੰ ਜਾਣ ਲਈ ਜੋ ਗੇਟ ਬਣੇ ਹੋਏ ਹਨ ਇਹ ਸਤਿਗੁਰੂ ਰਾਮ ਸਿੰਘ ਜਾਂ ਸਤਿਗੁਰੂ ਹਰੀ ਸਿੰਘ ਦੇ ਹੱਥਾਂ ਦੇ ਬਣੇ ਹੋਏ ਹਨ, ਇਸ ਤਰ੍ਹਾਂ ਉਨ੍ਹਾਂ ਆਪ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਵੱਡੇ ਲੰਗਰ ਵਿਚ ਲੰਗਰ ਵਾਲਾ ਥਾਂ, ਪਾਠ ਵਾਲੇ ਕਮਰੇ ਦਾ ਬੂਹਾ ਅਤੇ ਦਾਖਲਾ ਬਣਾਇਆ ਹੋਇਆ ਹੈ, ਕਿਸੇ ਨੇ ਬੂਹਾ ਅਤੇ ਦਾਖਲੇ ਦਾ ਰੁਖ ਬਦਲ ਦਿੱਤਾ ਸੀ ਸਤਿਗੁਰੂ ਰਾਮ ਸਿੰਘ ਜੀ ਨੇ ਫਿਰ ਉਸ ਤਰ੍ਹਾਂ ਬਣਾਇਆ ਸੀ। ਨਾਗੋ ਵਾਲਾ ਖੂਹ ਬਹੁਤ ਇਤਿਹਾਸ ਸਮੋਈ ਬੈਠਾ ਸੀ, ਉਹ ਪੂਰਿਆ ਗਿਆ, ਕਿਧਰੇ ਉਪਰਲੀਆਂ ਇਤਿਹਾਸਕ ਯਾਦਗਾਰਾਂ ਭੀ ਨਵੀਨੀਕਰਨ ਦੀ ਭੇਟ ਨਾ ਚੜ੍ਹ ਜਾਣ। ਹੋਰ ਨਵੇਂ ਮੰਦਿਰ ਹਾਲ ਬਣਾਉਣ ਨੂੰ ਹੋਰ ਬਹੁਤ ਜਗ੍ਹਾ ਹੈ। ਨਵੀਨੀਕਰਨ, ਸਹੂਲਤਾਂ ਭਰਪੂਰ ਸਾਰੇ ਸਾਧਨ ਉਥੇ ਬਣਾਏ ਜਾ ਸਕਦੇ ਹਨ ਜੋ ਸਮੇਂ ਮੁਤਾਬਕ ਜ਼ਰੂਰੀ ਭੀ ਹਨ, ਪਰ ਪੁਰਾਤਨ ਅਮੁਲੀਆਂ ਯਾਦਗਾਰਾਂ ਢਾਹ ਢਾਹ ਕੇ ਨਹੀਂ। ਅਗਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੋ ਪ੍ਰਵਾਨ ਕਰਦੇ ਹਨ ਫਿਰ ਉਹ ਹੀ ਸਭ ਠੀਕ ਹੈ। ਮੈਂ ਉਹ ਕੁਝ ਤਾਂ ਲਿਖਿਆ ਹੈ ਕਿ ਕੁਝ ਅਸਰ ਰਸੂਖ ਵਾਲੇ ਸੱਜਣਾ ਨੇ ਅਜਿਹੀ ਢਾਹ-ਢੁਹਾਈ ਕਰਕੇ ਨਵੀਨੀਕਰਨ ਕੀਤਾ ਸੀ ਜਿਸ 'ਤੇ ਸਤਿਗੁਰੂ ਜਗਜੀਤ ਸਿੰਘ ਜੀ ਰਾਜ਼ੀ ਨਹੀਂ ਸਨ ਹੋਏ, ਬਹੁਤ ਚਿਰ ਉਸ ਮੰਦਿਰ ਅਤੇ ਜਗ੍ਹਾਵਾਂ 'ਤੇ ਸਤਿਗੁਰੂ ਜੀ ਨਹੀਂ ਸੀ ਗਏ।

ਬਾਕੀ ਹੋਰ ਭੀ ਸਮੱਗਰੀ ਬਹੁਤ ਕੀਮਤੀ ਹੈ ਸਾਰਿਆਂ ਬਾਰੇ ਲਿਖਿਆਂ ਬਹੁਤ ਵਧ ਜਾਏਗਾ। ਇਥੇ ਹੀ ਸਮਾਪਤ ਕਰਦਾ ਹਾਂ।

*—ਤਰਸੇਮ ਸਿੰਘ ਨਾਮਧਾਰੀ*
*੧ ਮਘਰ ੨੦੬੨*
*ਕੈਨੇਡਾ*
*(ਲੇਖਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਨਿਜੀ ਸਕੱਤਰ, ਲੰਮਾ ਸਮਾਂ ਰਹੇ ਹਨ।)*

--------

ਵਰਿਆਮ ਦਾ ਨਵੰਬਰ ਅੰਕ ਮਿਲਿਆ। ਇਕੱਤੀਵੇਂ ਸਾਲ ਵਿਚ ਪ੍ਰਵੇਸ਼ ਦੀ ਵਧਾਈ ਹੋਵੇ। ਨਵੰਬਰ ਮਹੀਨੇ ਵਿਚਲੇ ਮੁੱਖ ਗੁਰਪੁਰਬ ਦੇ ਹਿੱਸੇ, ਸਿੱਖ ਧਰਮ ਦੇ ਬਾਨੀ ਸਤਿਗੁਰੂ ਨਾਨਕ ਦੇਵ ਜੀ ਦੀ ਉਦਾਸੀਆਂ ਦੇ ਪਹਿਲੇ ਪੜਾਅ ਭਾਈ ਲਾਲੋ ਦੇ ਜ਼ਿਕਰ ਨਾਲ, ਸਰਬੋਤਮ ਸੰਪਾਦਕੀ ਸ਼ਰਧਾ ਤੇ ਗੁਰਮਤਿ ਦਾ ਪ੍ਰਗਟਾਵਾ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਅਤੇ ਅਜੋਕੇ ਵਿਤੰਡਾਵਾਦ ਮੁਤੱਲਿਕ ਸ੍ਰ. ਤਰਲੋਚਨ ਸਿੰਘ ਦਾ ਲੇਖ ਗੁਰਮਤਿ ਸੇਧ ਦਿੰਦਾ ਹੈ। ਬਹੁਮਤ ਦਾ ਜ਼ੋਰ ਉਦੋਂ ਕਾਨੂੰਨੀ ਅਧਿਕਾਰ ਅਤੇ ਅਹੰਕਾਰ ਬਣ ਗਿਆ ਜਦੋਂ ਬਦੇਸੀ ਹਕੂਮਤ ਦੀ ਜੂਠੀ ਪੱਤਲਾਂ ਵਿਚੋਂ ਵੋਟਾਂ ਦੀ ਰਾਜਨੀਤੀ ਨੇ ਪੰਥਕ ਪੰਜ ਪਰਧਾਨੀ ਪੈੜਾਂ ਦਾ ਰਾਹ ਛੱਡ ਦਿਤਾ। ਗੁਰਬਾਣੀ ਦਾ ਇਕ ਸਿਖਰੀ ਸਿੱਧਾਂਤ ਹੈ (ਸ੍ਰੀ ਗੁਰੂ ਤੇਗ ਬਹਾਦੁਰ) ਭੈ ਕਾਹੂ ਕਉ ਦੇਤ ਨਾਹਿ ਨਹਿ ਭੈ ਮਾਨਤ ਆਨਿ॥ ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿਸ਼।। ਗਿਆਨ ਖੰਡ ਦੇ ਸਿਖਰ ਨਾਲ ਜੁੜਿਆ ਉਹ ਸਲੋਕ ਪਰਮਾਤਮਾ ਗਿਆਨ ਦੇ ਪਾਰੰਗਤ ਨਾਲ ਜੁੜੇ ਪੁਰਸ਼ ਦੀ ਇਕ ਪਰਿਭਾਸ਼ਾ ਨੂੰ ਪਰਗਟ ਕਰਦਾ ਹੈ, ਪਰ ਅਜੇਹੀ ਸਾਰੀਆਂ ਸ੍ਰੇਸ਼ਟਾਵਾਂ ਮਨੁੱਖੀ ਮਨ ਨੇ ਗੁਰਮਤਿ ਉਪਦੇਸ਼ ਤੇ ਆਚਰਣ ਕਰਕੇ ਹੀ ਪ੍ਰਾਪਤ ਕਰਨੀਆਂ ਹੁੰਦੀਆਂ ਹਨ। ਇਸ ਲਈ ਸਾਰਾ ਗੁਰਬਾਣੀ ਉਪਦੇਸ਼ ਸੰਸਾਰੀ ਪ੍ਰਤੀਕਾਂ-ਅਲੰਕਾਰਾਂ ਅਤੇ ਜੀਵਨ ਸ਼ੈਲੀ ਨਾਲ ਜੁੜ ਕੇ ਹੀ ਜੀਵਨ ਸੁਧਾਰ ਦਾ ਪ੍ਰਕਾਸ਼ ਬਿਖੇਰਦਾ ਹੈ। ਮਨੁਖ ਦੀ ਮਾਨਸਿਕਤਾ ਹੀ ਉਸ ਨੂੰ ਇੰਦ੍ਰੀਆਂ ਦੀ ਵਾਸਨਾ ਜਾਂ ਆਤਮਿਕ ਉੱਥਾਨ ਵੱਲ ਧਕਦੀ ਹੈ ਇਸੇ ਲਈ ਗੁਰਬਾਣੀ ਵਿਚ ਸਰਵਾਧਿਕ ਸੰਬੋਧਨ ਮਨ ਪ੍ਰਤੀ ਹੀ ਹਨ। ਸਿੱਖਾਂ ਦੀ ਮੁਖਧਾਰਾ ਕਹੀ ਜਾਣ ਵਾਲੀਆਂ ਸੰਸਥਾਵਾਂ ਦਾ ਜਨਮ ਅੰਗ੍ਰੇਜ਼ੀ ਰਾਜ ਦੇ ਸੋਸਾਇਟੀ ਐਕਟ ਅਧੀਨ ਹੁੰਦਾ ਆਇਆ ਤੇ ਅਜਿਹੀਆਂ ਸੰਸਥਾਵਾਂ ਵਿਚ ਲੋਕਮਤ ਦੇ ਬਹੁਮਤ ਦੀ ਪ੍ਰਧਾਨਗੀ ਵਿਚ ਹੀ ਇਹ ਕਹਾਵਤ ਹੌਲੀ ਹੌਲੀ ਆਪਣੀ ਹੋਣੀ ਵਰਤਾ ਦਿੰਦੀ ਹੈ— "ਦੁਨੀਆ ਮੰਨਦੀ ਜ਼ੋਰਾਂ ਨੂੰ ਲੱਖ ਲਾਅਨਤ ਹੈ ਕਮਜ਼ੋਰਾਂ ਨੂੰ" ਇਸ ਤਰ੍ਹਾਂ ਅਲਪਮਤ ਨੂੰ ਯੇਨ-ਕੇਨ-ਪ੍ਰਕਾਰੇਨ ਤੇ ਮਨ-ਬਚਨ ਤੇ ਕਰਮ ਨਾਲ ਹਮੇਸ਼ਾ ਧਮਕਾਣ ਦੀ ਆਦਤ ਵਾਲੀ ਸੰਸਥਾ ਜਾਂ ਵਿਅਕਤੀਆਂ ਨੂੰ ਆਪਣੇ ਨਾਲੋਂ ਵੱਡੀਆਂ ਸੰਸਥਾਵਾਂ ਤੋਂ ਡਰ ਲਗਾ ਰਹਿੰਦਾ ਹੈ। ਪਿਛਲੇ ਸੌ ਸਵਾ ਸੌ ਸਾਲ ਤੋਂ ਜਿਹੜੀ ਵਿਚਾਰਧਾਰਾ ਜਾਂ ਮੁੱਖ ਧਾਰਾ ਨਾਮਧਾਰੀਆਂ ਨੂੰ ਗੈਰ ਸਿੱਖ ਜਾਂ ਅਹਿਮਦੀਆਂ



Namdhari Elibrary NamdhariElibrary@gmail.com

ਸੰਗਿਆਵਾਂ ਨਾਲ ਵੰਗਾਰਦੀਆਂ ਰਹੀਆਂ ਹਨ, ਅਜ ਉਹੀ ਹਿੰਦੂ ਬਹੁਮੱਤ ਦੇ ਹਊਏ ਤੋਂ ਤ੍ਰਾਸਿਤ ਹੋ ਕੇ ਊਲ-ਜਲੂਲ ਫਤਵੇ ਜਾਰੀ ਕਰਨ ਦੇ ਮੌਕੇ ਲਭਦੀਆਂ ਹਨ ਜਿਨ੍ਹਾਂ ਦਾ ਜਿਕਰ ਸ੍ਰ. ਤਲੋਚਨ ਸਿੰਘ ਜੀ ਨੇ ਕੀਤਾ ਹੈ। ਸਵਾਲ ਪਰਸਥਿਤੀ ਦਾ ਨਹੀਂ ਸਗੋਂ ਮਾਨਸਿਕਤਾ ਦਾ ਹੈ। ਗੁਰੂ ਮਾਨਿਓ ਗ੍ਰੰਥ ਦੇ ਘੋਸ਼ਣਾਕਾਰਾਂ ਨੇ ਹੀ ਰਾਗ ਮਾਲਾ, ਭਗਤ ਬਾਣੀ, ਭੱਟ ਬਾਣੀ ਅਤੇ ਦਸਮ ਗੁਰੂ ਬਾਣੀ ਲਈ ਕਿੰਤੂ ਪਰੰਤੂ ਦੀਆਂ ਮਨਮੱਤ ਭਰੀਆਂ ਪੁਸਤਕਾਂ ਲਿਖੀਆਂ ਹਨ। ਜਦ ਤਕ ਸਿੱਖੀ ਜੀਵਨ ਸ਼ੈਲੀ ਨੂੰ ਗੁਰਬਾਣੀ ਸਿਖਿਆ ਨਾਲ ਨਾ ਜੋੜਿਆ ਜਾਵੇ ਇਹੋ-"ਰਾਹ ਸ਼ੈਤਾਨੇ ਦੁਨੀਆਂ" ਹੀ ਮਨਮਤ ਕਹੀ ਜਾਂਦੀ ਹੈ।

*ਕਰਤਾਰ ਸਿੰਘ ਨੀਲਧਾਰੀ*
*ਚੰਡੀਗੜ੍ਹ*

ਵਰਿਆਮ ਅੰਕ ਲਗਾਤਾਰ ਪਹੁੰਚ ਰਿਹਾ ਏ ਆਪ ਜੀ ਦਾ ਧੰਨਵਾਦ! ਏਹਦੇ ਵਿਚ ਵਿਦਵਾਨ ਲੇਖਕਾਂ ਵਲੋਂ ਸਮੇਂ ਸਮੇਂ ਸਿਰਜੇ ਇਤਿਹਾਸ ਦੀ ਖੋਜ ਅਤੇ ਭਰਪੂਰ ਜਾਣਕਾਰੀ, ਕਿਸ ਕਿਸੇ ਸਮੇਂ ਕੀ ਕੀ ਹੋਇਆ ਇਤਿਹਾਸਕਾਰਾਂ ਦੇ ਹਵਾਲੇ ਤੇ ਟਿਪਣੀਆਂ ਦੇ ਕੇ ਅਜ ਦਾ ਲੇਖਕ ਵਿਸਥਾਰ ਨਾਲ ਪਾਠਕਾਂ ਨੂੰ ਜਾਣਕਾਰੀ ਤੇ ਇਤਿਹਾਸ ਦੀ ਸੋਧ ਦੇ ਰਿਹਾ ਏ, ਹਰ ਅੰਕ ਨੂੰ ਬੇਸਬਰੀ ਨਾਲ ਉਡੀਕਦੇ ਹਾਂ। ਵਰਿਆਮ ਸਦਾ ਚੜ੍ਹਦੀਆਂ ਕਲਾ ਵਿਚ ਰਹੇ ਦਿਲੀ ਦੁਆ ਹੈ।

*ਢਿਲੋਂ ਪ੍ਰੀਤ*
*ਨਾਈਵਾਲਾ ਸਰਸਾ*

ਵਰਿਆਮ ਪਿਛਲੇ ਤਿੰਨ ਦਹਾਕਿਆਂ ਤੋਂ ਬਾਕਾਇਦਾ ਛਪਦਾ ਆ ਰਿਹਾ ਹੈ। ਇਸ ਸਭ ਜਗਦੀਸ਼ ਸਿੰਘ ਵਰਿਆਮ ਦੀ ਹਿਮਤ ਤੇ ਲਗਨ ਦਾ ਸਿੱਟਾ ਹੈ। ਭਾਵੇਂ ਨਾਮਧਾਰੀ ਸੰਪਰਦਾ ਦਾ ਸਮੱਰਥਨ ਵੀ ਹੈ, ਪਰ ਉੱਘੇ ਲੇਖਕਾਂ ਦਾ ਸਹਿਯੋਗ ਪ੍ਰਾਪਤ ਕਰਨਾ ਸੂਝਵਾਨ ਸੰਪਾਦਕ ਦੇ ਹਿੱਸੇ ਆਉਂਦਾ ਹੈ। ਨਵੰਬਰ ਦੇ ਅੰਕ ਵਿਚ ਕਾਵਿ ਰਚਨਾਵਾਂ ਲਗਪਗ ਸਾਰੀਆਂ ਹੀ ਭਾਵ ਪੂਰਨ ਹਨ। ਖੁਸ਼ੀ ਦੀ ਗੱਲ ਹੈ ਕਿ ਡ੍ਰਾ. ਤੇਜਵੰਤ ਮਾਨ ਵੀ ਕਵਿਤਾ ਵੱਲ ਆ ਰਹੇ ਹਨ। ਡਾ. ਨਰੇਸ਼ ਦੀ ਗ਼ਜ਼ਲ ਨੂੰ ਦੇਣ ਬਾਰੇ ਰੈਂਖ ਜੀ ਦਾ ਆਰਟੀਕਲ ਵੀ ਚੰਗਾ ਲੱਗਾ। ਸਮੁੱਚੇ ਤੌਰ ਤੇ ਪਰਚਾ ਠੀਕ ਚੱਲ ਰਿਹਾ ਹੈ।

*ਨਵਰਾਹੀ ਘੁਗਿਆਣਵੀ*
*ਨਿਊ ਹਰਿੰਦਰ ਨਗਰ, ਫ਼ਰੀਦਕੋਟ*

ਚੇਅਰਮੈਨ ਤਰਲੋਚਨ ਸਿੰਘ ਹੋਰਾਂ ਗੱਲਾਂ ਤੇ ਬੜੇ ਕੰਮ ਅਤੇ ਪਤੇ ਦੀਆਂ ਕੀਤੀਆਂ ਹਨ, ਪਰ ਸਿੱਖੀ ਦਾ ਦੁਖਾਂਤ ਹੈ ਕਿ ਕਦੇ ਤਾਂ ਇਹ ਆਨਪੜ੍ਹਾਂ ਜਾਂ ਅੱਧਪੜਿਆਂ ਅਤੇ ਕਦੇ ਬਹੁਤੇ ਹੀ ਜ਼ਿਆਦਾ ਪੜ੍ਹਿਆਂ ਦੁਆਰਾ ਵਿਆਖਿਆਈ ਜਾਂਦੀ ਹੈ। ਹੁਣ ਇਹ ਬਹੁਤੇ ਪੜ੍ਹਿਆਂ ਦੇ ਕਾਬੂ ਆਈ ਹੈ ਤੇ ਆਪਣੇ ਅਤੀਤ ਨੂੰ ਬੁਰੀ ਤਰ੍ਹਾਂ ਵਲੂੰਧਰਨ ਵਿਚ ਰੁੱਝੇ ਹਨ। ਇਹਨਾਂ ਨੂੰ ਕੋਈ ਸਮਝਾਏ ਕਿ ਇਤਿਹਾਸ ਨੂੰ ਠੀਕ ਪ੍ਰਸੰਗ ਵਿਚ ਸਮਝਣ ਲਈ ਇਤਿਹਾਸਕ ਭੌਤਕਵਾਦ ਦਾ ਪਾਠ ਜ਼ਰੂਰੀ ਹੈ। ਸੂਰਜ ਪਰਕਾਸ਼ ਤੋਂ ਵਿਰਵਿਆਂ ਹੋਈ ਸਿਖੀ ਬੜੀ ਗਰੀਬ ਹੋ ਜਾਏਗੀ। ਸਰਦਾਰ ਸਾਹਿਬ ਤੋਂ ਲੁਧਿਆਣੇ ਵੀ ਨਾਮਧਾਰੀ ਜੀ ਦੀ ਪੁਸਤਕ ਵਿਮੋਚਨ ਸਮੇਂ ਬੜੇ ਕੰਮ ਦੇ ਬਚਨ ਸੁਣੇ ਸਨ। ਕਰਤਾਰ ਸਿੰਘ ਨੀਲਧਾਰੀ ਅਤੇ ਜਸਵਿੰਦਰ ਸਿੰਘ ਹਿਸਟੋਰੀਅਨ ਹੋਰਾਂ ਨੇ ਆਪਣੇ ਇਤਿਹਾਸ ਦੀ ਵਧੀਆ ਪੇਸ਼ਕਾਰੀ ਕੀਤੀ ਹੈ। ਮਾਸਟਰ ਅਮਰੀਕ ਸਿੰਘ ਜੀ ਅਤੇ ਹਰਨੇਕ ਸਿੰਘ ਕੋਮਲ ਆਦਿ ਕਵੀ ਬਹੁਤ ਜਚੇ ਹਨ। ਪੁਰਾਣੇ ਬੇਲੀ ਦਲਬੀਰ ਸਿੰਘ ਬਾਰੇ ਵਰਿਆਮ ਜੀ ਨੇ ਸਟੀਕ ਜਾਣਕਾਰੀ ਦੇ ਕੇ ਪੁਰਸਕਾਰ ਦੀ ਖੁਸ਼ੀ ਨੂੰ ਦੋਬਾਲਾ ਕੀਤਾ ਹੈ। ਬਾਬੇ ਬੰਨੋਆਣੇ ਤੇ ਬਾਬੇ ਆਨੰਦ ਦੇ ਧੂਏਂ ਤੋਂ ਉੱਠੇ ਚੇਲੇ ਬਾਲਕੇ ਇਸ ਤਰ੍ਹਾਂ ਪ੍ਰਗਟ ਹੋਣ ਦੇ ਹੱਕਦਾਰ ਹਨ। ਉਸ ਦਾ ਵਿਅੰਗ ਜਗਤ ਤਮਾਸ਼ੇ ਵਿਚ ਬੜਾ ਮੁਖੀ ਹੁੰਦਾ ਹੈ। ਪਰਚਾ ਚੰਗਾ ਨਿਖਰਿਆ ਹੈ। ਤਸਵੀਰਾਂ ਨੇ ਵੀ ਕਸਰਾਂ ਕੱਢੀਆਂ ਹਨ। ਇਸੇ ਤੇਰੇ ਚੱਲਦੇ ਰਹਿਣਾ ਹੀ ਜੀਵਨ ਹੈ।

*ਸੁਵਰਨ ਸਿੰਘ ਵਿਰਕ*
*ਕਰੀਵਾਲਾ (ਸਿਰਸਾ)*

ਨਵੰਬਰ ੨੦੦੫ ਦੇ ਅੰਕ ਤੋਂ "ਵਰਿਆਮ" ਇੱਕਤੀਵੇਂ ਸਾਲ ਵਿਚ ਪ੍ਰਵੇਸ਼ ਕਰ ਗਿਆ ਹੈ ਬਹੁਤ ਬਹੁਤ ਵਧਾਈ। ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕਿ "ਵਰਿਆਮ" ਹੋਰ ਵੱਧੇ ਫੁੱਲੇ ਅਤੇ ਪਾਠਕਾਂ ਦਾ ਸਹਿਯੋਗ ਅਤੇ ਪਿਆਰ ਇਸਨੂੰ ਮਿਲਦਾ ਰਹੇ ਅਤੇ ਆਪ ਜੀ ਨੂੰ ਆਪ ਜੀ ਦੀਆਂ ਦਿਲੀ ਰੀਝਾਂ ਪੂਰੀ ਕਰਨ ਵਿਚ ਆਪ ਸਹਾਈ ਹੋਵੇ, ਧੰਨਵਾਦ।

*—ਮਹਿੰਦਰ ਸਿੰਘ ਮਠਾਰੂ "ਚਿਤਾਰ"*
*ਪੂਨੇ*

ਬੇਨਤੀ ਹੈ ਕਿ ਆਪ ਜੀ ਵਲੋਂ ਭੇਜੀ ਹੋਈ ਪੁਸਤਕ 'ਖਿੱਲਰੇ ਪੱਤਰੇ' ਕਾਫੀ ਚਿਰ ਪਹਿਲੋਂ ਮਿਲ ਗਈ ਸੀ ਜਿਸਨੂੰ ਮੈਂ ਦੋ ਵੇਰ ਪੜ੍ਹ ਚੁੱਕਾਂ ਹਾਂ ਸ਼ਾਇਦ ਅੱਜੇ ਤੀਸਰੀ ਵੇਰ ਭੀ ਪੜ੍ਹਾਂ। ਮੈਂ ਸਿਰਫ ਇਤਨਾ ਹੀ ਲਿਖ ਸਕਾਂਗਾ ਕਿ ਇਹ ਪੁਸਤਕ ਹਰ ਪਹਿਲੂ ਤੋਂ ਬਹੁਤ ਹੀ ਸ਼ਲਾਘਾ ਯੋਗ ਹੈ ਤੇ ਹਰ ਘਰ ਵਿਚ ਹੋਣੀ ਜ਼ਰੂਰੀ ਹੈ। ਮੈਂ ਪੂਨੇ ਫੋਨ ਕੀਤਾ ਤਾਂ ਬਰਖੁਰਦਾਰ ਮਹਿੰਦਰ ਸਿੰਘ ਮਠਾਰੂ ਨੇ ਦੱਸਿਆ ਕਿ ਅਜੇ ਉਸਨੇ ਇਹ ਬੁੱਕ ਪੜ੍ਹੀ



Namdhari Elibrary NamdhariElibrary@gmail.com

ਨਹੀਂ ਤੇ ਮੈਂ ਉਸ ਨਾਲ ਇਕਰਾਰ ਕੀਤਾ ਕਿ ਮੈਂ ਉਹਨਾਂ ਨੂੰ ਜਲੰਧਰ ਲਿਖ ਦੇਵਾਂਗਾ ਸੋ ਤੁਸੀਂ ਇਹ ਖਤ ਮਿਲਣ ਤੇ ਇਹ ਬੁੱਕ "ਖਿੱਲਰੇ ਪੱਤਰੇ" ਮਹਿੰਦਰ ਸਿੰਘ ਮਠਾੜੂ ਨੂੰ ਪੂਨੇ ਜ਼ਰੂਰ ਤੇ ਛੇਤੀ ਭੇਜ ਦੇਣੀ ਅਤੀ ਧੰਨਵਾਦੀ ਹੋਵਾਂਗਾ ਆਪ ਜੀ ਸਭ ਨੂੰ ਸਤਿ ਸ੍ਰੀ ਅਕਾਲ ।ਲਿਖਣ ਵਿਚ ਕੋਈ ਗਲਤੀ ਹੋਵੇ ਤਾਂ ਖਿਮਾਂ ਕਰਨੀ ਜੀ।

ਪਰਚਾ ਆਪ ਜੀ ਵਲੋਂ ਭੇਜਿਆ ਠੀਕ ਮਿਲ ਜਾਂਦਾ ਹੈ।

*ਰਤਨ ਸਿੰਘ ਘੱਟਾਉੜੇ*
*ਪਿਨੱਰ/ਹੈਰੋ/ਲੰਡਨ*

---

ਮੈਨੂੰ ਯਾਦ ਹੈ ਕਿ ਆਪ ਜੀ ਨਾਲ ਮੇਰੀ ਪਹਿਲੀ ਮੁਲਾਕਾਤ 'ਅਜੀਤ ਭਵਨ' ਜਲੰਧਰ ਵਿਖੇ ੧੯੭੫ ਵਿਚ ਹੋਈ ਸੀ। ਉਸੇ ਵਰ੍ਹੇ 'ਵਰਿਆਮ' ਛਪਣਾ ਆਰੰਭ ਹੋਇਆ ਸੀ। ਕੁਝ ਚਿਰ ਲਗਾਤਾਰ ਮਿਲਦਾ ਰਿਹਾ। ਸ਼ਾਇਦ ਤੁਹਾਨੂੰ ਯਾਦ ਹੋਵੇ ਕਿ ਅਸੀਂ ਇਕ ਵਾਰ ਜੰਮੂ ਵਿਖੇ ਸ. ਅਮਰ ਸਿੰਘ ਕੂਕਾ ਦੇ ਗ੍ਰਹਿ ਵਿਖੇ ਵੀ ਮਿਲੇ ਸੀ। ਫਿਰ ਆਤੰਕਵਾਦ ਦੀ ਹਨੇਰੀ ਝੁੱਲੀ। ਪਹਿਲਾਂ ਪੰਜਾਬ ਵਿਚ ਤੇ ਮਗਰੋਂ ਕਸ਼ਮੀਰ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ, ਜੋ ਅਜੇ ਵੀ ਜਾਰੀ ਹੈ। ਫਲਸਰੂਪ ਕਾਫੀ ਦੇਰ ਸੰਪਰਕ ਟੁੱਟ ਗਿਆ। ਖੁਸ਼ਕਿਸਮਤੀ ਨਾਲ ਐਤਕਾਂ ੪ ਜੂਨ ਨੂੰ ਜਲੰਧਰ ਵਿਖੇ ਮੁੜ ਆਪ ਜੀ ਦੇ ਦਰਸ਼ਨ ਹੋਏ। ਬਹੁਤ ਚੰਗਾ ਲੱਗਿਆ। ਤੁਹਾਡੀ ਆਕਰਸ਼ਮਈ ਸ਼ਖ਼ਸੀਅਤ ਤੇ ਮਿਲਣਸਾਰ ਸੁਭਾ ਤੋਂ ਅੰਦਾਜ਼ਾ ਹੁੰਦਾ ਹੈ ਕਿ ਸ਼ਾਇਦ ਇਸ ਜਹਾਨ ਵਿਚ ਤੁਹਾਡਾ ਕੋਈ ਦੁਸ਼ਮਣ ਨਹੀਂ ਹੋ ਸਕਦਾ। ਆਪ ਜੀ ਨੇ 'ਖਿੱਲਰੇ ਪੱਤਰੇ' ਦੀ ਇਕ ਕਾਪੀ ਵੀ ਭੇਟ ਕੀਤੀ ਸੀ, ਜੋ ਮੈਂ ਕੁਝ ਰੁਝੇਵਿਆਂ ਕਾਰਨ ਕਾਫੀ ਚਿਰ ਨਹੀਂ ਪੜ੍ਹ ਸਕਿਆ।

ਇਸ ਮਗਰੋਂ 'ਵਰਿਆਮ' ਪੁਜਣਾ ਵੀ ਆਰੰਭ ਹੋਇਆ। 'ਵਰਿਆਮ' ਦੀ ਹੁਣ ਨੁਹਾਰ ਹੀ ਬਦਲ ਗਈ ਹੈ— ਵਧੀਆ ਦਿਖ, ਸੋਹਣੀ ਛਪਾਈ ਅਤੇ ਮੈਟਰ ਵੀ ਮਿਆਰੀ ਹੈ। ਅਗਸਤ ਦੇ ਅੰਕ ਵਿਚ ਤਰਲੋਕ ਮਨਸੂਰ ਦੀ 'ਸ਼ਹੀਦ ਦੇ ਭਰਾ' ਨਾਲ ਮੁਲਾਕਾਤ ਦਿਲਚਸਪ ਹੈ। 'ਮਲੇਰ ਕੋਟਲੇ ਦੇ ਸ਼ਹੀਦਾਂ ਦੀ ਸੂਚੀ' ਵਾਲਾ ਲੇਖ ਸੰਖੇਪ, ਪਰ ਜਾਣਕਾਰੀ ਭਰਪੂਰ ਹੈ।

ਸਤੰਬਰ ੨੦੦੫, ਦਾ ਅੰਕ ਮੈਟਰ ਪਖੋਂ ਸ਼ਲਾਘਾਯੋਗ ਹੈ। ਪਿਆਰਾ ਸਿੰਘ ਭੋਗਲ, ਸੁਵਰਨ ਸਿੰਘ ਵਿਰਕ ਅਤੇ ਤਰਸੇਮ ਸਿੰਘ ਨਾਮਧਾਰੀ ਦੇ ਉੱਚੇ ਪੱਧਰ ਦੇ ਲੇਖ ਗੰਭੀਰ ਤੇ ਮਨਨਸ਼ੀਲ ਹਨ। ਅਕਤੂਬਰ ਦਾ ਅੰਕ ਨਹੀਂ ਮਿਲਿਆ, ਨਵੰਬਰ ਦਾ ਅੰਕ ਪੜ੍ਹ ਰਿਹਾ ਹਾਂ। ਇਵ ਨਿਰਸੰਦੇਹ ਕਿਹਾ ਜਾ ਸਕਦੈ ਕਿ ਹੁਣ 'ਵਰਿਆਮ' ਦਾ ਸ਼ੁਮਾਰ ਪੰਜਾਬੀ ਦੇ ਕੁਝ ਕੁ ਮਿਆਰੀ ਸਾਹਿਤਕ ਪਰਚਿਆਂ ਵਿਚ ਕੀਤਾ ਜਾ ਸਕਦੈ।

ਪਰ ਅਸਲ ਗੱਲ ਜੋ ਮੈਂ ਕਹਿਣ ਲੱਗਾ ਹਾਂ, ਉਹ ਹੈ 'ਖਿੱਲਰੇ ਪੱਤਰੇ' ਬਾਰੇ ਸੁਵਰਨ ਸਿੰਘ ਵਿਰਕ ਦੇ ਲੇਖ ਦੀ, ਜਿਸ ਨੇ ਝਟ ਮੇਰਾ ਧਿਆਨ ਆਪ ਜੀ ਵਲੋਂ ਭੇਟ ਕੀਤੀ ਪੁਸਤਕ ਵਲ ਮੋੜਿਆ। ਭਾਵ ਇਸ ਵਧੀਆ ਲੇਖ ਨੇ ਮੈਨੂੰ ਪੁਸਤਕ ਪੜ੍ਹਨ ਲਈ ਪ੍ਰੇਰਤ ਤੇ ਉਤੇਜਿਤ ਕੀਤਾ। ਪੜ੍ਹਨ ਲਗਿਆਂ ਮੈਂ ਮਹਿਸੂਸ ਕੀਤਾ ਜਿਵੇਂ ਘਟਨਾਵਾਂ ਦੇ ਬਿਰਤਾਂਤ ਅਤੇ ਭਾਸ਼ਾ ਨੇ ਮੈਨੂੰ ਬੰਨ੍ਹ ਕੇ ਰੱਖ ਦਿੱਤਾ ਹੋਵੇ ਅਤੇ ਅਨੁਭਵ ਹੋ ਰਿਹਾ ਸੀ ਜਿਵੇਂ ਘਟਨਾਵਾਂ ਮੇਰੀਆਂ ਅੱਖਾਂ ਸਾਹਮਣੇ ਵਾਪਰ ਰਹੀਆਂ ਹੋਣ — ਨਾਮਧਾਰੀ ਸਭਿਆਚਾਰ, ਢੋਲਕੀ ਛੈਣਿਆਂ ਦੀਆਂ ਗੂੰਜਾਂ, ੧੯੪੭ ਦੀਆਂ ਦੁਰਘਟਨਾਵਾਂ, ਖਾਂਦੇ ਪੀਂਦੇ ਲੋਕਾਂ ਦਾ ਇਵ ਉੱਜੜ ਕੇ ਪਨਾਹਗੀਰ ਜਾਂ ਸ਼ਰਨਾਰਥੀ ਹੋ ਜਾਣਾ ਜਿਵੇਂ ਚਾਣਚਕ ਭਿਖਾਰੀ ਹੋ ਗਏ ਹੋਣ, ਬੇਗੁਨਾਹ ਲੋਕਾਂ ਦੇ ਕਾਤਲਾਂ ਦਾ ਆਦਰਯੋਗ ਬਣ ਜਾਣਾ, ਫਿਰ ੧੯੪੭ ਮਗਰੋਂ ਦੀਆਂ ਰਾਜਨੀਤਕ ਲਹਿਰਾਂ ਦਾ ਉਭਰਨਾ ਅਤੇ ਆਨੰਦ ਕਾਰਜਾਂ ਦੇ ਜ਼ਿਕਰ ਨਾਲ ਪੁਸਤਕ ਦੀ ਅੰਤਕਾ ਆਦਿ ਅਤਿ ਰੋਚਕ ਤੇ ਜ਼ਿਕਰਯੋਗ ਘਟਨਾਵਾਂ ਹਨ, ਜਿਨ੍ਹਾਂ ਦਾ ਵਰਨਣ ਸਹਿਜ-ਸੁਭਾ ਤੇ ਵਧੀਆ ਸ਼ੈਲੀ ਵਿਚ ਕੀਤਾ ਗਿਆ ਹੈ। ਛੋਟੀਆਂ ਛੋਟੀਆਂ ਘਟਨਾਵਾਂ ਰਾਹੀਂ ਬਹੁਤ ਵਡੀਆਂ ਗੱਲਾਂ ਕਹਿ ਗਏ ਹੋ। ਪੁਸਤਕ ਪੜ੍ਹ ਕੇ ਮੈਂ ਨਸ਼ਿਆ ਗਿਆ। ਸੱਚ ਪੁੱਛੋ ਤਾਂ ਕਾਫੀ ਚਿਰ ਮਗਰੋਂ ਕੋਈ ਵਧੀਆਂ ਸਵੈ-ਜੀਵਨੀ ਪੜ੍ਹੀ ਹੈ। ਰਬ ਕਰੇ ਕਲਮ ਦੀ ਇਹ ਸ਼ਕਤੀ ਬਣੀ ਰਹੇ। ਮੇਰੇ ਵਲੋਂ ਇਸ ਖੂਬਸੂਰਤ ਸਵੈਜੀਵਨੀ ਦੀ ਸਿਰਜਣਾ ਲਈ ਵਧਾਈ।

ਸ. ਸੁਵਰਨ ਸਿੰਘ ਵਿਰਕ ਦਾ ਵੀ ਧੰਨਵਾਦੀ ਹਾਂ ਕਿ ਉਨ੍ਹਾਂ ਦੇ ਲੇਖ ਨੇ ਮੈਨੂੰ "ਖਿੱਲਰੇ ਪੱਤਰੇ" ਪੜ੍ਹਨ ਲਈ ਟੁੰਬਿਆ।

*ਹਰਭਜਨ ਸਾਗਰ, ਸ੍ਰੀਨਗਰ*

---

'ਵਰਿਆਮ' ਲਗਾਤਾਰ ਮਿਲ ਰਿਹਾ ਹੈ। ਕਈਵਾਰ ਲੇਟ ਪਹੁੰਚਦਾ ਹੈ। ਉਸ ਦਾ ਕਾਰਨ ਵੀ ਵਰਿਆਮ ਦੇ ਅੰਦਰੋਂ ਮਿਲ ਜਾਂਦਾ ਹੈ। ਖੈਰ ਪਰ ਅਸੀਂ ਵਰਿਆਮ ਦਾ ਇੰਤਜ਼ਾਰ ਬੇਸਬਰੀ ਨਾਲ ਕਰਦੇ ਰਹਿੰਦੇ ਹਾਂ। ਸੰਜੋਗ ਵਸ ਕਈ ਵਾਰ ਵਰਿਆਮ ਉਸ ਵਕਤ ਪਹੁੰਚਦਾ ਹੈ ਜਦੋਂ ਅਸੀਂ ਆਪਸ 'ਚ ਵਿਚਾਰਦੇ ਹਾਂ ਕਿ ਐਤਕੀਂ ਵਰਿਆਮ ਕਿਉਂ ਨਹੀਂ ਆਇਆ। ਉਸ ਦਿਨ ਦੀ ਡਾਕ ਪਹੁੰਚ ਜਾਂਦਾ ਹੈ।

ਪੰਜਾਬ ਵਿਚਲੀਆਂ ਧਾਰਮਿਕ ਅਤੇ ਸਮਾਜਕ ਅਤੇ ਸਾਹਿਤਕ ਸਰਗਰਮੀਆਂ ਦਾ ਲੇਖਾ ਜੋਖਾ ਪੜ੍ਹਨ ਨੂੰ ਮਿਲਦਾ ਹੈ। ਉਪਰੰਤ ਸਤਿਗੁਰ ਜੀ ਵਾਰੇ, ਨਾਮਧਾਰੀਆਂ ਦੀਆਂ ਸਰਗਰਮੀਆਂ ਤੋਂ ਵੀ ਜਾਣੂ ਹੋ ਜਾਂਦੇ ਹਾਂ।

ਵਰਿਆਮ ਦੇ ਲੇਖਾਂ ਦਾ ਕੀ ਕਹਿਣਾ ਹੈ। ਸਭ ਇਕ ਤੋਂ ਇਕ ਵਧੀਆ ਤੇ ਸਮਾਜਿਕ ਸੇਧ ਵਾਲੇ ਹੁੰਦੇ ਹਨ, ਕਵਿਤਾਵਾਂ ਗ਼ਜ਼ਲਾਂ ਦਾ ਵੀ ਇਕ ਸਟੈਂਡਰਡ ਬਣਾ ਕੇ ਰਖਿਆ ਹੈ। ਮੈਂ


Namdhari Elibrary NamdhariElibrary@gmail.com

ਆਪ ਜੀ ਨਾਲ ਜੁੜੇ ਸਭ ਸਾਹਿਤਕਾਰਾਂ ਦਾ ਧੰਨਵਾਦੀ ਹਾਂ। ਜਿਨ੍ਹਾਂ ਨੇ ੩੦ ਸਾਲਾਂ ਤੋਂ ਤੁਹਾਡਾ ਸਾਥ ਦਿੱਤਾ ਹੈ। ਮੈਂ ਸਮਝਦਾ ਹਾਂ ਇਹ ਸਭ ਸਤਿਗੁਰੂ ਜੀ ਦੀ ਹੀ ਕ੍ਰਿਪਾ ਹੈ।

ਪਿਛਲੇ ਕਈ 'ਵਰਿਆਮ' ਰਸਾਲਿਆਂ 'ਚ ਆਪ ਜੀ ਦੀ ਲਿਖੀ ਸਵੈ ਜੀਵਨੀ "ਖਿਲਰੇ ਪੱਤਰੇ" ਵਾਰੇ ਬਹੁਤ ਲੇਖਕਾਂ ਵਲੋਂ ਸੋਭਾ ਚਰਚਾ ਲਿਖੀ ਪੜੀ ਹੈ। ਜੀ ਕਰਦਾ ਹੈ ਅਸੀਂ ਵੀ ਪੜ੍ਹੀਏ। ਇਕ ਪੁਸਤਕ ਭੇਜਣਾ, ਕੋਰੀਅਰ ਰਾਹੀਂ ਨਾਲ ਹੀ ਕੀਮਤ ਲਿਖ ਭੇਜਣਾ, ਆਪ ਜੀ ਨੂੰ ਚੈੱਕ ਭੇਜ ਦੇਵਾਂਗਾ।

ਸੰਤ ਦਲੀਪ ਸਿੰਘ ਨਾਮਧਾਰੀ ਦੀ ਵੀ ਇਕ ਪੁਸਤਕ ਪਿਛੇ ਰਲੀਜ਼ ਹੋਈ ਸੀ। ਮੈਂ ਮੰਗਵਾਉਣ ਬਾਰੇ ਸੋਚਦਾ ਹੀ ਰਹਿ ਗਿਆ ਉਨ੍ਹਾਂ ਇਕ ਹੋਰ ਮੀਲ ਪੱਥਰ ਗੱਡ ਦਿੱਤਾ, ਉਨ੍ਹਾਂ ਦਾ ਸਿਰਨਾਮਾਂ ਭੇਜਣਾ ਪਤਰਚਾਰ ਕਰ ਸਕਾਂ।

*ਦਰਸ਼ਨ ਸਿੰਘ ਸੇਵਕ*
*ਸੰਪਾਦਕ 'ਛੱਤੀਸਗੜ੍ਹ, ਪੰਜਾਬੀ ਮੰਚ'*
*ਭਿਲਾਈ, ਜ਼ਿਲ੍ਹਾ ਦੁਰਗ, ਛੱਤੀਸਗੜ੍ਹ*

---

*(ਸੰਤ ਦਲੀਪ ਸਿੰਘ ਨਾਮਧਾਰੀ ਦਾ ਪਤਾ ਇਹ ਹੈ :- ਈ-25 ਫੋਕਲ ਪੁਆਇੰਟ ਲੁਧਿਆਣਾ )*

## ਸ. ਮੋਹਨ ਸਿੰਘ ਓਸਾਹਨ ਘਰ ਸਮਾਗਮ

ਸ. ਮੋਹਨ ਸਿੰਘ ਓਸਾਹਨ ਸਪੁੱਤਰ ਸੰਤ ਇੰਦਰ ਸਿੰਘ ਨਾਮਧਾਰੀ, ਬਸਤੀ ਬੂਰੇ ਖਾਂ ਜਲੰਧਰ, ਹਰ ਸਾਲ ਆਪਣੀ ਵਰਕਸ਼ਾਪ ਓਸਾਹਣ ਆਟੋ ਵਰਕਸ ਸੋਢਲ ਰੋਡ ਜਲੰਧਰ ਵਿਖੇ ਦੀਵਾਲੀ ਤੋਂ ਅਗਲੇ ਦਿਨ ਬਾਬਾ ਵਿਸ਼ਵਕਰਮਾ ਦਿਵਸ ਉਤੇ ਸਮਾਗਮ ਕਰਵਾਉਂਦੇ ਹਨ। ਇਸ ਵਾਰ ੨ ਨਵੰਬਰ ੨੦੦੫ ਨੂੰ ਵੀ ਉਹਨਾਂ ਦੇ ਗ੍ਰਹਿ ਅਤੇ ਵਰਕਸ਼ਾਪ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਬਲਬੀਰ ਸਿੰਘ, ਸੰਤ ਸੰਤੋਖ ਸਿੰਘ ਠੱਲੂ, ਗੁਰਿੰਦਰ ਸਿੰਘ ਮਣੀ ਅਤੇ ਵਾਰੇ ਦੇ ਜਥੇ ਨੇ ਕੀਤਾ। ਉਪਰੰਤ ਇਕ ਪਾਠ ਦਾ ਭੋਗ ਪਾਇਆ ਗਿਆ। ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ, ਸੰਤ ਜਗੀਰ ਸਿੰਘ, ਸੰਤ ਦੀਪ ਸਿੰਘ ਸਕੱਤਰ ਨਾਮਧਾਰੀ ਗੁਰਦੁਆਰਾ ਬਸਤੀ ਬੂਰੇ ਖਾਂ, ਸੂਬਾ ਜੁਗਿੰਦਰ ਸਿੰਘ ਨੇ ਵਿਚਾਰ ਰਖੇ ਅਤੇ ਪਰਸਿਧ ਕਵੀ ਤੁਲੀ ਫਕੀਰ ਚੰਦ ਨੇ ਕਵਿਤਾ ਪੜ੍ਹ ਕੇ ਸੁਣਾਈ। ਇਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਕ ਰੰਗਦਾਰ ਬਹੁਤ ਸੁੰਦਰ ਪੋਜ਼ ਵਾਲੀ ਤਸਵੀਰ ਸ. ਮੋਹਨ ਸਿੰਘ ਹੋਰਾਂ ਛਪਵਾ ਕੇ ਵੰਡੀ। ਅੰਤ ਉਤੇ ਗੁਰੂ ਕਾ ਲੰਗਰ ਖੁਲਾ ਵਰਤਾਇਆ ਗਿਆ ਜੋ ਸਭ ਇਲਕਾ ਨਿਵਾਸੀਆਂ ਵੀ ਛੱਕਿਆ।

ਸਮਾਇਲ

## ਗੋਰਿਆਂ ਦਾ ਜਹਾਜ਼

ਗੋਰਾਇਆ ਤੋਂ ਜੰਡਿਆਲਾ ਜਾਣ ਲਈ ਜਦੋਂ ਮਿੰਨੀ ਬੱਸ ਵਿਚ ਚੜ੍ਹਿਆ ਤਾਂ ਦੇਖਿਆ ੧੪-੧੫ ਪ੍ਰਵਾਸੀ ਮਜ਼ਦੂਰ (ਕਾਲੇ ਸਿਆਹ ਰੰਗ ਦੇ) ਸਾਰੀਆਂ ਸੀਟਾਂ ਤੇ ਬੈਠੇ ਹਨ। ਜਦੋਂ ਬੱਸ ਬੁੰਡਾਲੇ ਆਈ, ਤਾਂ ਉਥੋਂ ਇੰਗਲੈਂਡ ਤੋਂ ਆਈਆਂ ਹੋਈਆਂ ਦੋ ਖੁਸ਼ ਮਿਜ਼ਾਜ ਜੱਟੀਆਂ ਹੋਰਨਾਂ ਸਵਾਰੀਆਂ ਦੇ ਨਾਲ ਚੜ੍ਹੀਆਂ। ਕੀ ਦੇਖਦੀਆਂ ਹਨ — ਕੋਈ ਸੀਟ ਖਾਲੀ ਨਹੀਂ ਹੈ। ਕੰਡਕਟਰ ਟਿਕਟ ਕੱਟਣ ਆਇਆ ਤਾਂ ਇਕ ਵਲੈਤਣ ਨੇ ਬੜੇ ਮਜ਼ਾਕੀਆ ਲਹਿਜੇ ਨਾਲ ਉਸਨੂੰ ਕਿਹਾ— 'ਹੈਹਾ ਵੇ, ਸਾਰਾ ਜਹਾਜ਼ ਤਾਂ ਗੋਰਿਆਂ ਨਾਲ ਭਰਿਆ ਪਿਆ ਐ... ਬੈਠੀਏ ਕਿੱਥੇ ?" ਉਸਦੀ ਏਨੀ ਗੱਲ ਸੁਣਕੇ ਸਾਰੀਆਂ ਖੜ੍ਹੀਆਂ ਪੋਡੂ ਸਵਾਰੀਆਂ ਖਿੜਖਿੜਾ ਕੇ ਹੱਸ ਪਈਆਂ ਤੇ ਜੰਡਿਆਲੇ ਤੱਕ ਹੱਸਦੀਆਂ ਹੀ ਰਹੀਆਂ।

## ਪੇਟ ਦਰਦ ਦੀ ਦਵਾ

-ਇਸ ਵਾਰ ਜੱਪ ਪ੍ਰਯੋਗ ਮੇਲੇ ਤੇ ਵਰਿਆਮ ਦੇ-ਸਟਾਲ ਤੇ ਕਵੀਜਨਾਂ ਦੀ ਬੈਠਕ ਹੋ ਰਹੀ ਸੀ। ਸਭ ਆਪੋ-ਆਪਣੀਆਂ ਗੱਪਾਂ ਹਾਂਕ ਰਹੇ ਸਨ। ਮਾ. ਅਮਰੀਕ ਸਿੰਘ ਨੇ ਇਕ ਚੁਟਕਲਾ ਸੁਣਾਇਆ। ਕਹਿਣ ਲੱਗਾ,

ਇਕ ਬੰਦੇ ਨੂੰ ਪੇਟ ਦਰਦ ਹੋ ਰਿਹਾ ਸੀ। ਉਹ ਡਾਕਟਰ ਕੋਲ ਗਿਆ। ਡਾਕਟਰ ਨੂੰ ਕਹਿੰਦਾ— "ਡਾਕਟਰ ਸਾਹਿਬ, ਮੈਨੂੰ ਬਹੁਤ ਜ਼ਿਆਦਾ ਪੇਟ ਦਰਦ ਹੋ ਰਿਹਾ "ਹੈ, ਕੋਈ, ਦਵਾਈ ਦਿਓ।" ਡਾਕਟਰ ਪੁੱਛਣ ਲੱਗਾ— "ਤੂੰ ਖਾਧਾ ਕੀ ਸੀ ?" "ਜੀ ਮੈਂ, ਅੱਜ ਚਾਰ ਬੇਹੀਆਂ ਰੋਟੀਆਂ ਖਾਧੀਆਂ ਸਨ।" ਮਰੀਜ਼ ਨੇ ਦੱਸਿਆ। ਡਾਕਟਰ ਨੇ ਆਪਣੇ ਕੰਪੋਡਰ ਨੂੰ ਵਾਜ ਮਾਰੀ— "ਕਾਕਾ ਔਥੋਂ ਦਾਰੂ ਲਿਆਈਂ"। "ਡਾਕਟਰ ਜੀ ਦੁਖਦਾ ਤਾਂ ਮੇਰਾ ਪੇਟ ਐ... ਇਹ ਦਾਰੂ ਕੀ ਕਰਨਾ ?" ਮਰੀਜ਼ ਨੇ ਪੁਛਿਆ। ਡਾਕਟਰ ਕਹਿਣ ਲੱਗਾ— "ਇਹ ਦਾਰੂ ਤੇਰੀਆਂ ਅੱਖਾਂ ਵਿਚ ਪਾਣਾ... ਤਾਂ ਕਿ ਤੂੰ ਅੱਗੋਂ ਤੋਂ ਰੋਟੀਆਂ ਦੇਖ ਕੇ ਖਾਇਆ ਕਰੇਂ! ਰੋਟੀਆਂ ਬੇਹੀਆਂ ਹਨ ਕਿ ਸੱਜਰੀਆਂ।" ਮਾਸਟਰ ਜੀ ਦੀ ਗੱਲ ਸੁਣਕੇ ਸਾਰੇ ਕਵੀ ਇਕਦਮ ਹੱਸਦੇ ਹੱਸਦੇ ਲੋਟ ਪੋਟ ਹੋ ਗਏ।

—ਬਲਦੇਵ ਮਾਧੋਪੁਰੀ


Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-BORE GUNS

## Free India Gun Manufacturers

**Prop. S. KARTAR SINGH (Jammu-Wale)**

**6, Industrial Estate, Ashok Nagar,**
**Jammu Cantt-3**
**Ph. : 433810**

**Sister Concern :**

**M/s Kartar Singh**

**ARMS & AMMUNITION DEALERS**



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

❖ ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ

❖ ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

❖ Automatic machines for producing Biscuits

❖ Automatic machines for producing Wafers

and

Makers of High quality Biscuits

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84  Fax :— +91-40--4530475*

*E-mail:amber @hd1.vsnl.net.in*

| Balvinder Pal Singh | Lakhbir Singh Muchhal | Sukhwinder Kaur |
|---|---|---|
| *Manging Director* | *Director* | *Director* |
| *Ph.: 9391048734* | *Ph.: 9848050607* | *Ph.: 9391046298* |





Namdhari Elibrary NamdhariElibrary@gmail.com



ਪੰਜ ਦਿਨ ਚਲਨ ਵਾਲਾ "ਮੇਲਾ ਗਦਰੀ ਬਾਬਿਆਂ ਦਾ" ਦੇਸ਼ ਭਗਤ ਹਾਲ ਜਲੰਧਰ ਦਾ ਮੁਖ ਸਮਾਗਮ ੩੦ ਅਕਤੂਬਰ ੨੦੦੫ ਨੂੰ ਸੀ। ਸਦਾ ਵਾਂਗ ਸੰਗੀਤ ਪ੍ਰੋਗਰਾਮ ਦਾ ਆਰੰਭ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਭੇਜੇ ਨਾਮਧਾਰੀ ਕਲਾਕਾਰਾਂ ਨੇ ਸੰਗੀਤ ਮਈ ਧੁਨਾਂ ਨਾਲ ਕੀਤਾ। ਕਲਾਕਾਰ ਹਨ ਤਾਰ ਸ਼ਹਿਨਾਈ ਵਾਦਕ ਦਵਿੰਦਰ ਸਿੰਘ ਅਤੇ ਤਬਲਾ ਕਲਾਕਾਰ ਗੁਰਿੰਦਰ ਸਿੰਘ ਮਣੀ।

ਨਾਮਧਾਰੀ ਕਲਾਕਾਰਾਂ ਦਾ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵਲੋਂ ਸਨਮਾਨ ਕਰਦੇ ਹੋਏ, ਸ. ਜਗਦੀਸ਼ ਸਿੰਘ ਵਰਿਆਮ, ਕਾ. ਗੁਰਮੀਤ ਸਿੰਘ ਅਤੇ ਕਾਮਰੇਡ ਅਮੋਲਕ ਸਿੰਘ।





ਪਿਛਲੇ ਦਿਨੀਂ ਮਾਲੇਰਕੋਟਲਾ ਵਿਖੇ ਪੈਰਾਂ ਹੇਠ ਢੀਮਾਂ ਰੱਖ ਕੇ ਤੋਪ ਦਾ ਹਾਣੀ ਹੋਣ ਵਾਲੇ ਸ਼ਹੀਦ ਵਰਿਆਮ ਸਿੰਘ ਦੇ ਪਿੰਡ ਮਹਿਰਾਜ ਵਿਖੇ ਸ਼ਹੀਦ ਨੂੰ ਸਮਰਪਿਤ ਰੁਜ਼ਗਾਰ ਪ੍ਰਾਪਤੀ ਚੇਤਨਾ ਮੁਹਿਮ ਅਧੀਨ ਕਨਵੈਨਸ਼ਨ ਕੀਤੀ ਗਈ। ਇਸ ਅਵਸਰ ਦੀ ਇਕ ਤਸਵੀਰ ਸੰਤ ਭਗਵੰਤ ਸਿੰਘ ਸੂਬਾ ਸੁਰਿੰਦਰ ਕੌਰ ਖਰਲ, ਸੂਬਾ ਜਰਨੈਲ ਸਿੰਘ, ਸੰਤ ਜਸਵੰਤ ਸਿੰਘ, ਡਾ. ਲਖਵੀਰ ਸਿੰਘ ਅਤੇ ਸੰਤ ਹਰਦੇਵ ਸਿੰਘ ਵੀ ਇਸ ਸਮੇਂ ਹਾਜ਼ਰ ਸਨ।

Namdhari Elibrary NamdhariElibrary@gmail.com

Registered No. PB (0016) 2003-05 Montholy Wariam Ladowali Road, Jalandhar-144 001
Regd. RNI No. 26453/75 December, 2005




# NAMDHARI SEEDS

ਤੁਹਾਡੀ ਖੁਸ਼ਹਾਲੀ ਦੀ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ
ਫੂਲ ਗੋਭੀ : N.S. 60, N.S. 84 ਅਤੇ N.S. 90
ਭਿੰਡੀ : ਅਰਕਾ ਅਨਾਮਿਕਾ
ਤਰਬੂਜ਼ : N.S. 295 (ਸਮਰ ਸਵੀਟ) N.S. 246
ਖਰਬੂਜਾ : N.S. 7455 ਅਤੇ ਅਭੀਜੀਤ
ਲੌਕੀ (ਘੀਆ) : ਕਾਵੇਰੀ
ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

## ਨਾਮਧਾਰੀ ਸੀਡਜ਼ ਪ੍ਰ: ਲਿ:

Head Office:
**Namdhari Seeds Pvt. Ltd.**
Bidadi - Banglore (India)
Tel. : 080 - 72 82 653
72 82 654
City Office:080- 8602167
Fax :080 8602168
ਰੀਜਨਲ ਆਫਿਸ :
ਪਿੰਡ ਰਾਈਆਂ ਕੁਹਾੜਾ ਮਾਛੀਵਾੜਾ
ਰੋਡ ਜ਼ਿਲਾ ਲੁਧਿਆਣਾ
ਫੋਨ : 0161- 2834036, 2834420
ਮੋਬਾਇਲ : 98154-33100, 98152-33116


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 2222543, ਨਿਵਾਸ : 2456289

Namdhari Elibrary NamdhariElibrary@gmail.com